ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 88 |13 Sept. to 19 Sept., 2023 | Ph.: (510) 240-5949 | Email: asrtimes@gmail.com




# ਭਾਰਤ ਨੇ ਕੀ ਖੱਟਿਆ ਤੇ ਕੀ ਗਵਾਇਆ?

## ਅੰਤਰਰਾਸ਼ਟਰੀ ਪੱਧਰ ’ਤੇ ਗੂੰਜਿਆ ‘ਭਾਰਤ’ ਦਾ ਨਾਂਅ













## ਕੀ ਅਗਲੀਆਂ ਚੋਣਾਂ ’ਚ ਭਾਜਪਾ ਨੂੰ ਮਿਲੇਗਾ ਜੀ 20 ਸੰਮੇਲਨ ਦਾ ਸਿਆਸੀ ਲਾਭ ?

ਜੀ-20 ਸਿਖਰ ਸੰਮੇਲਨ 2023 ਸਫ਼ਲਤਾ ਪੂਰਵਕ ਸੰਪੰਨ ਹੋ ਗਿਆ ਹੈ। ਜੀ-20 ਸੰਮੇਲਨ ਦੇ ਪਹਿਲੇ ਦਿਨ ਯਾਨੀ 9 ਸਤੰਬਰ ਨੂੰ ਦੋ ਸੈਸ਼ਨ ਵਨ ਅਰਥ ਐਂਡ ਵਨ ਫੈਮਿਲੀ ਅਤੇ ਦੂਜੇ ਦਿਨ 10 ਸਤੰਬਰ ਨੂੰ ਇੱਕ ਸੈਸ਼ਨ ਵਨ ਫਿਊਚਰ ਦਾ ਆਯੋਜਨ ਕੀਤਾ ਗਿਆ। ਦੁਨੀਆਂ ਦਾ ਸਭ ਤੋਂ ਤਾਕਤਵਰ ਦੇਸ਼ ਕਹੇ ਜਾਣ ਵਾਲੇ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਜੋ ਬਿਡੇਨ ਸਮੇਤ ਦਿੱਲੀ ਵਿੱਚ ਇਕੱਠੇ ਹੋਏ ਸਾਰੇ ਗਲੋਬਲ ਨੇਤਾਵਾਂ ਨੇ ਭਾਰਤ ਦੀ ਇਸ ਸਫ਼ਲ ਪ੍ਰਧਾਨਗੀ ਲਈ ਸ਼ਲਾਘਾ ਕੀਤੀ। ਦਿੱਲੀ ਵਿੱਚ ਹੋਏ ਸਿਖਰ ਸੰਮੇਲਨ ਦੌਰਾਨ ਜੀ-20 ਸਮੂਹ ਵਿੱਚ ਅਫ਼ਰੀਕੀ ਸੰਘ ਨੂੰ ਵੀ ਸ਼ਾਮਲ ਕੀਤਾ ਗਿਆ ਸੀ।ਇਸ ਦੌਰਾਨ ਦੁਨੀਆਂ ਦੀਆਂ ਨਜ਼ਰਾਂ ਨਵੀਂ ਦਿੱਲੀ ’ਚ ਹੋਏ ਜੀ-20 ਸੰਮੇਲਨ ’ਤੇ ਟਿਕੀਆਂ ਰਹੀਆਂ, ਇਸ ਮੌਕੇ ਦੁਵੱਲੀਆਂ ਮੀਟਿੰਗਾਂ ਵੀ ਹੋਈਆਂ। ਪੂਰੀ ਦੁਨੀਆਂ ਦੇ ਮੀਡੀਆ ਨੇ ਇਨ੍ਹਾਂ ਮੀਟਿੰਗਾਂ ’ਤੇ ਨਜ਼ਰ ਰੱਖੀ। ਨਵੀਂ ਦਿੱਲੀ ’ਚ ਹੋਏ ਜੀ-20 ਸੰਮੇਲਨ ’ਚ ਕਿਹੜੇ-ਕਿਹੜੇ ਪੰਜ ਵੱਡੇ ਫ਼ੈਸਲੇ ਲਏ ਗਏ ਹਨ, ਜਿਨ੍ਹਾਂ ਦਾ ਭਵਿੱਖ ’ਚ ਦੁਨੀਆਂ ’ਤੇ ਹਾਂਪੱਖੀ ਅਤੇ ਨਾਂਹ ਪੱਖੀ ਪ੍ਰਭਾਵ ਪੈ ਸਕਦਾ ਹੈ, ਇਹ ਆਉਣ ਵਾਲਾ ਸਮਾਂ ਦਸੇਗਾ। ਹੁਣ ਵੱਡਾ ਸਵਾਲ ਇਹ ਪੈਦਾ ਹੋ ਰਿਹਾ ਹੈ ਕਿ ਜੀ 20 ਸੰਮੇਲਨ ਨਾਲ ਭਾਰਤ ਨੇ ਕੀ ਖੱਟਿਆ ਤੇ ਕੀ ਗਵਾਇਆ ਹੈ ? ਇਸ ਸੰਮੇਲਨ ਦੀ ਸਫ਼ਲਤਾ ਸਬੰਧੀ ਵੱਖ- ਵੱਖ ਵਿਦਵਾਨਾਂ ਦੇ ਵੱਖ- ਵੱਖ ਵਿਚਾਰ ਹਨ। ਵੱਡੀ ਗਿਣਤੀ ਵਿਦਵਾਨ ਇਸ ਸੰਮੇਲਨ



ਨੂੰ ਮੋਦੀ ਸਰਕਾਰ ਦੀ ਇੱਕ ਪ੍ਰਾਪਤੀ ਦੱਸ ਰਹੇ ਹਨ, ਜਦੋਂ ਕਿ ਕੁਝ ਵਿਦਵਾਨ ਇਹ ਕਹਿ ਰਹੇ ਹਨ ਕਿ ਜਿਹੜੀਆਂ ਚੰਗੀਆਂ ਗੱਲਾਂ ਇਸ ਸੰਮੇਲਨ ਵਿੱਚ ਕੀਤੀਆਂ ਗਈਆਂ, ਉਹ ਚੰਗੀਆਂ ਗੱਲਾਂ ਅਜੇ ਤੱਕ ਭਾਰਤ ਵਿੱਚ ਲਾਗੂ ਹੀ ਨਹੀਂ ਕੀਤੀਆਂ ਗਈਆਂ। ਇਸ ਤਰਾਂ ਗੋਦੀ ਮੀਡੀਆ ਦੀਆਂ ਅਤਿਕਥਨੀ ਵਾਲੀਆਂ ਸੁਰਖ਼ੀਆਂ ਅਤੇ ਚਮਕਦਾਰ ਘਟਨਾਵਾਂ ਨੂੰ ਸਫ਼ਲਤਾ ਦਾ ਪੈਮਾਨਾ ਮੰਨਣਾ ਸ਼ਾਇਦ ਆਪਣੇ ਆਪ ਨੂੰ ਕਮਜ਼ੋਰ ਕਰ ਰਿਹਾ ਹੈ।

ਜੀ-20 ਸੰਮੇਲਨ ’ਚ ਲਏ ਗਏ ਪੰਜ ਵੱਡੇ ਫ਼ੈਸਲੇ :

1. ਅਫ਼ਰੀਕਣ ਯੂਨੀਅਨ ਨੂੰ ਜੀ-20 ਵਿੱਚ ਸ਼ਾਮਲ ਕੀਤਾ ਗਿਆ। ਅਫ਼ਰੀਕੀ ਸੰਘ ਵਿੱਚ

(ਬਾਕੀ ਸਫ਼ਾ 29 ’ਤੇ)

### ਭਾਰਤ ਨੇ ਖ਼ਰਚੇ 4100 ਕਰੋੜ ਰੁਪਏ

ਭਾਰਤ ਸਰਕਾਰ ਨੇ ਜੀ-20 ਸੰਮੇਲਨ ਲਈ ਭਾਰੀ ਖਰਚ ਕੀਤਾ ਹੈ। ਸਰਕਾਰੀ ਰਿਕਾਰਡ ਮੁਤਾਬਕ 9-10 ਸਤੰਬਰ ਨੂੰ ਹੋਏ ਇਸ ਸੰਮੇਲਨ ’ਤੇ 4,100 ਕਰੋੜ ਰੁਪਏ (ਜੀ-20 ਸੰਮੇਲਨ ਦੀ ਲਾਗਤ) ਤੋਂ ਵੱਧ ਦੀ ਲਾਗਤ ਆਈ ਹੈ। ਰਿਕਾਰਡ ਦੇ ਅਨੁਸਾਰ, ਇਹਨਾਂ ਖਰਚਿਆਂ ਨੂੰ ਮੋਟੇ ਤੌਰ ’ਤੇ ਲਗਭਗ 12 ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਸਾਲ 2023-24 ਦੇ ਬਜਟ ਵਿੱਚ ਜੀ-20 ਸੰਮੇਲਨ ਦੀ ਪ੍ਰਧਾਨਗੀ ਲਈ 990 ਕਰੋੜ ਰੁਪਏ ਰੱਖੇ ਗਏ ਸਨ। ਇਸ ਤਰ੍ਹਾਂ, ਅਸਲ ਖਰਚਾ ਬਜਟ ਤੋਂ ਲਗਭਗ ਚਾਰ ਗੁਣਾ ਹੈ। ਸਰਕਾਰ ਨੇ ਇਸ ਸਮਾਗਮ ਲਈ ਦਿੱਲੀ ਦੇ ਸੁੰਦਰੀਕਰਨ ਵਿੱਚ ਭਾਰੀ ਖਰਚ ਕੀਤਾ ਹੈ।

ਆਲੀਸ਼ਾਨ ਸਮਾਗਮ ਦਾ ਮਕਸਦ ਸਿਰਫ਼ ਸਿਆਸੀ :ਜੇਕਰ ਮੋਦੀ ਸਰਕਾਰ ਇਨ੍ਹਾਂ ਨੇਕ ਕੰਮਾਂ ਨੂੰ ਦੇਸ਼ ਵਿੱਚ ਲਾਗੂ ਕਰਨ ਲਈ ਉਪਰਾਲੇ ਨਹੀਂ ਕਰਦੀ ਤਾਂ ਇਹ ਮੰਨਿਆ ਜਾਵੇਗਾ ਕਿ ਜਨਤਾ ਦੇ ਟੈਕਸ ਦੇ ਪੈਸੇ ਨਾਲ ਕਰਵਾਏ ਗਏ ਇਸ ਆਲੀਸ਼ਾਨ ਸਮਾਗਮ ਦਾ ਮਕਸਦ ਸਿਰਫ਼ ਸਿਆਸੀ ਹੈ।

(ਬਾਕੀ ਸਫ਼ਾ 29 ’ਤੇ)

## ਜੀ 20 ਭਾਵ ਗਰੁੱਪ ਆਫ਼ 20




ਜੀ 20 ਇੱਕ ਅਜਿਹੇ ਦੇਸ਼ਾਂ ਦਾ ਗਰੁੱਪ ਹੈ, ਜੋ ਦੁਨੀਆਂ ਦੀ 60 ਫ਼ੀਸਦੀ ਆਬਾਦੀ ਦੀ ਨੁਮਾਇੰਦਗੀ ਕਰਦਾ ਹੈ। ਇਹ 20 ਦੇਸ਼ 75 ਫ਼ੀਸਦੀ ਦੁਨੀਆਂ ਦਾ ਵਪਾਰ ਕਰਦੇ ਹਨ ਅਤੇ 85 ਫ਼ੀਸਦੀ ਜੀ.ਡੀ.ਪੀ ਇਹਨਾਂ ਦੇਸ਼ਾਂ ਦੇ ਕੋਲ ਹੈ। ਜੀ 20 ਚਲਾਉਣ ਦਾ ਏਜੰਡਾ ਤਿੰਨ ਦੇਸ਼ਾਂ ਕੋਲ ਹੁੰਦਾ ਹੈ। ਜਿਵੇਂ ਪਹਿਲਾਂ ਇੰਡੋਨੇਸ਼ੀਆ ਕੋਲ ਸੀ, ਹੁਣ ਇੰਡੀਆ ਦੇ ਕੋਲ ਹੈ ਅਤੇ ਭਵਿੱਖ ਵਿੱਚ ਬ੍ਰਾਜ਼ੀਲ ਕੋਲ ਹੋਵੇਗਾ। ਜੀ 20 ਤੋਂ ਪਹਿਲਾਂ ਜੀ -7 ਗਰੁੱਪ ਦੀ ਹੋਂਦ ਵਿੱਚ ਸੀ। 1999 ਵਿੱਚ ਜੀ 7 ਦੀ ਤਰਾਂ ਜੀ 20 ਹੋਂਦ ਵਿੱਚ ਆਇਆ। ਜੀ 7 ਨੇ ਸੋਚਿਆ ਕਿ ਹੋਰਨਾਂ ਦੇਸ਼ਾਂ ਦੀ ਹਮਾਇਤ ਵੀ ਜ਼ਰੂਰੀ ਹੈ, ਜਿਸ ਕਰਕੇ ਇਹ ਜੀ 20 ਬਣਿਆ। ਅਸਲ ਵਿੱਚ 2008 ਦੇ ਵਿੱਤੀ ਘਾਟੇ ਦੇ ਬਾਅਦ ਸੰਸਾਰ ਪੱਧਰੀ ਲੀਡਰਾਂ ਨੇ ਜੀ 20 ਦੇ ਮਸਲੇ ’ਤੇ ਸੀਰੀਅਸਲੀ ਸੋਚਣਾ ਆਰੰਭ ਕਰ ਦਿੱਤਾ ਸੀ। ਜੀ 20 ਦੇ ਕੰਮ ਕਰਨ ਦੇ ਦੋ ਟ੍ਰੈਕ ਹੁੰਦੇ ਹਨ। ਇੱਕ ਵਿੱਤੀ ਤੇ ਇੱਕ ਸ਼ੇਰਪਾ ਟ੍ਰੈਕ। ਵਿੱਤੀ ਟ੍ਰੈਕ ਵਿੱਚ ਵਿੱਤ ਮੰਤਰੀ ਵੱਖ- ਵੱਖ ਦੇਸ਼ਾਂ ਦੇ ਸੈਂਟਰਲ ਬੈਂਕ ਪਾਲਿਸੀ ’ਤੇ ਵਿਚਾਰ ਵਟਾਂਦਰਾ ਕਰਦੇ ਹਨ। ਜਿਵੇਂ ਵਿਸ਼ਵ ਪੱਧਰੀ ਆਰਥਿਕ ਵਿਕਾਸ, ਟੈਕਸ ਸੂਚਨਾ

(ਬਾਕੀ ਸਫ਼ਾ 29 ’ਤੇ)

## ਕੀ ਸੰਮੇਲਨ ਦੀਆਂ ਚੰਗੀਆਂ ਗੱਲਾਂ ਭਾਰਤ ’ਚ ਹੋਣਗੀਆਂ ਲਾਗੂ ?

ਜੀ-20 ਸੰਮੇਲਨ ਦੌਰਾਨ ਕਈ ਚੰਗੀਆਂ ਗੱਲਾਂ ਕਹੀਆਂ ਗਈਆਂ। ‘ਵਸੁਧੈਵ ਕੁਟੁੰਬਕਮ’ ਤੋਂ ਲੈ ਕੇ ਔਰਤਾਂ ਦੀ ਭਾਗੀਦਾਰੀ ਵਧਾਉਣ ਤੱਕ, ਜਲਵਾਯੂ ਪਰਿਵਰਤਨ ਨਾਲ ਜੁੜੀਆਂ ਚਿੰਤਾਵਾਂ ਤੋਂ ਲੈ ਕੇ ਗਲੋਬਲ ਸਾਊਥ ’ਤੇ ਕੰਮ ਕਰਨ ਤੱਕ ਗੱਲਾਂ ਕੀਤੀਆਂ ਗਈਆਂ। ਸ਼ਾਇਦ ਸਭ ਤੋਂ ਅਹਿਮ ਸਵਾਲ ਇਹ ਹੋਵੇਗਾ ਕਿ ਕੀ ਦੁਨੀਆਂ ਦੀ ਅਗਵਾਈ ਕਰਨ ਦੀ ਇੱਛਾ ਰੱਖਣ ਵਾਲਾ ਭਾਰਤ ਇਨ੍ਹਾਂ ਚੰਗੀਆਂ ਗੱਲਾਂ ਨੂੰ ਆਪਣੇ ਦੇਸ਼ ਵਿੱਚ ਲਾਗੂ ਕਰ ਰਿਹਾ ਹੈ ? ਬੇਸ਼ੱਕ, ਸਾਰੇ ਮੁੱਦੇ ਦੇਸ਼ ਦੀ ਅੰਦਰੂਨੀ ਨੀਤੀ ਅਤੇ ਪ੍ਰਣਾਲੀ ਨਾਲ ਸਬੰਧਿਤ ਨਹੀਂ ਹਨ, ਪਰ ਕੀ ਇਹ ਮਹਾਂਦੀਪ ਇੱਕ ਚੰਗੇ ਸਮਾਜ ਦੇ ਉਨ੍ਹਾਂ ਜ਼ਰੂਰੀ ਗੁਣਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ? ਜੇ ਤੁਸੀਂ ਆਪਣੇ ਦਿਲ ’ਤੇ ਹੱਥ ਰੱਖਦੇ ਹੋ ਅਤੇ ਜਵਾਬ ਲਈ ਮਹਿਸੂਸ ਕਰਦੇ ਹੋ, ਤਾਂ ਸ਼ਾਇਦ ਤੁਹਾਨੂੰ ਉੱਥੇ ‘ਵੱਡੀ ਨਾਂਹ’ ਮਿਲੇਗੀ। ਵਿਸ਼ੇਸ਼ ਤੌਰ ’ਤੇ ਇਸ ਮੌਕੇ ਇਹ ਦੇਖਣਾ ਚਾਹੀਦਾ ਹੈ ਕਿ ਭਾਰਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਈ ਤਰੀਕਿਆਂ ਨਾਲ ਅਤੇ ਕਈ ਮੌਕਿਆਂ ’ਤੇ ‘ਲੋਕਤੰਤਰ ਦੀ

(ਬਾਕੀ ਸਫ਼ਾ 29 ’ਤੇ)

## ਜੀ-20 ਤੋਂ ਭਾਰਤ ਅਤੇ ਦੁਨੀਆਂ ਨੂੰ ਕੀ ਮਿਲਿਆ ?

ਭਾਰਤ-ਮੱਧ ਪੂਰਬ-ਯੂਰਪ ਆਰਥਿਕ ਕੋਰੀਡੋਰ: ਕਾਨਫ਼ਰੰਸ ਦੇ ਪਹਿਲੇ ਦਿਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਅਤੇ ਹੋਰ ਵਿਸ਼ਵ ਨੇਤਾਵਾਂ ਨੇ ਨਵੀਂ ਰੇਲ ਅਤੇ ਸ਼ਿਪਿੰਗ ਕੋਰੀਡੋਰ ਯੋਜਨਾ (ਭਾਰਤ-ਮੱਧ ਪੂਰਬ-ਯੂਰਪ ਆਰਥਿਕ ਗਲਿਆਰਾ) ਦਾ ਐਲਾਨ ਕੀਤਾ।

ਇਹ ਕਾਰੀਡੋਰ ਮੱਧ ਪੂਰਬ ਰਾਹੀਂ ਭਾਰਤ ਅਤੇ ਯੂਰਪ ਨੂੰ ਜੋੜੇਗਾ। ਜ਼ਾਹਿਰ ਹੈ ਕਿ ਜਿਨ੍ਹਾਂ ਦੇਸ਼ਾਂ ’ਚੋਂ ਇਹ ਕਾਰੀਡੋਰ ਲੰਘੇਗਾ, ਉਨ੍ਹਾਂ ਦੇਸ਼ਾਂ ਦੀ ਆਰਥਿਕ ਵਿਵਸਥਾ ਮਜ਼ਬੂਤ ਹੋਵੇਗੀ। ਇਸ ਨੂੰ ਚੀਨ ਦੇ ਬਹੁਤ ਹੀ ਮਹੱਤਵਪੂਰਨ ਬੀ.ਆਰ.ਆਈ. ਦੇ ਮੁਕਾਬਲੇ ਵਜੋਂ ਦੇਖਿਆ ਜਾ ਰਿਹਾ ਹੈ। ਜੀ- 20 ਦਿੱਲੀ ਐਲਾਨਨਾਮਾ: ਭਾਰਤ ਦੀ ਕੂਟਨੀਤੀ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਨਵੀਂ ਦਿੱਲੀ ਐਲਾਨਨਾਮੇ ਨੂੰ ਜੀ-20 ਸੰਮੇਲਨ ਵਿੱਚ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਸੀ। ਨਵੀਂ ਦਿੱਲੀ ਐਲਾਨਨਾਮੇ ਵਿੱਚ ਮੈਂਬਰ ਦੇਸ਼ਾਂ ਦੀ ਖੇਤਰੀ ਅਖੰਡਤਾ ਅਤੇ ਪ੍ਰਭੂਸੱਤਾ ਨੂੰ ਕਾਇਮ ਰੱਖਣਾ, ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ, ਖੇਤਰ ਵਿੱਚ ਸ਼ਾਂਤੀ ਅਤੇ ਸਥਿਰਤਾ ਦੀ ਰਾਖੀ, ਅੰਤਰਰਾਸ਼ਟਰੀ ਕਾਨੂੰਨ ਨੂੰ ਬਰਕਰਾਰ ਰੱਖਣਾ ਆਦਿ ਸ਼ਾਮਲ ਹਨ।

ਗਲੋਬਲ ਬਾਇਓਫਿਊਲ ਅਲਾਇੰਸ (ਜੀ.ਬੀ.ਏ.) ਦੀ

(ਬਾਕੀ ਸਫ਼ਾ 29 ’ਤੇ)

# ਮਹਾਨ ਯੋਧੇ ਸ਼ਹੀਦ ਭਾਈ ਕਰਮ ਸਿੰਘ ਬੱਬਰ ਅਕਾਲੀ ਦੇ 100ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਨ.ਫਰੰਸ ਅਤੇ ਦਸਤਾਰ ਮੁਕਾਬਲੇ





ਐਬਟਸਫੋਰਡ/ਏ.ਟੀ.ਨਿਊਜ਼ : ਬੱਬਰ ਅਕਾਲੀ ਲਹਿਰ ਦੇ ਮੋਢੀ ਸ਼ਹੀਦ ਭਾਈ ਕਰਮ ਸਿੰਘ ਬੱਬਰ ਅਕਾਲੀ ਦਾ 100ਵਾਂ ਸ਼ਹੀਦੀ ਵਰ੍ਹਾ ਬੜੇ ਉਤਸ਼ਾਹ ਨਾਲ, ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਵੱਲੋਂ ਮਨਾਇਆ ਗਿਆ, ਜਿਸ ਵਿੱਚ ਅੰਤਰਰਾਸ਼ਟਰੀ ਸ਼ਹੀਦੀ ਕਾਨਫ਼ਰੰਸ, ਦਸਤਾਰ ਮੁਕਾਬਲੇ, ਹੋਣਹਾਰ ਨੌਜਵਾਨਾਂ ਦੇ ਸਨਮਾਨ ਅਤੇ ਚਿੱਤਰਕਾਰ ਜਰਨੈਲ ਸਿੰਘ ਵੱਲੋਂ ਪ੍ਰਦਰਸ਼ਨੀ ਲਗਾਈ ਗਈ। ਤਿੰਨ ਸਮਾਗਮਾਂ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਅਰੰਭ ਤੋਂ ਲੈ ਕੇ ਕਾਨਫਰੰਸ ਤੱਕ, ਸੰਗਤਾਂ ਦਾ ਭਰਪੂਰ ਸਹਿਯੋਗ ਰਿਹਾ। ਗੁਰਦੁਆਰਾ ਸਾਹਿਬ ਦੇ ਨੌਜਵਾਨ ਸੇਵਾਦਾਰ ਭਾਈ ਮਨਿੰਦਰ ਸਿੰਘ ਨੇ ਸ਼ਹੀਦੀ ਕਾਨਫਰੰਸ ਅਤੇ ਸਮਾਗਮ ਦੇ ਮਨੋਰਥ ਅਤੇ ਨੌਜਵਾਨ ਪੀੜੀ ਨੂੰ ਬੱਬਰ ਅਕਾਲੀ ਲਹਿਰ ਬਾਰੇ ਜਾਣਕਾਰੀ ਹਾਸਿਲ ਕਰਨ 'ਤੇ ਜ਼ੋਰ ਦਿੱਤਾ।

ਸਭ ਤੋਂ ਵਿਲੱਖਣ ਗੱਲ ਇਹ ਸੀ ਕਿ ਐਬਟਸਫੋਰਡ ਦੀਆਂ ਤਿੰਨੇ ਸੁਸਾਈਟੀਆਂ; ਖ਼ਾਲਸਾ ਦੀਵਾਨ ਸੁਸਾਇਟੀ, ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ ਅਤੇ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਸੁਸਾਇਟੀ ਨੇ ਮਿਲ-ਜੁਲ ਕੇ ਇਨ੍ਹਾਂ ਸਮਾਗਮਾਂ ਵਿੱਚ ਪੂਰਨ ਸਾਥ ਦਿੱਤਾ। ਸਮਾਪਤੀ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਅਤੇ ਗੁਰਦੁਆਰਾ ਸਾਹਿਬ ਰਾਮਗੜ੍ਹੀਆ ਸੁਸਾਇਟੀ ਸਰੀ ਦੇ ਸੇਵਾਦਾਰਾਂ ਨੇ ਵੀ ਭਰਵੀਂ ਹਾਜ਼ਰੀ ਲਵਾਈ। ਸ਼ਹੀਦ ਭਾਈ ਕਰਮ ਸਿੰਘ ਬੱਬਰ ਅਕਾਲੀ ਦੇ 100ਵੇਂ ਸ਼ਹੀਦੀ ਦਿਹਾੜੇ 'ਤੇ ਅੰਤਰਰਾਸ਼ਟਰੀ ਸ਼ਹੀਦੀ ਕਾਨਫਰੰਸ ਵਿੱਚ ਸਿੱਖ ਵਿਦਵਾਨ ਰਾਜਵਿੰਦਰ ਸਿੰਘ ਰਾਹੀ, ਡਾ. ਸੁਖਪ੍ਰੀਤ ਸਿੰਘ ਉਦੋਕੇ, ਗਿਆਨ ਸਿੰਘ ਸੰਧੂ, ਸੋਹਣ ਸਿੰਘ ਪੂਨੀ, ਡਾ. ਸੁਖਵਿੰਦਰ ਕੌਰ ਬੈਂਸ, ਡਾਕਟਰ ਗੁਰਵਿੰਦਰ ਸਿੰਘ ਅਤੇ ਡਾ. ਸ਼ਰਨਜੀਤ ਕੌਰ ਸਿੰਡਰਾ ਅਤੇ ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਦੇ ਵਿਚਾਰ ਸੰਗਤਾਂ ਨੇ ਸਰਵਣ ਕੀਤੇ ਅਤੇ ਬੱਬਰ ਲਹਿਰ ਦੇ ਇਤਿਹਾਸ ਤੋਂ ਜਾਣੂ ਹੋਏ। ਸਮਾਗਮਾਂ ਦੌਰਾਨ ਹੋਰਨਾਂ ਬੁਲਾਰਿਆਂ ਵਿੱਚ ਡਾ. ਗੋਪਾਲ ਸਿੰਘ ਬੁੱਟਰ ਤੇ ਖਾਲਸਾ ਦੀਵਾਨ ਸੁਸਾਇਟੀ ਵੈਨਕੁਵਰ ਦੇ ਜਰਨਲ ਸਕੱਤਰ ਜੋਗਿੰਦਰ ਸਿੰਘ ਸੁੰਨੜ ਨੇ ਵੀ ਸੰਬੋਧਨ ਕੀਤਾ, ਜਦਕਿ ਸਮਾਗਮਾਂ ਦਾ ਸੰਚਾਲਨ ਗੁਰਦੁਆਰਾ ਸਾਹਿਬ ਸੁਸਾਇਟੀ ਦੇ ਜਰਨਲ ਸਕੱਤਰ ਰਜਿੰਦਰ ਸਿੰਘ ਗਰੇਵਾਲ, ਜਸਕਰਨ ਸਿੰਘ ਧਾਲੀਵਾਲ ਅਤੇ ਕਾਨਫਰੰਸ ਪ੍ਰਬੰਧਕ ਸੁਖਵਿੰਦਰ ਸਿੰਘ ਕਾਹਲੋਂ ਨੇ ਕੀਤਾ। ਸ਼ਹੀਦੀ ਸ਼ਤਾਬਦੀ ਕਾਨਫਰੰਸ ਦੌਰਾਨ ਸ਼ਹੀਦ ਕਰਮ ਸਿੰਘ ਬੱਬਰ ਵੱਲੋਂ ਗੁਰਬਾਣੀ ਤੇ ਸਿੱਖ ਇਤਿਹਾਸ ਤੋਂ ਪ੍ਰੇਰਣਾ ਲੈਣ, ਆਪਣੀ ਜ਼ਮੀਨ ਗੁਰਦੁਆਰਾ ਸਾਹਿਬ ਨੂੰ ਭੇਟਾ ਕਰਕੇ, ਪੰਜਾਬ ਜਾ ਕੇ ਸ਼ਹੀਦੀ ਪਾਉਣ ਤੋਂ ਲੈ ਕੇ, ਬੱਬਰ ਅਕਾਲੀ ਲਹਿਰ ਦੇ ਸੁਪਨੇ ਭਾਰਤ 'ਚੋਂ ਅੰਗਰੇਜ਼ਾਂ ਨੂੰ ਕੱਢ ਕੇ 'ਪੰਜਾਬ ਵਿੱਚ ਮੁੜ ਖਾਲਸਾ ਰਾਜ' ਅਤੇ 'ਭਾਰਤ 'ਚ ਸਵਰਾਜ ਦੀ ਸਥਾਪਨਾ' ਦੇ ਮਕਸਦ ਬਾਰੇ ਇਤਿਹਾਸਕ ਖੋਜਾਂ ਸਾਂਝੀਆਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਬੁਲਾਰਿਆਂ ਨੇ ਮੌਜੂਦਾ ਸਮੇਂ ਭਾਰਤ ਵਿੱਚ ਘੱਟ ਗਿਣਤੀ ਚਿੰਤਾਜਨਕ ਹਾਲਾਤ ਅਤੇ ਬੱਬਰ ਅਕਾਲੀਆ ਦੀ ਸੋਚ ਦੇ ਉਲਟ ਰਾਜ ਪ੍ਰਬੰਧ 'ਤੇ ਭਾਰੀ ਚਿੰਤਾ ਦਾ ਪ੍ਰਗਟਾਵਾ ਕੀਤਾ। ਅੰਤਰ ਰਾਸ਼ਟਰੀ ਕਾਨਫਰੰਸ ਦੇ ਅਖੀਰ ਵਿੱਚ ਸਕੂਲ ਬੋਰਡ ਨੂੰ ਅਪੀਲ ਕੀਤੀ ਗਈ ਕਿ ਸ਼ਹੀਦ ਭਾਈ ਕਰਮ ਸਿੰਘ ਬੱਬਰ ਦਾ ਇਤਿਹਾਸ ਸਿਲੇਬਸ ਵਿੱਚ ਪੜ੍ਹਾਇਆ ਜਾਏ, ਜੋ ਕਿ ਨਸਲਵਾਦ ਅਤੇ ਬਸਤੀਵਾਦ ਦੇ ਖ਼ਾਤਮੇ ਲਈ ਇਤਿਹਾਸਿਕ ਇਨਕਲਾਬ ਸੀ। ਇਸ ਦੌਰਾਨ ਦਸਤਾਰ ਮੁਕਾਬਲੇ ਮੌਕੇ ਵੱਖ ਵੱਖ ਗਰੁੱਪਾਂ 'ਚੋਂ ਸਿੱਖ ਬੱਚੇ ਬੱਚੀਆਂ, ਬਜ਼ੁਰਗਾਂ ਤੇ ਨੌਜਵਾਨਾਂ ਨੂੰ ਸਨਮਾਨਿਤ ਕੀਤਾ ਗਿਆ।

# ਪ੍ਰਧਾਨ ਮੰਤਰੀ ਮੋਦੀ ਵੱਲੋਂ ਫਰਾਂਸ ਕੋਲ ਪੱਗ 'ਤੇ ਲੱਗੀ ਪਾਬੰਦੀ ਦਾ ਮੁੱਦਾ ਨਾ ਚੁੱਕਣ ਕਾਰਨ ਸਿੱਖ ਨਿਰਾਸ਼

## ਯੂਨਾਇਡ ਸਿੱਖ ਜਥੇਬੰਦੀ ਦੀ ਕੌਮਾਂਤਰੀ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਨੇ ਉਠਾਇਆ ਮੁੱਦਾ

ਲੰਡਨ/ਏ.ਟੀ.ਨਿਊਜ਼ : ਦਿੱਲੀ ਵਿੱਚ ਜੀ20 ਸੰਮੇਲਨ ਦੌਰਾਨ ਸਿੱਖ ਭਾਈਚਾਰੇ ਨੂੰ ਉਮੀਦ ਸੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਦੇ ਨਾਲ ਦੁਵੱਲੀ ਗੱਲਬਾਤ ਦੌਰਾਨ ਪੱਗ 'ਤੇ ਪਾਬੰਦੀ ਦਾ ਮਸਲਾ ਜ਼ਰੂਰ ਚੁੱਕਣਗੇ ਪਰ ਜਦੋਂ ਭਾਰਤ ਵੱਲੋਂ ਇਸ 'ਤੇ ਕੋਈ ਗੱਲਬਾਤ ਨਹੀਂ ਕੀਤੀ ਤਾਂ ਹੁਣ ਇਸ ਨੂੰ ਲੈ ਕੇ ਪੂਰੀ ਦੁਨੀਆ ਦੇ ਸਿੱਖਾਂ ਵਿੱਚ ਨਮੋਸ਼ੀ ਹੈ ।ਯੂਨਾਈਟਿਡ ਸਿੱਖ ਜਥੇਬੰਦੀ ਦੀ ਕੌਮਾਂਤਰੀ ਲੀਗਲ ਡਾਇਰੈਕਟਰ ਮਜਿੰਦਰਪਾਲ ਕੌਰ ਨੇ ਕਿਹਾ ਜਿਸ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਰਹਿੰਦੇ ਹਨ ਉਸ ਦੇਸ਼ ਦੇ ਪ੍ਰਧਾਨ ਮੰਤਰੀ ਨੇ ਸਿੱਖਾਂ ਦੀ ਪਛਾਣ ਦਾ ਮੁੱਦਾ ਚੁੱਕਣ ਦੀ ਜ਼ਰੂਰਤ ਨਹੀਂ ਸਮਝੀ ।ਇਸ ਮੁੱਦੇ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਨੇ ਜੀ20 ਸੰਮੇਲਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫਰਾਂਸ ਦੇ ਰਾਸ਼ਟਰਪਤੀ ਦੇ ਸਾਹਮਣੇ ਪੱਗ 'ਤੇ ਪਾਬੰਦੀ ਦੇ ਮਸਲੇ ਨੂੰ ਚੁੱਕਣ ਦੀ ਅਪੀਲ ਕੀਤੀ ਸੀ ਪਰ ਦੋਵਾਂ ਦੇਸ਼ਾਂ ਦੀ ਜੁਆਇੰਟ ਸਟੇਟਮੈਂਟ ਵਿੱਚ ਇਹ ਨਜ਼ਰ ਨਹੀਂ ਆਇਆ ਹੈ।

ਉਹਨਾਂ ਕਿਹਾ ਕਿ ਫਰਾਂਸ ਦੇ ਸਕੂਲਾਂ ਵਿੱਚ ਸਿੱਖਾਂ ਦੀ ਦਸਤਾਰ 'ਤੇ ਪਾਬੰਦੀ 20 ਸਾਲ ਤੋਂ ਲਾਗੂ ਹੈ। ਇਹ ਫਰਾਂਸ ਵਸਦੇ ਸਿੱਖ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਿਸ਼ਵਾਸ ਪ੍ਰਗਟਾਉਣ ਦੇ ਅਧਿਕਾਰ ਤੋਂ ਮੁਨਕਰ ਕਰਦੀ ਹੈ। ਭਾਰਤ ਅਤੇ ਫਰਾਂਸ ਦੇ ਆਗੂਆਂ ਵਿਚਾਲੇ ਹਾਲ ਹੀ ਵਿੱਚ ਹੋਈ ਬੈਠਕ ਦੌਰਾਨ ਇਸ ਮਾਮਲੇ 'ਤੇ ਚੁੱਪੀ ਚਿੰਤਾਜਨਕ ਹੈ।ਡਾਇਰੈਕਟਰ ਮਜਿੰਦਰਪਾਲ ਕੌਰ ਨੇ ਕਿਹਾ ਕਿ ਸਾਨੂੰ ਮਨੁੱਖੀ ਅਧਿਕਾਰਾਂ ਦੀ ਇਸ ਉਲੰਘਣਾ ਨੂੰ ਉਜਾਗਰ ਕਰਨ ਲਈ ਇਕੱਠੇ ਹੋ ਕੇ



ਰੈਲੀ ਕਰਨੀ ਚਾਹੀਦੀ ਹੈ ਅਤੇ ਕੌਮਾਂਤਰੀ ਭਾਈਚਾਰੇ ਨੂੰ ਇਸ ਰੋਕ ਨੂੰ ਹਟਾਉਣ ਲਈ ਫਰਾਂਸ 'ਤੇ ਦਬਾਅ ਪਾਉਣ ਦੀ ਅਪੀਲ ਕਰਨੀ ਚਾਹੀਦੀ ਹੈ।

ਉਹਨਾਂ ਨੇ ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੂੰ ਆਗਾਮੀ ਜਨਰਲ ਅਸੈਂਬਲੀ ਦੀ ਬਹਿਸ ਦੌਰਾਨ ਇਸ ਮੁੱਦੇ 'ਤੇ ਆਪਣੇ ਪ੍ਰਭਾਵ ਦੀ ਵਰਤੋਂ ਕਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਨੇ 2012 ਵਿੱਚ ਇਸ ਪਾਬੰਦੀ ਨੂੰ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਵਜੋਂ ਕਰਾਰ ਦਿੱਤਾ ਸੀ ਪਰ ਇਸ ਦੇ ਬਾਵਜੂਦ ਫਰਾਂਸ ਆਪਣੇ ਕਦਮ ਤੋਂ ਪਿੱਛੇ ਹੱਟਣ ਲਈ ਤਿਆਰ ਨਹੀਂ ਹੈ । ਯੂਨਾਈਟਿਡ ਸਿੱਖ ਜਥੇਬੰਦੀ ਨੇ ਦੁਨੀਆਂ ਭਰ ਦੇ ਸਿੱਖਾਂ ਨੂੰ ਫਰਾਂਸ ਪੱਗ ਵਿਰੋਧੀ ਕਾਨੂੰਨੀ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਹੈ ਕਿ ਏਕੇ ਦਾ ਸੁਨੇਹਾ ਦੇ ਕੇ ਅਸੀਂ ਰਲ ਕੇ ਸਿੱਖ ਦਸਤਾਰ ਦੀ ਪਾਬੰਦੀ ਨੂੰ ਅਤੀਤ ਦੀ ਗੱਲ ਬਣਾ ਸਕਦੇ ਹਾਂ।

# ਅਮਰੀਕਾ ਦੀ ਫੁੱਟਬਾਲ ਟੀਮ ਨੇ ਜਰਸੀ 'ਤੇ ਲਗਾਈ ਜਰਨੈਲ ਹਰੀ ਸਿੰਘ ਨਲੂਆ ਦੀ ਤਸਵੀਰ

ਫ੍ਰਿਸਕੋ, ਟੈਕਸਾਸ/ਏ.ਟੀ.ਨਿਊਜ਼ : ਅਮਰੀਕਾ ਦੀ ਡੱਲਾਸ ਕਾਉਬੌਇਸ ਰਗਬੀ ਟੀਮ ਨੇ ਖਾਲਸਾ ਰਾਜ ਦੇ ਮਹਾਨ ਸਿੱਖ ਜਰਨੈਲ ਹਰੀ ਸਿੰਘ ਨਲੂਆ ਨੂੰ ਸਤਿਕਾਰ ਦਿੰਦਿਆਂ, ਖਿਡਾਰੀਆਂ ਨੂੰ ਨਲਵਾ ਦੀ ਤਸਵੀਰ ਵਾਲੇ ਕੱਪੜੇ ਪਾ ਕੇ ਮੈਦਾਨ ਵਿੱਚ ਉੱਤਰਿਆ ਜਾਵੇਗਾ।ਟੀਮ ਕੋਚ ਦਾ ਮੰਨਣਾ ਹੈ ਕਿ ਸਿੱਖ ਜਰਨੈਲ ਸ. ਹਰੀ ਸਿੰਘ ਨਲੂਆ ਇੱਕ ਮਹਾਨ ਯੋਧਾ ਹੋਇਆ ਹੈ। ਅਮਰੀਕਾ 'ਚ ਸੀਜ਼ਨ ਦੇ ਅਧਿਕਾਰਤ ਤੌਰ 'ਤੇ ਸ਼ੁਰੂ ਹੋਣ ਵਾਲੇ ਰਗਬੀ ਮੈਚ ਲਈ ਮੁੱਖ ਕੋਚ ਮਾਈਕ ਮੈਕਕਾਰਥੀ ਨੇ ਟੀਮ ਦੀ 2023 ਥੀਮ ਨੂੰ ਕਾਰਪੇ ਓਮਨੀਆ ਵਾਕਾਂਸ਼ ਵਜੋਂ ਪ੍ਰਗਟ ਕੀਤਾ ਜਿਸ ਦਾ ਅਰਥ ਹੈ 'ਸਭ ਕੁਝ ਪ੍ਰਾਪਤ ਕਰੋ' ਅਤੇ ਟੀਮ ਤੇ ਪ੍ਰਸ਼ੰਸਕਾਂ ਲਈ ਖਾਲਸਾ ਰਾਜ ਦੇ ਸਿੱਖ ਜਰਨੈਲ ਸ. ਹਰੀ ਸਿੰਘ ਨਲੂਆ ਦੀ ਤਸਵੀਰ ਦਾ ਲੋਗੋ ਵਾਲੇ ਕੱਪੜੇ ਬਣਾਏ ਗਏ ਹਨ ਜੋ ਅੱਗੇ ਦੀ ਯਾਤਰਾ ਲਈ ਟੀਮ ਦਾ ਮਨੋਬਲ ਵਧਾਉਣਗੇ।




ਮੈਕਕਾਰਥੀ ਨੇ ਹਰ ਸਾਲ ਲਈ ਇੱਕ ਥੀਮ ਸਥਾਪਤ ਕੀਤਾ ਹੈ ਅਤੇ ਇਸ ਸਾਲ ਦੇ ਐਡੀਸ਼ਨ ਲਈ, ਉਹ ਇਸ ਨੂੰ ਇੱਕ ਬੁਲੇਟਿਨ ਬੋਰਡ ਦੇ ਰੂਪ 'ਚ ਦੇਖਦਾ ਹੈ ਕਿ ਟੀਮ ਇਸ ਸੀਜ਼ਨ ਨੂੰ ਪੂਰਾ ਕਰਨ ਲਈ ਮੇਜ਼ 'ਤੇ ਕੀ ਹੈ। ਮੈਕਕਾਰਥੀ ਨੇ ਥੋੜਾ ਵੱਖਰਾ ਕਰਦਿਆਂ ਕਿਹਾ ਹੈ ਕਿ ਇਸ ਨੂੰ ਦਰਸਾਉਣ ਦੀ ਲੋੜ ਹੈ ਕਿ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੀ ਟੀਮ ਕਿੱਥੇ ਹੈ, ਉਹ ਚੈਂਪੀਅਨਸ਼ਿਪ ਜਿੱਤਣ ਦੀ ਦਿਸ਼ਾ 'ਚ ਕਿੱਥੇ ਹੈ। ਮੈਕਕਾਰਥੀ ਦੁਆਰਾ ਟੀਮ ਨੂੰ ਥੀਮ ਦਾ ਖੁਲਾਸਾ ਕਰਨ ਤੋਂ ਬਾਅਦ, ਉਨ੍ਹਾਂ ਨੇ ਇਹ ਦਰਸਾਉਣ ਲਈ ਟੀਮ ਦੇ ਮੀਟਿੰਗ ਰੂਮ ਦੇ ਸਾਹਮਣੇ ਵੱਡੇ ਪੋਸਟਰ ਤੇ ਸਿੱਖ ਜਰਨੈਲ ਸ. ਹਰੀ ਸਿੰਘ ਨਲੂਆ ਦੀ ਕਿਰਪਾਨ ਤੇ ਢਾਲ ਫੜੀ ਵੱਡੀ ਤਸਵੀਰ ਨਾਲ ਖਿਡਾਰੀਆਂ ਦੀ ਤਸਵੀਰਾਂ ਤੋਂ ਇਲਾਵਾ ਇੱਕ ਖਾਲੀ ਤਸਵੀਰ ਫ੍ਰੇਮ ਲਗਾ ਦਿੱਤੀ ਕਿ ਹਰ ਚੀਜ਼ ਸਾਲ 'ਚ ਜਾਣ ਵਾਲੇ ਉਨ੍ਹਾਂ ਦੇ ਸਾਹਮਣੇ ਬੈਠੀ ਹੈ। ਉਸ ਫਰੇਮ ਵਿੱਚ ਕੀ ਭਰੇਗਾ ? ਇਸ ਦਾ ਜਵਾਬ ਟੀਮ ਦੀ ਸਫਲਤਾ ਲਈ ਹੋਵੇਗਾ।

ਇਹ ਦਰਸਾਉਂਦਾ ਹੈ ਕਿ ਤਸਵੀਰਾਂ ਇੱਕ ਹਜ਼ਾਰ ਸ਼ਬਦ ਬੋਲਦੀਆਂ ਹਨ ਪਰ ਇਸ ਦੀ ਅਸਲੀਅਤ ਇੱਕ ਖਾਲੀ ਫਰੇਮ ਹੈ ਜੋ ਸਭ ਕੁਝ ਹੈ ਕਿਉਂਕਿ ਇਹ ਸਾਰੀਆਂ ਸੰਭਾਵਨਾਵਾਂ, ਸਮਰੱਥਾਵਾਂ, ਸਾਡੇ ਸਾਹਮਣੇ ਕੀ ਹਨ, ਮੈਕਕਾਰਥੀ ਨੇ ਕਿਹਾ ਕੀ ਅਸੀਂ ਉਹ ਕਰਨ ਜਾ ਰਹੇ ਹਾਂ ਜੋ ਸਾਨੂੰ ਹਰ ਇੱਕ ਦਿਨ ਕਰਨ ਦੀ ਜ਼ਰੂਰਤ ਹੈ, ਉਹ ਸਭ ਕੁਝ ਜੋ ਅਸੀਂ ਸੰਭਵ ਤੌਰ 'ਤੇ ਉਸ ਫਰੇਮ ਨੂੰ ਭਰਨ ਅਤੇ ਡੱਲਾਸ ਕਾਉਬੌਇਸ ਦੇ ਇਤਿਹਾਸ ਅਤੇ ਪਰੰਪਰਾ ਦਾ ਹਿੱਸਾ ਬਣਨ ਲਈ ਕਰ ਸਕਦੇ ਹਾਂ ?

ਉਨ੍ਹਾਂ ਕਿਹਾ ਕਿ 17ਵੀਂ ਸਦੀ 'ਚ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਜੀ ਅਧਿਆਤਮਿਕ ਗੁਰੂ ਸਨ। ਮੈਕਕਾਰਥੀ ਨੇ ਦੱਸਿਆ ਕਿ ਉਨ੍ਹਾਂ ਦਾ ਜਨਮ ਇੱਕ ਸ਼ਾਂਤਮਈ ਪਿੰਡ ਵਿੱਚ ਹੋਇਆ ਸੀ ਉਨ੍ਹਾਂ ਨੇ ਪਹਿਲੀ ਸਿੱਖ ਫੌਜ ਦੀ ਸ਼ੁਰੂਆਤ ਕੀਤੀ ਸੀ ਅਤੇ ਦੋ ਤਲਵਾਰਾਂ ਧਾਰਨ ਕੀਤੀਆਂ ਜੋ ਮੀਰੀ ਅਤੇ ਪੀਰੀ ਨੂੰ ਦਰਸਾਉਂਦੀਆਂ ਸਨ। ਜੰਗ ਨਾਲ ਸਬੰਧਿਤ ਮੀਰੀ ਤੇ ਪੀਰੀ ਨੂੰ ਰੂਹਾਨੀਅਤ ਨਾਲ ਜੋੜਿਆ ਸੀ। ਇਸ ਮੌਕੇ ਮੈਚ ਦੌਰਾਨ ਪ੍ਰਸ਼ੰਸਕਾਂ ਨੂੰ ਸਿੱਖ ਜਰਨੈਲ ਹਰੀ ਸਿੰਘ ਨਲੂਆ ਦੀਆਂ ਤਸਵੀਰਾਂ ਵਾਲੇ ਕੱਪੜੇ ਪਾ ਕੇ ਆਉਣ ਦੀ ਅਪੀਲ ਕੀਤੀ ਜਾ ਰਹੀ ਹੈ।

# ਜੱਗੀ ਜੌਹਲ ਦੀ ਰਿਹਾਈ ਸਬੰਧੀ ਬ੍ਰਿਟੇਨ ਸੁਹਿਰਦ ਨਹੀਂ !

## ਭਾਰਤ ਕੋਲ ਮੁੱਦਾ ਉਠਾਉਣ ਦੀ ਥਾਂ ਖ਼ਾਲਿਸਤਾਨੀਆਂ ਉੱਪਰ ਸਖ਼ਤੀ ਕਰਨ ਦਾ ਫ਼ੈਸਲਾ ਲਿਆ

## ਟਰੂਡੋ ਨੇ ਖ਼ਾਲਿਸਤਾਨ ਮੁੱਦੇ ਉੱਪਰ ਮੋਦੀ ਨੂੰ ਦਿੱਤਾ ਜੁਆਬ, ਕਿਹਾ ਕਿ ਕੈਨੇਡਾ ਸ਼ਾਂਤੀਪੂਰਨ ਪ੍ਰਦਰਸ਼ਨ ਦਾ ਵਿਰੋਧੀ ਨਹੀਂ





ਬ੍ਰਿਟੇਨ ਸਿੱਖ ਨਾਗਰਿਕ ਜਗਤਾਰ ਸਿੰਘ ਜੌਹਲ ਦੀ ਰਿਹਾਈ ਦਾ ਮੁੱਦਾ ਭਾਰਤ ਕੋਲ ਨਹੀਂ ਉਠਾਏਗਾ। ਬੀਤੇ ਦਿਨੀਂ ਜੀ-20 ਸਿਖਰ ਸੰਮੇਲਨ 'ਚ ਪਹੁੰਚੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੂੰ ਬ੍ਰਿਟੇਨ ਦੇ 70 ਸੰਸਦ ਮੈਂਬਰਾਂ ਨੇ ਅਪੀਲ ਕੀਤੀ ਸੀ ਕਿ ਜਗਤਾਰ ਜੌਹਲ ਦੀ ਰਿਹਾਈ ਦਾ ਮੁੱਦਾ ਭਾਰਤ ਕੋਲ ਉਠਾਇਆ ਜਾਵੇ ਪਰ ਬਰਤਾਨੀਆ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਉਹ ਖਾੜਕੂਵਾਦ ਦੇ ਦੋਸ਼ ਹੇਠ ਪਿਛਲੇ ਪੰਜ ਸਾਲ ਤੋਂ ਭਾਰਤ ਦੀ ਜੇਲ੍ਹ ਵਿੱਚ ਬੰਦ ਆਪਣੇ ਨਾਗਰਿਕ ਜੌਹਲ ਦੀ ਰਿਹਾਈ ਦੀ ਮੰਗ ਨਹੀਂ ਕਰੇਗੀ।

'ਦ ਗਾਰਡੀਅਨ' ਦੀ ਰਿਪੋਰਟ ਅਨੁਸਾਰ ਬਰਤਾਨਵੀ ਸਿੱਖ ਜਗਤਾਰ ਸਿੰਘ ਜੌਹਲ ਦੀ ਰਿਹਾਈ ਦੀ ਮੰਗ ਕਰਨ ਤੋਂ ਇਨਕਾਰ ਸਕਾਟਿਕਸ਼ ਨੈਸ਼ਨਲ ਪਾਰਟੀ ਦੇ ਸੰਸਦ ਮੈਂਬਰ ਮਾਰਟਿਨ ਡੋਕਰਟੀ ਹਿਊਜ਼ ਨੂੰ ਭੇਜੇ ਗਏ ਪੱਤਰ ਵਿੱਚ ਕੀਤਾ ਗਿਆ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਇਹ ਕਾਰਵਾਈ ਉਨ੍ਹਾਂ ਦੇ ਹਿੱਤ ਵਿੱਚ ਨਹੀਂ ਹੋਵੇਗੀ। ਦੱਸ ਦਈਏ ਕਿ ਡਮਬੈਰਟਨ ਦੇ ਰਹਿਣ ਵਾਲੇ ਜੌਹਲ ਨੂੰ 4 ਨਵੰਬਰ 2017 ਨੂੰ ਜਲੰਧਰ ਵਿੱਚ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਦੋਂ ਉਹ ਆਪਣੇ ਵਿਆਹ ਲਈ ਇੱਥੇ ਆਇਆ ਹੋਇਆ ਸੀ। ਬਰਤਾਨੀਆ ਦੇ ਏਸ਼ੀਆ ਲਈ ਮੰਤਰੀ ਲੌਰਡ ਅਹਿਮਦ ਦੇ ਦਸਤਖ਼ਤਾਂ ਹੇਠਲੇ ਪੱਤਰ ਵਿੱਚ ਕਿਹਾ ਗਿਆ ਹੈ, 'ਜੌਹਲ ਦੀ ਰਿਹਾਈ ਦੀ ਮੰਗ ਕਰਨ ਦੇ ਸੰਭਾਵੀ ਲਾਭ ਤੇ ਜੋਖਮਾਂ ਦੇ ਨਾਲ ਨਾਲ ਅਜਿਹਾ ਕਰਨ ਨਾਲ ਪੈਣ ਵਾਲੇ ਪ੍ਰਭਾਵਾਂ 'ਤੇ ਸਾਵਧਾਨੀ ਨਾਲ ਵਿਚਾਰ ਕਰਨ ਤੋਂ ਬਾਅਦ ਸਾਨੂੰ ਨਹੀਂ ਲੱਗਦਾ ਕਿ ਇਹ ਕਾਰਵਾਈ ਉਨ੍ਹਾਂ ਦੇ ਹਿੱਤ ਵਿੱਚ ਹੋਵੇਗੀ।' ਉਨ੍ਹਾਂ ਕਿਹਾ ਕਿ ਭਾਰਤ ਵਿੱਚ ਜੌਹਲ ਖ਼ਿਲਾਫ਼ ਕਾਰਵਾਈ ਅਜੇ ਚੱਲ ਰਹੀ ਹੈ ਤੇ ਉਸ ਨੂੰ ਰਿਹਾਅ ਕਰਨ ਦੀ ਮੰਗ ਕਰਨਾ ਭਾਰਤੀ ਨਿਆਂਇਕ ਪ੍ਰਕਿਰਿਆ ਵਿੱਚ ਦਖਲ ਦੇਣ ਵਾਂਗ ਹੈ ਤੇ ਇਸ ਨਾਲ ਬਰਤਾਨੀਆ ਦੀ ਕੌਂਸਲਰ ਸਹਾਇਤਾ ਮੁਹੱਈਆ ਕਰਨ ਦੀ ਸਮਰੱਥਾ ਵੀ ਖ਼ਤਰੇ ਵਿੱਚ ਪੈ ਸਕਦੀ ਹੈ ਦੂਜੇ ਪਾਸੇ ਬਰਤਾਨੀਆ ਵਿੱਚ ਖ਼ਾਲਿਸਤਾਨ ਪੱਖੀਆਂ ਦੀਆਂ ਗਤੀਵਿਧੀਆਂ 'ਤੇ ਭਾਰਤ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹੋਏ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਣਕ ਨੇ ਦਿਲੀ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਸਾਡੀ ਸਰਕਾਰ ਇਸ ਹਿੰਸਕ ਵਿਚਾਰਧਾਰਾ ਦਾ ਮੁਕਾਬਲਾ ਕਰਨ ਲਈ ਭਾਰਤ ਸਰਕਾਰ ਨਾਲ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਬਰਤਾਨੀਆ ਖ਼ਾਲਿਸਤਾਨ ਪੱਖੀ ਕੱਟੜਵਾਦ ਦੇ ਖ਼ਤਰੇ ਨਾਲ ਨਜਿੱਠਣ ਲਈ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਬਰਤਾਨੀਆ 'ਚ ਖ਼ਾਲਿਸਤਾਨੀਆਂ ਦੀਆਂ ਗਤੀਵਿਧੀਆਂ ਨੂੰ ਲੈ ਕੇ ਭਾਰਤ ਵਿੱਚ ਚਿੰਤਾਵਾਂ ਵਧੀਆਂ ਹੋਈਆਂ ਹਨ, ਖਾਸ ਕਰ ਕੇ ਮਾਰਚ ਵਿੱਚ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਅੱਗੇ ਮੁਜ਼ਾਹਰੇ ਤੋਂ ਬਾਅਦ। ਸੁਣਕ ਨੇ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈ ਸ਼ੰਕਰ ਦੀ ਬ੍ਰਿਟੇਨ ਦੇ ਸੁਰੱਖਿਆ ਮੰਤਰੀ ਨਾਲ ਮੁਲਾਕਾਤ ਦਾ ਜ਼ਿਕਰ (ਬਾਕੀ ਸਫ਼ਾ 29 'ਤੇ)

### ਦਲ ਖ਼ਾਲਸਾ ਵੱਲੋਂ ਮੋਦੀ ਦੀਆਂ ਘੱਟ ਗਿਣਤੀ ਕੌਮਾਂ ਵਿਰੋਧੀ ਨੀਤੀਆਂ ਦਾ ਵਿਰੋਧ

### ਦੂਤਘਰਾਂ ਦੇ ਹਾਈ ਕਮਿਸ਼ਨਰਾਂ ਨੂੰ ਲਿਖੇ ਪੱਤਰ

ਬੀਤੇ ਦਿਨੀਂ ਸਿੱਖ ਜਥੇਬੰਦੀ ਦਲ ਖਾਲਸਾ ਨੇ ਜੀ-20 ਦੇਸ਼ਾਂ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਸੀ ਕਿ ਉਹ ਧਾਰਮਿਕ ਕੌਮਾਂ ਅਤੇ ਘੱਟ-ਗਿਣਤੀ ਲੋਕਾਂ ਦੀ ਆਵਾਜ਼ ਸੁਣਨ। ਇਸ ਪੱਤਰ ਵਿੱਚ ਜੀ-20 ਦੇਸ਼ਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਦਿੱਲੀ ਅਤੇ ਸੂਬਿਆਂ ਦਰਮਿਆਨ ਚਲ ਰਹੇ ਰਾਜਸੀ ਟਕਰਾਅ ਤੇ ਝਗੜਿਆਂ ਦੇ ਹੱਲ ਲੱਭਣ ਲਈ ਭੂਮਿਕਾ ਨਿਭਾਉਣ, ਸਾਰੇ ਸਿਆਸੀ ਕੈਦੀਆਂ ਨੂੰ ਰਿਹਾਅ ਕਰਵਾਉਣ ਵਿੱਚ ਭੂਮਿਕਾ ਨਿਭਾਉਣ, ਘੱਟ ਗਿਣਤੀ ਭਾਈਚਾਰਿਆਂ ਦੇ ਧਾਰਮਿਕ ਮਾਮਲਿਆਂ ਵਿੱਚ ਕੀਤੀ ਜਾ ਰਹੀ ਦਖ਼ਲ-ਅੰਦਾਜ਼ੀ ਨੂੰ ਖਤਮ ਕਰਨ ਵਿੱਚ ਮਦਦ ਕੀਤੀ ਜਾਵੇ।



ਇਸ ਸੰਬੰਧੀ ਦਲ ਖ਼ਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਦਲ ਖ਼ਾਲਸਾ ਅਤੇ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਬੀਤੀ 7 ਸਤੰਬਰ ਨੂੰ ਕਾਂਸਟੀਚਿਊਸ਼ਨ ਕਲੱਬ ਆਫ਼ ਇੰਡੀਆ ਦਿੱਲੀ ਵਿਖੇ 'ਐੱਮ. ਐੱਨ-20' ਸੰਮੇਲਨ ਕੀਤਾ ਜਾਣਾ ਸੀ, ਜਿਸ ਵਿੱਚ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਘੱਟ ਗਿਣਤੀ ਕੌਮਾਂ ਤੇ ਧਰਮਾਂ ਦੇ ਪ੍ਰਤੀਨਿੱਧਾਂ ਨੇ ਸ਼ਿਰਕਤ ਕਰਨੀ ਸੀ ਪਰ ਕੇਂਦਰ ਸਰਕਾਰ ਵਲੋਂ ਐਨ ਇੱਕ ਦਿਨ ਪਹਿਲਾਂ ਇਸ ਸੰਮੇਲਨ 'ਤੇ ਰੋਕ ਲਗਾਉਣ ਦਾ ਫ਼ੁਰਮਾਨ ਜਾਰੀ ਕਰ ਦਿੱਤਾ। ਪਾਰਟੀ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਦੱਸਿਆ ਕਿ ਦਿੱਲੀ 'ਚ ਵਿਦੇਸ਼ੀ ਦੂਤਘਰਾਂ ਨੂੰ ਭੇਜੇ ਪੱਤਰ 'ਚ ਦੱਸਿਆ ਗਿਆ ਹੈ ਕਿ ਭਾਜਪਾ ਸਰਕਾਰ ਨੇ ਪਰਦੇ ਪਿੱਛੇ ਰਹਿ ਕੇ 7 ਸਤੰਬਰ ਨੂੰ ਦਿੱਲੀ 'ਚ ਹੋਣ ਵਾਲੇ ਐੱਮ.-20 ਸਿਖਰ ਸੰਮੇਲਨ ਵਿੱਚ ਵਿਘਨ ਪਾਇਆ ਹੈ, ਕਿਉਂਕਿ ਸਰਕਾਰ ਘੱਟ-ਗਿਣਤੀ ਕੌਮਾਂ ਅਤੇ ਧਰਮਾਂ ਨੂੰ ਸਾਂਝੇ ਪਲੇਟਫ਼ਾਰਮ 'ਤੇ ਇਕਜੁੱਟ ਹੁੰਦਿਆਂ ਦੇਖ ਭੈਭੀਤ ਹੋਈ ਹੈ। ਦਲ ਖ਼ਾਲਸਾ ਆਗੂਆਂ ਨੇ ਉਨ੍ਹਾਂ 70 ਬਰਤਾਨਵੀ ਸੰਸਦ ਮੈਂਬਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਆਪਣੇ ਦੇਸ਼ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਣਕ ਨੂੰ ਭਾਰਤੀ ਜੇਲ੍ਹ ਵਿੱਚ ਬੰਦ ਸਿਆਸੀ ਕੈਦੀ ਜਗਤਾਰ ਸਿੰਘ ਜੱਗੀ ਜੌਹਲ ਦਾ ਮੁੱਦਾ ਭਾਰਤੀ ਪ੍ਰਧਾਨ ਮੰਤਰੀ ਕੋਲ ਉਠਾਉਣ ਦੀ ਅਪੀਲ ਕੀਤੀ ਸੀ। ਉਨ੍ਹਾਂ ਦੱਸਿਆ ਕਿ ਰੱਦ ਹੋਇਆ ਐੱਮ. ਐੱਨ.-20 ਸੰਮੇਲਨ ਜਲਦੀ ਹੀ ਦਿੱਲੀ ਵਿੱਚ ਕੀਤਾ ਜਾਵੇਗਾ।

# ਕੀ ਹੈ ਭਾਰਤ-ਮੱਧ ਪੂਰਬ-ਯੂਰਪ ਆਰਥਿਕ ਗਲਿਆਰਾ ?

## ਭਾਰਤ ਲਈ ਕਿਉਂ ਹੈ ਮਹੱਤਵਪੂਰਨ







ਨਵੀਂ ਦਿੱਲੀ/ ਏ.ਟੀ.ਨਿਊਜ਼ : ਨਵੇਂ ਆਰਥਿਕ ਗਲਿਆਰੇ, ਜਿਸ ਨੂੰ ਬਹੁਤ ਸਾਰੇ ਚੀਨ ਦੇ ਬੈਲਟ ਐਂਡ ਰੋਡ ਇਨੀਸ਼ੀਏਟਿਵ ਦੇ ਬਦਲ ਵਜੋਂ ਦੇਖਦੇ ਹਨ, ਦਾ ਐਲਾਨ ਭਾਰਤ, ਸੰਯੁਕਤ ਰਾਜ, ਸਾਊਦੀ ਅਰਬ, ਯੂਰਪੀਅਨ ਯੂਨੀਅਨ ਅਤੇ ਚਾਰ ਹੋਰ ਦੇਸ਼ਾਂ ਦੇ ਨੇਤਾਵਾਂ ਦੁਆਰਾ 9 ਸਤੰਬਰ ਨੂੰ ਜੀ-20 ਸਿਖਰ ਸੰਮੇਲਨ ਦੇ ਮੌਕੇ ਸਾਂਝੇ ਤੌਰ 'ਤੇ ਕੀਤਾ ਗਿਆ ਸੀ। ਇਸ ਪ੍ਰਾਜੈਕਟ ਦੇ ਜ਼ਰੀਏ, ਮੈਂਬਰ ਦੇਸ਼ ਏਸ਼ੀਆ, ਅਰਬ ਦੀ ਖਾੜੀ ਅਤੇ ਯੂਰਪ ਵਿਚਕਾਰ ਆਰਥਿਕ ਵਿਕਾਸ ਸਥਾਪਤ ਕਰਨ ਦੀ ਉਮੀਦ ਕਰ ਰਹੇ ਹਨ।

ਇਹ ਭਾਰਤ, ਸੰਯੁਕਤ ਅਰਬ ਅਮੀਰਾਤ, ਸਾਊਦੀ ਅਰਬ, ਜਾਰਡਨ, ਇਜ਼ਰਾਈਲ ਅਤੇ ਯੂਰਪ ਦੇ ਵਿਚਕਾਰ ਭਰੋਸੇਯੋਗ ਅਤੇ ਲਾਗਤ-ਪ੍ਰਭਾਵਸ਼ਾਲੀ ਸੀਮਾ-ਪਾਰ ਸਮੁੰਦਰੀ ਜਹਾਜ਼ ਤੋਂ ਰੇਲ ਆਵਾਜਾਈ ਪ੍ਰਦਾਨ ਕਰੇਗਾ। ਮੱਧ ਪੂਰਬ ਅਤੇ ਯੂਰਪ ਦੋਵੇਂ ਭਾਰਤ ਲਈ ਪ੍ਰਮੁੱਖ ਬਾਜ਼ਾਰ ਹਨ ਜੋ ਵਿਸ਼ਵ ਪੱਧਰ 'ਤੇ ਇਸ ਦੀ ਮੁਕਾਬਲੇਬਾਜ਼ੀ ਨੂੰ ਬਹੁਤ ਵਧਾਏਗਾ।

ਭਾਰਤ-ਮੱਧ ਪੂਰਬ-ਯੂਰਪ ਆਰਥਿਕ ਗਲਿਆਰੇ ਦੇ ਮੈਂਬਰ ਭਾਰਤ, ਸਾਊਦੀ ਅਰਬ, ਯੂਰਪੀਅਨ ਯੂਨੀਅਨ, ਸੰਯੁਕਤ ਅਰਬ ਅਮੀਰਾਤ, ਫਰਾਂਸ, ਜਰਮਨੀ, ਇਟਲੀ ਅਤੇ ਸੰਯੁਕਤ ਰਾਜ ਅਮਰੀਕਾ ਹਨ। ਜਹਾਜ਼ ਅਤੇ ਰੇਲ ਸੰਪਰਕ ਦਾ ਵਿਚਾਰ 12ਯੂ2 ਗਰੁੱਪ ਦੀ ਪਿਛਲੇ 18 ਮਹੀਨਿਆਂ ਵਿੱਚ ਹੋਈ ਗੱਲਬਾਤ ਦੌਰਾਨ ਆਇਆ। ਇਹ ਗਰੁੱਪ ਭਾਰਤ, ਇਜ਼ਰਾਈਲ, ਸੰਯੁਕਤ ਅਰਬ ਅਮੀਰਾਤ ਅਤੇ ਸੰਯੁਕਤ ਰਾਜ ਅਮਰੀਕਾ ਦਾ ਇੱਕ ਸਮੂਹ ਹੈ। ਐਕਸੀਓਸ ਦੀਆਂ ਰਿਪੋਰਟਾਂ ਦੇ ਅਨੁਸਾਰ, ਇਜ਼ਰਾਈਲ ਨੇ ਇਸ ਖੇਤਰ ਨੂੰ ਰੇਲਵੇ ਦੁਆਰਾ ਜੋੜਨ ਦਾ ਵਿਚਾਰ ਉਠਾਇਆ ਸੀ।

ਕੀ ਹੈ ਭਾਰਤ-ਮੱਧ ਪੂਰਬ-ਯੂਰਪ ਆਰਥਿਕ ਗਲਿਆਰੇ ਦਾ ਮਕਸਦ ?

ਆਈ.ਐਮ.ਈ.ਸੀ. ਤੋਂ ਏਸ਼ੀਆ, ਅਰਬ ਦੀ ਖਾੜੀ ਅਤੇ ਯੂਰਪ ਦੇ ਵਿਚਕਾਰ ਵਧੀ ਹੋਈ ਸੰਪਰਕ ਅਤੇ ਆਰਥਿਕ ਏਕੀਕਰਣ ਦੁਆਰਾ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਦੀ ਉਮੀਦ ਹੈ।

ਸਮਝੌਤਾ ਮੈਮੋਰੰਡਮ ਦੇ ਅਨੁਸਾਰ, ਐਮ.ਓ.ਯੂ. ਵਿੱਚ ਦੋ ਵੱਖਰੇ ਗਲਿਆਰੇ ਸ਼ਾਮਲ ਹੋਣਗੇ, ਪੂਰਬੀ ਕੋਰੀਡੋਰ ਜੋ ਭਾਰਤ ਨੂੰ ਅਰਬ ਦੀ ਖਾੜੀ ਨਾਲ ਜੋੜੇਗਾ ਅਤੇ ਉੱਤਰੀ ਗਲਿਆਰਾ ਜੋ ਅਰਬ ਦੀ ਖਾੜੀ ਨੂੰ ਯੂਰਪ ਨਾਲ ਜੋੜੇਗਾ।

ਪ੍ਰੋਜੈਕਟ ਵਿੱਚ ਇੱਕ ਰੇਲਵੇ ਸ਼ਾਮਲ ਹੋਵੇਗਾ ਜੋ ਮੌਜੂਦਾ ਸਮੁੰਦਰੀ ਅਤੇ ਸੜਕੀਂ ਆਵਾਜਾਈ ਰੂਟਾਂ ਨੂੰ ਪੂਰਕ ਕਰਨ ਲਈ ਇੱਕ ਭਰੋਸੇਯੋਗ ਅਤੇ ਲਾਗਤ-ਪ੍ਰਭਾਵਸ਼ਾਲੀ ਕਰਾਸ-ਬਾਰਡਰ ਸਮੁੰਦਰੀ ਜਹਾਜ਼-ਤੋਂ-ਰੇਲ ਟ੍ਰਾਂਜ਼ਿਟ ਨੈਟਵਰਕ ਪ੍ਰਦਾਨ ਕਰੇਗਾ।

ਇਹ ਪ੍ਰੋਜੈਕਟ ਭਾਰਤ, ਯੂਏਈ, ਸਾਊਦੀ ਅਰਬ, ਜਾਰਡਨ, ਇਜ਼ਰਾਈਲ ਅਤੇ ਯੂਰਪ ਦੇ ਵਿਚਕਾਰ, ਤੋਂ ਅਤੇ ਵਿਚਕਾਰ ਮਾਲ ਅਤੇ ਸੇਵਾਵਾਂ ਨੂੰ ਆਵਾਜਾਈ ਦੇ ਯੋਗ ਬਣਾਏਗਾ।

ਆਈ.ਐਮ.ਈ.ਸੀ. ਕੋਰੀਡੋਰ ਖੇਤਰੀ ਸਪਲਾਈ ਚੇਨਾਂ ਨੂੰ ਸੁਰੱਖਿਅਤ ਕਰੇਗਾ ਜੋ ਵਪਾਰਕ ਪਹੁੰਚ ਯੋਗਤਾ ਨੂੰ ਹੁਲਾਰਾ ਦੇਵੇਗਾ, ਵਪਾਰ ਦੀ ਸਹੂਲਤ ਨੂੰ ਵਧਾਏਗਾ, ਅਤੇ ਵਾਤਾਵਰਣ, ਸਮਾਜ ਅਤੇ ਸਰਕਾਰ 'ਤੇ ਪ੍ਰਭਾਵਾਂ 'ਤੇ ਵਧੇਰੇ ਧਿਆਨ ਕੇਂਦਰਿਤ ਕਰੇਗਾ।

ਇਸ ਪ੍ਰੋਜੈਕਟ ਦੇ ਜ਼ਰੀਏ, ਮੈਂਬਰ ਦੇਸ਼ ਆਰਥਿਕ ਏਕਤਾ ਨੂੰ ਹੁਲਾਰਾ ਦੇਣ, ਲਾਗਤ ਘਟਾਉਣ, ਕੁਸ਼ਲਤਾ ਵਧਾਉਣ, ਨੌਕਰੀਆਂ ਪੈਦਾ ਕਰਨ ਅਤੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਦੀ ਉਮੀਦ ਕਰ ਰਹੇ ਹਨ, ਜਿਸ ਨਾਲ ਏਸ਼ੀਆ, ਯੂਰਪ ਅਤੇ ਮੱਧ ਪੂਰਬ ਦੇ ਬੁਨਿਆਦੀ ਏਕੀਕਰਨ ਦੀ ਅਗਵਾਈ ਕੀਤੀ ਜਾ ਰਹੀ ਹੈ।

ਭਾਰਤ ਨੂੰ ਕਿਵੇਂ ਲਾਭ ਹੋਵੇਗਾ

ਜਿਵੇਂ ਕਿ ਇਹ ਪ੍ਰੋਜੈਕਟ ਭਾਰਤ ਨੂੰ ਸਮੁੰਦਰ ਅਤੇ ਬੰਦਰਗਾਹ ਦੁਆਰਾ ਮੱਧ ਪੂਰਬ ਰਾਹੀਂ ਯੂਰਪ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹੈ, ਭਾਰਤ ਦਾ ਉਦੇਸ਼ ਬਹੁਤ ਜ਼ਿਆਦਾ ਲਾਭ ਪ੍ਰਾਪਤ ਕਰਨਾ ਹੈ ਕਿਉਂਕਿ ਇਹ ਦੇਸ਼ ਨੂੰ ਕਾਫ਼ੀ ਰਣਨੀਤਕ ਅਤੇ ਆਰਥਿਕ ਕਿਨਾਰੇ ਪ੍ਰਦਾਨ ਕਰੇਗਾ, ਨਾਲ ਹੀ ਲੌਜਿਸਟਿਕਸ ਅਤੇ ਆਵਾਜਾਈ ਦੇ ਖੇਤਰ ਵਿੱਚ ਬਹੁਤ ਸਾਰੇ ਮੌਕੇ ਖੋਲ੍ਹੇਗਾ।

ਆਈ.ਐਮ.ਈ.ਸੀ. ਪ੍ਰੋਜੈਕਟ ਇਹ ਵੀ ਮੁੜ ਆਕਾਰ ਦੇਵੇਗਾ ਕਿ ਕਿਵੇਂ ਸਾਮਾਨ ਅਤੇ ਸੇਵਾਵਾਂ ਨੂੰ ਮਹਾਂਦੀਪਾਂ ਵਿੱਚ ਲਿਜਾਇਆ ਜਾਂਦਾ ਹੈ ਕਿਉਂਕਿ ਇਹ ਲੌਜਿਸਟਿਕਲ ਲਾਗਤਾਂ ਨੂੰ ਘਟਾਏਗਾ ਅਤੇ ਇਹ ਯਕੀਨੀ ਬਣਾਏਗਾ ਕਿ ਸ਼ਿਪਮੈਂਟ ਹੋਰ ਤੇਜ਼ੀ ਨਾਲ ਪਹੁੰਚ ਸਕੇ।

# ਅਮਰੀਕਾ ਖ਼ਬਰਨਾਮਾ

### ਰਿਪੋਰਟ ਨੇ ਪੇਸ਼ ਕੀਤੀ ਲੰਬੀ ਇੰਤਜ਼ਾਰ ਸੂਚੀ ਦੀ ਚਿੰਤਾਜਨਕ ਤਸਵੀਰ

## ਗਰੀਨ ਕਾਰਡ ਲੈਣ ਤੋਂ ਪਹਿਲਾਂ ਮਰ ਚੁੱਕੇ ਹੋਣਗੇ ਚਾਰ ਲੱਖ ਭਾਰਤੀ

ਵਾਸ਼ਿੰਗਟਨ/ ਏ.ਟੀ.ਨਿਊਜ਼: ਅਮਰੀਕਾ 'ਚ ਗਰੀਨ ਕਾਰਡ ਦਾ ਇੰਤਜ਼ਾਰ ਕਰ ਰਹੇ ਭਾਰਤੀਆਂ ਨੂੰ ਲੈ ਕੇ ਇਕ ਹੈਰਾਨ ਕਰ ਦੇਣ ਵਾਲੀ ਜਾਣਕਾਰੀ ਸਾਹਮਣੇ ਆਈ ਹੈ। ਇਕ ਰਿਪੋਰਟ ਮੁਤਾਬਕ ਅਮਰੀਕਾ 'ਚ 10.5 ਲੱਖ ਤੋਂ ਜ਼ਿਆਦਾ ਭਾਰਤੀ ਰੁਜ਼ਗਾਰ ਆਧਾਰਿਤ ਗਰੀਨ ਕਾਰਡ ਦਾ ਇੰਤਜ਼ਾਰ ਕਰ ਰਹੇ ਹਨ। ਕਿਹਾ ਗਿਆ ਹੈ ਕਿ ਜੇ ਇੰਤਜ਼ਾਰ ਦੀ ਇਹੋ ਸਥਿਤੀ ਰਹੀ ਤਾਂ ਇਨ੍ਹਾਂ 'ਚੋਂ ਚਾਰ ਲੱਖ ਲੋਕ ਇਸ ਦਸਤਾਵੇਜ਼ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਮੌਤ ਦੇ ਮੂੰਹ 'ਚ ਜਾ ਚੁੱਕੇ ਹੋਣਗੇ।




ਅਮਰੀਕੀ ਗਰੀਨ ਕਾਰਡ ਨੂੰ ਅਧਿਕਾਰਤ ਤੌਰ 'ਤੇ ਸਥਾਈ ਨਿਵਾਸ ਕਾਰਡ ਦੇ ਰੂਪ 'ਚ ਜਾਣਿਆ ਜਾਂਦਾ ਹੈ। ਇਹ ਪਰਵਾਸੀਆਂ ਨੂੰ ਜਾਰੀ ਹੋਣ ਵਾਲਾ ਅਜਿਹਾ ਦਸਤਾਵੇਜ਼ ਹੈ, ਜੋ ਉਨ੍ਹਾਂ ਨੂੰ ਅਮਰੀਕਾ 'ਚ ਸਥਾਈ ਰੂਪ 'ਚ ਰਹਿਣ ਦਾ ਅਧਿਕਾਰ ਦਿੰਦਾ ਹੈ। ਹਰ ਦੇਸ਼ ਦੇ ਨਾਗਰਿਕਾਂ ਲਈ ਗਰੀਨ ਕਾਰਡ ਜਾਰੀ ਕਰਨ ਦੀ ਇੱਕ ਗਿਣਤੀ ਤੈਅ ਕੀਤੀ ਗਈ ਹੈ। ਕੈਟੋ ਇੰਸਟੀਚਿਊਟ ਦੇ ਅਮਰੀਕੀ ਉਦਾਰਵਾਦੀ ਥਿੰਕ ਟੈਂਕ ਡੇਵਿਡ ਜੇ ਬੀਅਰ ਦੇ ਅਧਿਐਨ ਅਨੁਸਾਰ ਰੁਜ਼ਗਾਰ ਆਧਾਰਿਤ ਗਰੀਨ ਕਾਰਡ ਦੀ ਇੰਤਜ਼ਾਰ ਸੂਚੀ ਇਸ ਸਾਲ 18 ਲੱਖ ਦੇ ਨਵੇਂ ਰਿਕਾਰਡ 'ਤੇ ਪਹੁੰਚ ਗਈ। ਇਨ੍ਹਾਂ 'ਚੋਂ ਤਕਰੀਬਨ 11 ਲੱਖ (63 ਫ਼ੀਸਦੀ) ਭਾਰਤੀ ਤੇ ਢਾਈ ਲੱਖ (14 ਫ਼ੀਸਦੀ) ਚੀਨ ਦੇ ਸਨ।

ਗਰੀਨ ਕਾਰਡ ਦੀ ਲੰਬੀ ਇੰਤਜ਼ਾਰ ਸੂਚੀ ਦਾ ਮੁੱਢਲਾ ਕਾਰਨ ਲੋਕ ਇਸ ਦੀ ਤੈਅ ਗਿਣਤੀ ਦਾ ਘੱਟ ਹੋਣਾ ਮੰਨਦੇ ਹਨ। ਮੌਜੂਦਾ ਨਿਯਮ ਅਨੁਸਾਰ ਕਿਸੇ ਵੀ ਦੇਸ਼ ਨੂੰ ਸੱਤ ਫ਼ੀਸਦੀ ਤੋਂ ਜ਼ਿਆਦਾ ਗਰੀਨ ਕਾਰਡ ਜਾਰੀ ਨਹੀਂ ਕੀਤਾ ਜਾ ਸਕਦਾ। ਰਿਪੋਰਟ ਅਨੁਸਾਰ ਤਕਰੀਬਨ 11 ਲੱਖ ਭਾਰਤੀ ਬਿਨੈਕਾਰਾਂ ਦੀ ਇੰਤਜ਼ਾਰ ਸੂਚੀ ਸਿਸਟਮ 'ਤੇ ਬੋਝ ਬਣ ਗਈ ਹੈ। ਲੰਬੀ ਇੰਤਜ਼ਾਰ ਸੂਚੀ ਕਾਰਨ ਚਾਰ ਲੱਖ ਭਾਰਤੀਆਂ ਦੀ ਇਸ ਜਨਮ 'ਚ ਗਰੀਨ ਕਾਰਡ ਹਾਸਲ ਕਰਨ ਦੀ ਹਸਰਤ ਪੂਰੀ ਨਹੀਂ ਹੋ ਸਕੇਗੀ।

## ਕੈਲੀਫੋਰਨੀਆ 'ਚ ਭਾਰਤੀ ਮੂਲ ਦੇ ਮਰਹੂਮ ਪੁਲਿਸ ਅਧਿਕਾਰੀ ਦੇ ਨਾਂ 'ਤੇ ਰੱਖਿਆ ਸੜਕ ਦਾ ਨਾਂਅ






ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਕੈਲੀਫੋਰਨੀਆ ਸੂਬੇ 'ਚ ਇੱਕ ਰਾਜ ਮਾਰਗ ਦੇ ਹਿੱਸੇ ਦਾ ਨਾਂ ਭਾਰਤੀ ਮੂਲ ਦੇ ਮਰਹੂਮ ਪੁਲਿਸ ਅਧਿਕਾਰੀ ਰੋਨਿਲ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ।2018 'ਚ ਇੱਕ ਵਿਅਕਤੀ ਨੇ 33 ਸਾਲਾ ਰੋਨਿਲ ਸਿੰਘ ਦੀ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਸ਼ਹੀਦ ਰਾਸ਼ਟਰੀ ਨਾਇਕ ਦਾ ਸਨਮਾਨ ਕਰਨ ਲਈ ਨਿਊਮੈਨ 'ਚ ਰਾਜਮਾਰਗ 33 ਦਾ ਇਹ ਹਿੱਸਾ ਸਨਿੱਚਰਵਾਰ ਨੂੰ ਰੋਨਿਲ ਸਿੰਘ ਨੂੰ ਸਮਰਪਿਤ ਕੀਤਾ ਗਿਆ। ਨਿਊਮੈਨ ਵਿੱਚ ਹਾਈਵੇਅ 33 ਦਾ ਵਿਸਤਾਰ ਸ਼ਨੀਵਾਰ ਨੂੰ ਨਿਊਮੈਨ ਪੁਲਿਸ ਵਿਭਾਗ ਦੇ ਮਿਸਟਰ ਸਿੰਘ ਨੂੰ ਸਮਰਪਿਤ ਕੀਤਾ ਗਿਆ। ਹਾਈਵੇਅ 33 ਅਤੇ ਸਟੂਹਰ ਰੋਡ 'ਤੇ 'ਕਾਰਪੋਰਲ ਰੋਨਿਲ ਸਿੰਘ ਮੈਮੋਰੀਅਲ ਹਾਈਵੇ' ਦੇ ਐਲਾਨ ਵਾਲਾ ਸੰਕੇਤਕ ਬੋਰਡ ਵੀ ਲਾਇਆ ਗਿਆ ਹੈ। ਫਿਜੀ ਦਾ ਰਹਿਣ ਵਾਲਾ ਮਿਸਟਰ ਸਿੰਘ ਜੁਲਾਈ 2011 ਵਿੱਚ ਫੋਰਸ ਵਿੱਚ ਸ਼ਾਮਲ ਹੋਇਆ ਸੀ। ਉਸ ਨੂੰ 26 ਦਸੰਬਰ 2018 ਨੂੰ ਸ਼ੱਕੀ ਸ਼ਰਾਬੀ ਡਰਾਈਵਰ ਨੇ ਗੋਲੀ ਮਾਰ ਦਿੱਤੀ ਸੀ। ਤਿੰਨ ਦਿਨਾਂ ਦੀ ਭਾਲ (ਬਾਕੀ ਸਫ਼ਾ 30 'ਤੇ)

## ਦਰਿਆ 'ਚ ਲਾਈਆਂ ਰੋਕਾਂ ਹਟਾਉਣ ਦੇ ਆਦੇਸ਼

### ਗਵਰਨਰ ਨੇ ਕਿਹਾ ਫ਼ੈਸਲੇ ਨੂੰ ਦੇਣਗੇ ਚੁਣੌਤੀ



ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਇੱਕ ਸੰਘੀ ਅਦਾਲਤ ਨੇ ਟੈਕਸਾਸ ਦੇ ਗਵਰਨਰ ਗਰੇਗ ਅਬੋਟ ਤੇ ਟੈਕਸਾਸ ਰਾਜ ਨੂੰ ਆਦੇਸ਼ ਦਿੱਤਾ ਹੈ ਕਿ ਮੈਕਸੀਕੋ ਨਾਲ ਲੱਗਦੀ ਸਰਹੱਦ ਰਾਹੀਂ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਵਿੱਚ ਦਾਖਲੇ ਨੂੰ ਰੋਕਣ ਲਈ ਰੀਓ ਗਰਾਂਡੇ ਦਰਿਆ ਵਿੱਚ ਲਾਈਆਂ ਤੈਰਦੀਆਂ ਰੋਕਾਂ ਨੂੰ ਘੱਟੋ ਘੱਟ ਆਰਜ਼ੀ ਤੌਰ 'ਤੇ ਹਟਾ ਲਿਆ ਜਾਵੇ। ਇਸ ਨੂੰ ਬਾਈਡਨ ਪ੍ਰਸ਼ਾਸਨ ਦੀ ਜਿੱਤ ਮੰਨਿਆ ਜਾ ਰਿਹਾ ਹੈ।

ਸੀਨੀਅਰ ਯੂ ਐਸ ਜੱਜ ਡੇਵਿਡ ਐਲਨ ਈਜ਼ਰਾ ਨੇ ਆਪਣੇ 42 ਸਫਿਆਂ ਦੇ ਆਦੇਸ਼ ਵਿੱਚ ਕਿਹਾ ਹੈ ਕਿ ਅਮਰੀਕੀ ਨਿਆਂ ਵਿਭਾਗ ਗੁਣਾਂ ਦੋਸ਼ਾਂ ਦੇ ਆਧਾਰ 'ਤੇ ਫੈਸਲਾ ਲੈਣ ਵਿੱਚ ਸਫਲ ਹੋਵੇਗਾ। ਜੱਜ ਨੇ ਇਹ ਫੈਸਲਾ ਦਰਿਆ ਵਿੱਚ ਲਾਈਆਂ ਰੋਕਾਂ ਦੇ ਮਾਮਲੇ ਵਿੱਚ ਗਵਰਨਰ ਅਬੋਟ ਤੇ ਟੈਕਸਾਸ ਰਾਜ ਖ਼ਿਲਾਫ਼ ਜੁਲਾਈ ਵਿੱਚ ਦਾਇਰ ਕੀਤੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਸੁਣਾਇਆ। ਜੱਜ ਨੇ ਕਿਹਾ ਕਿ ਦਰਿਆ ਵਿੱਚ ਲਾਈਆਂ ਤੈਰਦੀਆਂ ਰੋਕਾਂ ਸਮੁੰਦਰੀ ਕਿਸ਼ਤੀਆਂ ਦੇ ਰਾਹ ਵਿੱਚ ਰੁਕਾਵਟ ਹਨ ਤੇ ਇਨ੍ਹਾਂ ਰੋਕਾਂ ਨੂੰ ਲਾਉਣ ਲਈ ਅਮਰੀਕੀ ਕਾਂਗਰਸ ਕੋਲੋਂ ਮਨਜ਼ੂਰੀ ਲੈਣੀ ਪਵੇਗੀ।

ਗਵਰਨਰ ਨੇ ਈਗਲ ਲਾਂਘੇ ਨੇੜੇ ਕੌਮਾਂਤਰੀ ਰੀਓ ਗਰਾਂਡੇ ਦਰਿਆ ਵਿੱਚ ਇਹ ਰੋਕਾਂ ਲਾਉਣ ਦਾ ਆਦੇਸ਼ ਦਿੱਤਾ ਸੀ ਤਾਂ ਜੋ ਬਿਨਾਂ ਕਾਨੂੰਨੀ ਅਧਿਕਾਰ ਦੇ ਟੈਕਸਾਸ ਵਿੱਚ ਦਾਖਲ ਹੁੰਦੇ ਪ੍ਰਵਾਸੀਆਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਿਆ ਜਾ ਸਕੇ। ਅਦਾਲਤ ਦੇ ਫੈਸਲੇ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਅਬੋਟ ਨੇ ਕਿਹਾ ਹੈ ਕਿ ਉਹ ਇਸ ਵਿਰੁੱਧ ਅਪੀਲ ਦਾਇਰ ਕਰਨਗੇ। ਉਨ੍ਹਾਂ ਕਿਹਾ ਕਿ ਅਦਾਲਤ ਦਾ ਨਿਰਨਾ ਰਾਸ਼ਟਰਪਤੀ ਬਾਈਡਨ ਦੀ ਟੈਕਸਾਸ ਦੁਆਰਾ ਚੁੱਕੇ ਜਾ ਰਹੇ ਦਰੁਸਤ ਕਦਮਾਂ ਨੂੰ ਮਾਨਤਾ ਨਾ ਦੇਣ ਦੀ ਕੋਸ਼ਿਸ਼ ਦੇ ਹੱਕ ਵਿੱਚ ਭੁਗਤੇਗਾ। ਇਹ ਫੈਸਲਾ ਸਹੀ ਨਹੀਂ ਹੈ ਤੇ ਇਸ ਨੂੰ ਰੱਦ ਕਰਵਾਉਣ ਲਈ ਉਹ ਅਪੀਲ ਦਾਇਰ ਕਰਨਗੇ।

## ਜਾਤੀ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲੇ ਪਾਸ ਹੋਏ ਬਿੱਲ ਦੀ ਹਮਾਇਤ ਵਿੱਚ ਗਵਰਨਰ ਨਿਊਸਮ ਨੂੰ ਮਿਲਣਗੇ ਸਵਰਨਜੀਤ ਸਿੰਘ ਖ਼ਾਲਸਾ

### ਵੰਨ ਨੇਸ਼ਨ ਵੰਨ ਇਲੈਕਸ਼ਨ ਦੀ ਹਮਾਇਤ ਕਰਕੇ ਬਾਦਲਾਂ ਨੇ ਪੰਥ ਨਾਲ ਧੋਖਾ ਕੀਤਾ

ਕੈਲੀਫੋਰਨੀਆ/ਏ.ਟੀ.ਨਿਊਜ਼ :ਸਵਰਨਜੀਤ ਸਿੰਘ ਖ਼ਾਲਸਾ ਮੈਂਬਰ ਨੋਰਵਿਚ ਦੇ ਕਨੈਕਟੀਕਟ ਵਿੱਚ ਸਿਟੀ ਕੌਂਸਲ ਕੈਲੀਫੋਰਨੀਆ ਸਟੇਟ ਅਸੈਂਬਲੀ, ਡਾਇਰੈਕਟਰ ਸਿੱਖ ਆਰਟ ਗੈਲਰੀ ਨੇ ਜਾਤੀ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲੇ ਪਾਸ ਹੋਏ ਬਿੱਲ ਐਸਬੀ- 403 (ਜੋ ਕਿ ਅਫਗਾਨ-ਅਮਰੀਕਨ ਮੂਲ ਦੀ ਫਰੀਮਾਂਟ ਕੈਲੀਫੋਰਨੀਆ ਤੋਂ



ਡੈਮੋਕਰੈਟਿਕ ਸੈਨੇਟਰ ਆਇਸ਼ਾ ਵਹਾਬ ਵੱਲੋਂ ਲਿਆਂਦਾ ਗਿਆ ਸੀ), ਦਾ ਪੂਰਾ ਸਮਰਥਨ ਕਰਦਿਆਂ ਕਿਹਾ ਕਿ ਉਸਦੀ ਅਮਰੀਕਨ ਸਿੱਖ ਸੰਗਤ ਹਮਾਇਤ ਕਰਦੀ ਹੈ ਤੇ ਆਪਣੇ ਦਬੇ ਕੁਚਲੇ ਭਾਈਚਾਰੇ ਨਾਲ ਖਲੌਤੀ ਹੈ। ਉਹਨਾਂ ਕਿਹਾ ਕਿ ਅਸੀਂ ਸਿੱਖ ਪੰਥ ਵਾਲੇ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਲਈ ਸੁਰੱਖਿਆ ਤੇ ਨਿਆਂ ਨੂੰ ਮਜ਼ਬੂਤ ਕਰਨ ਦੇ ਹੱਕ ਵਿੱਚ ਹਾਂ। ਗਵਰਨਰ ਗੈਵਿਨ ਨਿਊਸਮ ਨੂੰ ਅਪੀਲ ਕਰਦਿਆਂ ਖ਼ਾਲਸਾ ਨੇ ਕਿਹਾ ਕਿ ਇਸ ਬਿੱਲ ਨੂੰ ਜਲਦ ਤੋਂ ਜਲਦ ਮਨਜ਼ੂਰੀ ਦਿੱਤੀ ਜਾਵੇ ਤੇ ਮਨੁੱਖੀ ਅਧਿਕਾਰਾਂ ਦੀ ਰਖਿਆ ਕੀਤੀ ਜਾਵੇ। ਉਹਨਾਂ ਕਿਹਾ ਕਿ ਉਹ ਇਸ ਸੰਬੰਧ ਵਿੱਚ ਗਵਰਨਰ ਨੂੰ ਜਲਦੀ ਬੇਨਤੀ ਪੱਤਰ ਲਿਖਣਗੇ ਤੇ ਮਿਲਣਗੇ ਵੀ। ਉਹਨਾਂ ਕਿਹਾ ਕਿ ਸਿੱਖ ਸਿਧਾਂਤ ਦੀ ਨਜ਼ਰ ਵਿੱਚ ਸਿੱਖ ਪੰਥ ਜਾਤੀ ਵਿਤਕਰਾ ਕਰਨ ਵਾਲੇ ਵਿਚਾਰ (ਬਾਕੀ ਸਫ਼ਾ 30 'ਤੇ)

### ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਕੁੱਤਿਆਂ ਦੀਆਂ ਲੜਾਈਆਂ ਕਰਵਾਉਣ ਦਾ ਮਾਮਲਾ

## ਅਮਰੀਕਾ ਦੀ ਇੱਕ ਸੰਘੀ ਗਰੈਂਡ ਜਿਊਰੀ ਵੱਲੋਂ 21 ਵਿਅਕਤੀਆਂ ਵਿਰੁੱਧ ਦੋਸ਼ ਆਇਦ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਦੀ ਇੱਕ ਸੰਘੀ ਗਰੈਂਡ ਜਿਊਰੀ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਤੇ ਕੁੱਤਿਆਂ ਦੀ ਲੜਾਈ ਕਰਵਾਉਣ ਦੇ ਮਾਮਲਿਆਂ ਵਿੱਚ 21 ਵਿਅਕਤੀਆਂ ਵਿਰੁੱਧ ਦੋਸ਼ ਆਇਦ ਕਰਨ ਦਾ ਫੈਸਲਾ ਸੁਣਾਇਆ ਹੈ। ਇਹ ਐਲਾਨ ਇੰਡਿਆਨਾ ਰਾਜ ਦੇ ਅਧਿਕਾਰੀਆਂ ਨੇ ਕੀਤਾ ਹੈ। ਇੰਡਿਆਨਾ ਦੇ ਦੱਖਣੀ ਜ਼ਿਲ੍ਹੇ ਦੇ ਯੂ ਐਸ ਅਟਾਰਨੀ ਜ਼ਾਚਰੀ ਮਾਇਰਜ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਇਨ੍ਹਾਂ ਵਿਅਕਤੀਆਂ ਵਿਰੁੱਧ ਹਥਿਆਰ ਬੰਦ



ਫੈਂਟਾਨਾਇਲ, ਕੋਕੀਨ ਤੇ ਮੈਥੰਫੈਟਾਮਾਈਨ ਦੀ ਤਸਕਰੀ ਕਰਨ ਤੋਂ ਇਲਾਵਾ ਪੈਸੇ ਨੂੰ ਚਿੱਟਾ ਕਰਨ ਤੇ ਪਸ਼ੂਆਂ ਦੀ ਲੜਾਈ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਸਬੰਧੀ ਦੋਸ਼ ਆਇਦ ਕੀਤੇ ਗਏ ਹਨ। ਇਹ ਦੋਸ਼ 2022 ਤੋਂ ਸ਼ੁਰੂ ਹੋਈ ਜਾਂਚ ਦਾ ਸਿੱਟਾ ਹੈ। ਮਾਇਰਜ ਅਨੁਸਾਰ ਇਹ ਜਾਂਚ ਦੋ ਸ਼ੱਕੀ ਦੋਸ਼ੀਆਂ ਬਾਰੇ ਸੀ ਜਿਨ੍ਹਾਂ ਨੇ ਕਥਿਤ ਤੌਰ 'ਤੇ ਮੈਕਸੀਕੋ ਤੋਂ ਅਮਰੀਕਾ ਵਿੱਚ ਫੈਂਟਾਨਾਇਲ, ਮੈਥੰਫੈਟਾਮਾਈਨ ਤੇ ਕੁਕੀਨ ਦੀ ਤਸਕਰੀ ਕੀਤੀ ਤੇ ਨਸ਼ੀਲੇ ਪਦਾਰਥਾਂ ਨੂੰ ਇੰਡਿਆਨਪੋਲਿਸ ਤੇ ਕੇਂਦਰੀ ਇੰਡਿਆਨਾ ਵਿਚ ਵੰਡਿਆ। ਮਾਇਰਜ ਨੇ ਕਿਹਾ ਕਿ ਭਗੌੜੇ ਗਰੇਗੋਰੀ ਹੈਂਡਸਰਸਨ ਜੂਨੀਅਰ ਸਮੇਤ (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh  Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: Anil Kumar  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

## ਕੈਨੇਡਾ ਬਨਾਮ ਭਾਰਤ

# ਜਸਟਿਨ ਟਰੂਡੋ ਦੀ ਭਾਰਤ ਫ਼ੇਰੀ ਕਾਰਨ ਗਰਮਾਈ ਕੈਨੇਡਾ ਦੀ ਸਿਆਸਤ

## ਟਰੂਡੋ ਦੀ ਭਾਰਤ ਫੇਰੀ ਅਸਫ਼ਲ ਤੇ ਸ਼ਰਮਨਾਕ: ਕੈਨੇਡਾ ਮੀਡੀਆ

## ਟਰੂਡੋ ਲਈ ਮੁਸ਼ਕਿਲਾਂ ਭਰੀ ਸਾਬਤ ਹੋਈ ਭਾਰਤ ਯਾਤਰਾ

ਟੋਰਾਂਟੋ/ ਏ.ਟੀ.ਨਿਊਜ਼: ਭਾਰਤ ਵਿੱਚ ਕਰਵਾਏ ਗਏ ਜੀ 20 ਸੰਮੇਲਨ ਦੀਆਂ ਚਰਚਾਵਾਂ ਪੂਰੀ ਦੁਨੀਆਂ ਵਿੱਚ ਹੋ ਰਹੀਆਂ ਹਨ, ਜਿਹਨਾਂ ਵਿੱਚ ਕੈਨੇਡਾ ਵੀ ਸ਼ਾਮਲ ਹੈ, ਪਰ ਕੈਨੇਡਾ ਵਿੱਚ ਹੋ ਰਹੀ ਚ ਰਚਾ ਹੋ ਰਨਾਂ ਦੇਸ਼ਾਂ ਵਿੱਚ ਹੁੰਦੀ ਚਰਚਾ ਤੋਂ ਵੱਖਰੀ ਹੈ। ਇਸ ਦਾ ਕਾਰਨ ਇਹ ਹੈ ਕਿ ਕੈਨੇਡਾ ਵਿੱਚ ਸਿੱਖ ਭਾਈਚਾਰਾ ਵੱਡੀ ਗਿਣਤੀ ਵਿੱਚ ਵਸਦਾ ਹੈ, ਜਿਸ ਦੀ ਆਬਾਦੀ ਦਾ ਵੱਡਾ ਹਿਸਾ ਭਾਰਤ ਵਿਰੋਧੀ ਅਤੇ ਖ਼ਾਲਿਸਤਾਨ ਪੱਖੀ ਹੈ। ਇਸੇ ਕਾਰਨ ਭਾਰਤੀ ਪੰਜਾਬ ਜਾਂ ਭਾਰਤ ਵਿੱਚ ਹੁੰਦੀ ਕਿਸੇ ਵੀ ਘਟਨਾ ਦਾ ਅਸਰ ਕੈਨੇਡਾ ਵਿੱਚ ਤੁਰੰਤ ਹੁੰਦਾ ਹੈ।

ਇਸ ਸਮੇਂ ਕੈਨੇਡਾ ਵਿੱਚ ਭਾਰਤ ਵਿੱਚ ਕਰਵਾਏ ਗਏ ਜੀ 20 ਸੰਮੇਲਨ ਦੌਰਾਨ ਕੈਨੇਡ ਅਤੇ ਅਮਰੀਕਾ ਵੱਲੋਂ ਨਿਭਾਈ ਗਈ ਭੂਮਿਕਾ ਦੀ ਹੋ ਰਹੀ ਹੈ। ਜੀ 20 ਸੰਮੇਲਨ ਦੌਰਾਨ ਟਰੂਡੋ ਦੀਆਂ ਸਰਗਰਮੀਆਂ ਜਾਂ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਨਾਲ ਹੋਈ ਗਲਬਾਤ ਨੂੰ ਵੇਖਦਿਆਂ ਕੈਨੇਡਾ ਦੇ ਮੀਡੀਆ ਦੁਆਰਾ ਕਾਫ਼ੀ ਕੁਝ ਕਿਹਾ ਜਾ ਰਿਹਾ ਹੈ, ਜਿਸ ਵਿੱਚ ਅਕਸਰ ਟਰੂਡੋ ਵਿਰੋਧੀ ਗੱਲਾਂ ਹੁੰਦੀਆਂ ਹਨ। ਇਸ ਕਾਰਨ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੂੰ ਆਪਣੇ ਹੀ ਦੇਸ਼ ਵਿੱਚ ਆਲੋਚਨਾਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜੀ-20 ਸੰਮੇਲਨ 'ਚ ਹਿੱਸਾ ਲੈਣ ਲਈ ਭਾਰਤ ਆਏ ਸਨ। ਦੁਨੀਆਂ ਦੇ ਬਾਕੀ ਨੇਤਾਵਾਂ ਵਾਂਗ ਉਨ੍ਹਾਂ ਨੇ ਵੀ ਐਤਵਾਰ ਨੂੰ ਵਾਪਸ ਜਾਣਾ ਸੀ ਪਰ ਜਹਾਜ਼ 'ਚ ਤਕਨੀਕੀ ਖ਼ਰਾਬੀ ਕਾਰਨ ਉਹ ਮੰਗਲਵਾਰ ਦੀ ਦੁਪਹਿਰ ਨੂੰ ਹੀ ਦਿੱਲੀ ਤੋਂ ਵਾਪਸੀ ਕਰ ਸਕੇ। ਟਰੂਡੋ ਦੀ ਇਹ ਯਾਤਰਾ ਮੁਸ਼ਕਿਲਾਂ ਭਰੀ ਸਾਬਤ ਹੋ ਰਹੀ ਹੈ। ਇੱਕ ਪਾਸੇ ਭਾਰਤ ਵਿੱਚ ਉਨ੍ਹਾਂ ਨੂੰ ਬਹੁਤੀ ਤਵੱਜੋ ਨਹੀਂ ਮਿਲੀ ਅਤੇ ਦੂਜੇ ਪਾਸੇ ਕੈਨੇਡਾ ਵਿੱਚ ਵੀ ਉਨ੍ਹਾਂ ਨੂੰ ਘੇਰਿਆ ਜਾ ਰਿਹਾ ਹੈ।

ਕੈਨੇਡਾ ਦੇ ਮੀਡੀਆ ਵਿੱਚ ਇਸ ਸਮੇਂ ਪੂਰਾ ਮਾਹੌਲ ਟਰੂਡੋ ਵਿਰੋਧੀ ਬਣਿਆ ਹੋਇਆ ਹੈ ਅਤੇ ਟਰੂਡੋ ਦੀ ਲਗਾਤਾਰ ਅਨੇਕਾਂ ਆਗੂਆਂ ਵੱਲੋਂ ਨਿਖੇਧੀ ਵੀ ਕੀਤੀ ਜਾ ਰਹੀ ਹੈ। ਕੈਨੇਡਾ ਦੇ ਮੀਡੀਆ ਵਿੱਚ ਉਨ੍ਹਾਂ ਦੇ ਦੌਰੇ ਨੂੰ 'ਅਸਫ਼ਲ' ਅਤੇ 'ਸ਼ਰਮਨਾਕ' ਤੱਕ ਆਖਿਆ ਜਾ ਰਿਹਾ ਹੈ। ਕੈਨੇਡਾ ਦਾ ਮੀਡੀਆ ਪ੍ਰਧਾਨ ਮੰਤਰੀ ਬਣਨ ਤੋਂ



ਬਾਅਦ 2018 ਵਿੱਚ ਉਨ੍ਹਾਂ ਦੀ ਪਹਿਲੀ 'ਅਸਫ਼ਲ' ਭਾਰਤ ਫੇਰੀ ਦੀ ਵੀ ਯਾਦ ਦਿਵਾ ਰਿਹਾ ਹੈ, ਜਦੋਂ ਉਨ੍ਹਾਂ ਨੇ ਇੱਕ 'ਦੋਸ਼ੀ ਠਹਿਰਾਏ ਗਏ ਅੱਤਵਾਦੀ' ਨੂੰ ਆਪਣੇ ਨਾਲ ਡਿਨਰ ਲਈ ਸੱਦਾ ਦਿੱਤਾ ਸੀ।

ਜਦੋਂ ਟਰੂਡੋ ਨੂੰ ਇਸ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਹੱਸ ਕੇ ਟਾਲਣ ਦੀ ਕੋਸ਼ਿਸ਼ ਕੀਤੀ ਪਰ ਕੈਨੇਡਾ ਦੇ ਮੀਡੀਆ ਵਿੱਚ ਇਹ ਕਿਹਾ ਜਾ ਰਿਹਾ ਹੈ ਕਿ ਗੱਲ ਸਿਰਫ਼ ਇੰਨੀ ਨਹੀਂ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸ਼ਨੀਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਦੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਖ਼ਾਲਿਸਤਾਨ ਅਤੇ ਵਿਦੇਸ਼ੀ ਦਖਲ ਦੇ ਮੁੱਦੇ ਉੱਪਰ ਕਈ ਵਾਰ ਗੱਲਬਾਤ ਹੋਈ ਹੈ। ਜਸਟਿਨ ਟਰੂਡੋ ਨੇ ਕਿਹਾ ਸੀ ਕਿ ਹਾਲਾਂ ਕਿ ਕੁਝ ਲੋਕਾਂ ਦੀਆਂ ਕਾਰਵਾਈਆਂ ਕਿਸੇ ਭਾਈਚਾਰੇ ਜਾਂ ਕੈਨੇਡਾ ਦੀ ਨੁਮਾਇੰਦਗੀ ਨਹੀਂ ਕਰਦੀਆਂ। ਉਨ੍ਹਾਂ ਦਾ ਇਹ ਬਿਆਨ ਮੀਡੀਆ ਵੱਲੋਂ ਕੈਨੇਡਾ ਵਿੱਚ ਖ਼ਾਲਿਸਤਾਨੀ ਕੱਟੜਪੰਥੀ ਕਾਰਵਾਈਆਂ ਤੇ ਭਾਰਤ ਵੱਲੋਂ ਦਖਲ ਦੇਣ ਦੇ ਜਵਾਬ ਵਿੱਚ ਦਿੱਤਾ ਗਿਆ ਸੀ।

ਇਸ ਦੌਰਾਨ ਉਨ੍ਹਾਂ ਨੇ ਕਿਹਾ ਸੀ ਕਿ ਕੈਨੇਡਾ ਹਮੇਸ਼ਾ ਪ੍ਰਗਟਾਵੇ ਦੀ ਆਜ਼ਾਦੀ, ਵਿਵੇਕ ਦੀ ਆਜ਼ਾਦੀ ਅਤੇ ਸ਼ਾਂਤੀਪੂਰਨ ਵਿਰੋਧ ਦੀ ਆਜ਼ਾਦੀ ਦੀ ਰੱਖਿਆ ਕਰੇਗਾ। ਜਸਟਿਨ ਟਰੂਡੋ ਨਾਲ ਮੀਟਿੰਗ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਟਵੀਟ ਕਰਕੇ ਕਿਹਾ, ਅਸੀਂ ਵੱਖ-ਵੱਖ ਖੇਤਰਾਂ ਵਿੱਚ ਭਾਰਤ-ਕੈਨੇਡਾ ਦੇ ਸਬੰਧਾਂ ਬਾਰੇ ਪੂਰੀ ਚਰਚਾ ਕੀਤੀ।

ਟਰੂਡੋ ਦੀ ਭਾਰਤ ਫੇਰੀ ਤੋਂ ਕੈਨੇਡਾ ਦੇ ਲੋਕਾਂ ਨੂੰ ਬਹੁਤ ਆਸਾਂ ਤੇ ਉਮੀਦਾਂ ਸਨ ਪਰ ਟਰੂਡੋ ਵਲੋਂ ਨਿਭਾਈ ਗਈ ਭੂਮਿਕਾ ਨਾਲ ਕੈਨੇਡਾ ਦੇ ਵਸਨੀਕਾਂ ਖਾਸ ਕਰਕੇ ਸਿੱਖਾਂ ਵਿੱਚ ਟਰੂਡੋ ਸਬੰਧੀ ਕਈ ਤਰਾਂ ਦੀ ਭਾਵਨਾ ਪਾਈ ਜਾ ਰਹੀ ਹੈ ਅਤੇ ਕੈਨੇਡਾ ਦੇ ਮੀਡੀਆ ਵੱਲੋਂ ਵੀ ਇਸ ਨਾਰਾਜ਼ਗੀ ਨੂੰ ਪੂਰੀ ਤਰਾਂ ਉਭਾਰਿਆ ਜਾ ਰਿਹਾ ਹੈ।

### ਵਿਗੜ ਰਹੇ ਆਰਥਿਕ ਰਿਸ਼ਤੇ

ਭਾਰਤ ਅਤੇ ਕੈਨੇਡਾ ਵਿਚਾਲੇ ਇਸ ਸਮੇਂ ਆਰਥਿਕ ਰਿਸ਼ਤੇ ਵੀ ਵਿਗੜ ਰਹੇ ਹਨ। ਭਾਵੇਂ ਕਿ ਇਹ ਵੀ ਕਿਹਾ ਜਾ ਰਿਹਾ ਹੈ ਕਿ ਦੋਵਾਂ ਦੇਸ਼ਾਂ ਨੂੰ ਇੱਕ ਦੂਜੇ ਦੀ ਲੋੜ ਪੈ ਸਕਦੀ ਹੈ ਇਸ ਕਰਕੇ ਦੋਵਾਂ ਦੇਸ਼ਾਂ ਵਿੱਚ ਸੰਬੰਧ ਮਿੱਤਰਤਾ ਪੂਰਨ ਹੋਣੇ ਚਾਹੀਦੇ ਹਨ। ਭਾਰਤ ਪੱਖੀ ਲੋਕ ਕਹਿੰਦੇ ਹਨ ਕਿ ਭਾਰਤ ਇਸ ਵੇਲੇ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹੈ ਅਤੇ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਵਿੱਚੋਂ ਇੱਕ ਹੈ। ਕਰੀਬ ਚਾਰ ਕਰੋੜ ਦੀ ਆਬਾਦੀ ਵਾਲੇ ਕੈਨੇਡਾ ਦੀ ਅਰਥਵਿਵਸਥਾ ਵੀ ਦੁਨੀਆ ਦੀਆਂ ਮੋਹਰੀ 10 ਅਰਥਵਿਵਸਥਾਵਾਂ 'ਚ ਸ਼ਾਮਲ ਹੈ। ਭਾਵੇਂ ਕੈਨੇਡਾ ਆਕਾਰ ਵਿੱਚ ਭਾਰਤ ਨਾਲੋਂ 204 ਫ਼ੀਸਦੀ ਵੱਡਾ ਹੈ, ਪਰ ਕੈਨੇਡਾ ਦੀ ਆਬਾਦੀ ਭਾਰਤ ਨਾਲੋਂ ਬਹੁਤ ਘੱਟ ਹੈ। ਕੈਨੇਡਾ ਦੇ ਮੀਡੀਆ ਵਿੱਚ ਭਾਰਤ ਨਾਲ ਵਧਦੀ ਡਿਪਲੋਮੈਟਿਕ ਦੂਰੀਆਂ ਨੂੰ ਲੈ ਕੇ ਵੀ

(ਬਾਕੀ ਸਫ਼ਾ 29 'ਤੇ)

## ਖ਼ਾਲਿਸਤਾਨ ਲਹਿਰ ਨੂੰ ਲੈ ਕੇ ਟਕਰਾਅ



ਭਾਰਤ ਅਤੇ ਕੈਨੇਡਾ ਵਿਚਾਲੇ ਖ਼ਾਲਿਸਤਾਨ ਸਬੰਧੀ ਵੀ ਵਿਵਾਦ ਹੋ ਰਿਹਾ ਹੈ। ਕੈਨੇਡਾ ਵਿੱਚ ਖ਼ਾਲਿਸਤਾਨੀਆਂ ਨੂੰ ਕਾਫ਼ੀ ਖੁੱਲ ਮਿਲ ੀ ਹੋਈ ਹੈ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਕਹਿ ਚੁਕੇ ਹਨ ਕਿ ਉਹ ਬੋਲਣ ਦੀ ਆਜ਼ਾਦੀ ਨੂੰ ਖੋਹ ਨਹੀਂ ਸਕਦੇ। ਭਾਰਤ ਤੋਂ ਬਾਹਰ ਦੁਨੀਆਂ ਵਿੱਚ ਸਭ ਤੋਂ ਵੱਧ ਸਿੱਖ ਆਬਾਦੀ ਕੈਨੇਡਾ ਵਿੱਚ ਹੀ ਰਹਿੰਦੀ ਹੈ। ਮੋਦੀ ਸਰਕਾਰ ਦੀਆਂ ਕਈ ਨੀਤੀਆਂ, ਜਿਨ੍ਹਾਂ ਵਿੱਚ ਕਿਸਾਨ ਅੰਦੋਲਨ 'ਤੇ ਸਖ਼ਤ ਰੁਖ਼ ਆਦਿ, ਨੂੰ ਕੈਨੇਡਾ 'ਚ ਸਿੱਖ ਵਿਰੋਧੀ ਮੰਨਿਆ ਜਾਂਦਾ ਹੈ। ਟਰੂਡੋ ਨੇ ਕਿਸਾਨ ਅੰਦੋਲਨ ਦੌਰਾਨ ਖੁੱਲ੍ਹ ਕੇ ਅੰਦੋਲਨ ਦੀ ਹਮਾਇਤ ਕੀਤੀ ਸੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਗੱਲ ਕੀਤੀ ਸੀ। ਜੀ-20 ਕਾਨਫਰੰਸ ਦੌਰਾਨ ਭਾਰਤ ਵੱਲੋਂ ਕੈਨੇਡਾ ਨੂੰ ਆਪਣੇ ਦੇਸ਼ ਵਿੱਚ 'ਖ਼ਾਲਿਸਤਾਨੀ ਗਤੀਵਿਧੀਆਂ 'ਤੇ ਕਾਬੂ ਪਾਉਣ ਲਈ ਕਿਹਾ ਜਾਣਾ ਵੀ ਸੁਰਖ਼ੀਆਂ ਵਿੱਚ ਰਿਹਾ ਹੈ।ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਰੂਡੋ ਨਾਲ ਮੁਲਾਕਾਤ ਦੌਰਾਨ ਕੈਨੇਡਾ ਤੋਂ ਚੱਲ ਰਹੀ ਵੱਖਵਾਦੀ 'ਖ਼ਾਲਿਸਤਾਨੀ ਲਹਿਰ' ਦਾ ਮੁੱਦਾ ਵੀ ਚੁੱਕਿਆ ਅਤੇ ਇਸ ਸਬੰਧੀ ਭਾਰਤ ਦੀਆਂ ਚਿੰਤਾਵਾਂ ਵੀ ਜ਼ਾਹਰ ਕੀਤੀਆਂ।

ਉੱਥੇ ਹੀ ਜਿਸ ਦਿਨ ਟਰੂਡੋ ਅਤੇ ਮੋਦੀ ਵਿਚਾਲੇ ਸੰਖੇਪ ਮੁਲਾਕਾਤ ਹੋਈ, ਉਸੇ ਦਿਨ ਕੈਨੇਡਾ ਦੇ ਵੈਨਕੂਵਰ ਵਿੱਚ ਸਿੱਖ ਭਾਈਚਾਰੇ ਨੇ ਪੰਜਾਬ ਸੂਬੇ ਨੂੰ ਭਾਰਤ ਤੋਂ ਵੱਖ ਕਰਨ ਲਈ ਰਾਏ-ਸ਼ੁਮਾਰੀ ਵੀ ਕਰਵਾਈ।

ਦਿੱਲੀ 'ਚ ਜੀ-20 ਦੌਰਾਨ ਮੋਦੀ ਅਤੇ ਟਰੂਡੋ ਵਿਚਾਲੇ ਹੋਈ ਗੱਲਬਾਤ ਤੋਂ ਕੁਝ ਘੰਟੇ ਬਾਅਦ ਵੱਖਵਾਦੀ ਸੰਗਠਨ ਸਿੱਖਸ ਫਾਰ ਜਸਟਿਸ ਨੇ ਵੈਨਕੂਵਰ, ਸਰੀ 'ਚ ਪ੍ਰਦਰਸ਼ਨ ਕੀਤਾ। ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਿੱਖ ਅੰਦੋਲਨ ਵੱਖਵਾਦ ਨੂੰ ਉਤਸ਼ਾਹਿਤ ਕਰਦਾ ਹੈ ਅਤੇ

(ਬਾਕੀ ਸਫ਼ਾ 29 'ਤੇ)

## ਸਵਰਗ ਨਹੀਂ ਜਾਲ ਹੈ ਕੈਨੇਡਾ

# ਗੁਰਦੁਆਰੇ ਤੇ ਮੰਦਿਰਾਂ 'ਚ ਰਹਿਣ ਨੂੰ ਮਜਬੂਰ ਹਨ ਕਈ ਵਿਦਿਆਰਥੀ

ਟੋਰਾਂਟੋ/ਏ.ਟੀ.ਨਿਊਜ਼: ਕੈਨੇਡਾ ਦੇ ਟੋਰਾਂਟੋ ਤੋਂ ਕਰੀਬ 400 ਕਿਲੋਮੀਟਰ ਦੂਰ ਓਨਟਾਰੀਓ ਦੇ ਨੌਰਥ-2 ਸਥਿਤ ਕੈਨੇਡੋਰ ਕਾਲਜ ਵਿੱਚ ਦਾਖ਼ਲਾ ਲੈਣ ਵਾਲੇ ਭਾਰਤੀ ਵਿਦਿਆਰਥੀਆਂ ਨੇ ਵਿਲੱਖਣ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿਦਿਆਰਥੀਆਂ ਨੂੰ ਸਸਤੀਆਂ ਦਰਾਂ 'ਤੇ ਰਿਹਾਇਸ਼ ਨਾ ਦਿੱਤੇ ਜਾਣ ਦੇ ਰੋਸ ਵਿੱਚ ਉਹ ਕਾਲਜ ਦੇ ਸਾਹਮਣੇ ਟੈਂਟ ਲਾ ਕੇ ਧਰਨਾ ਦੇਣ ਲਈ ਬੈਠ ਗਏ। ਇਨ੍ਹਾਂ 50 ਵਿਦਿਆਰਥੀਆਂ 'ਚੋਂ ਜ਼ਿਆਦਾਤਰ ਪੰਜਾਬ ਦੇ ਸਨ ਜੋ ਸੜਕ 'ਤੇ ਟੈਂਟ ਲਗਾ ਕੇ ਪ੍ਰਦਰਸ਼ਨ ਕਰ ਰਹੇ ਸਨ। ਹਾਲਾਂ ਕਿ, ਅੰਤ ਵਿੱਚ ਕਾਲਜ ਦੇ ਅਧਿਕਾਰੀਆਂ ਨੂੰ ਉਨ੍ਹਾਂ ਦੀ ਲੜਾਈ ਅੱਗੇ ਝੁਕਣਾ ਪਿਆ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਸਤੀਆਂ ਦਰਾਂ 'ਤੇ ਕਮਰੇ ਜਾਂ ਰਿਹਾਇਸ਼ ਦੇਣ ਦਾ ਵਾਅਦਾ ਕੀਤਾ। ਇਨ੍ਹਾਂ ਵਿਦਿਆਰਥੀਆਂ ਦੇ ਧਰਨੇ ਵਾਲੇ ਟੈਂਟ ਤਾਂ ਹੁਣ ਹਟ ਗਏ ਹਨ ਪਰ ਸਮੱਸਿਆ ਅਜੇ ਵੀ ਬਣੀ ਹੋਈ ਹੈ।

ਪੂਰੇ ਕੈਨੇਡਾ ਵਿੱਚ ਘਰ ਕਿਰਾਏ 'ਤੇ ਲੈਣਾ ਮਹਿੰਗਾ ਹੋ ਗਿਆ ਹੈ ਅਤੇ ਇਸ ਕਾਰਨ ਉੱਥੇ ਪੜ੍ਹਨ ਲਈ ਗਏ ਭਾਰਤੀ ਵਿਦਿਆਰਥੀਆਂ




ਦਾ ਬਜਟ ਹਿੱਲ ਗਿਆ ਹੈ। ਭਾਰਤ ਤੋਂ ਕੈਨੇਡਾ ਪੜ੍ਹਨ ਲਈ ਗਏ ਕੁਝ ਵਿਦਿਆਰਥੀਆਂ ਨੂੰ ਲੱਗਦਾ ਹੈ ਉਹ ਆਪਣੀ ਰਿਹਾਇਸ਼ ਅਤੇ ਭੋਜਨ ਲਈ ਉਮੀਦ ਨਾਲੋਂ ਲਗਭਗ ਦੁੱਗਣਾ ਖਰਚ ਕਰ ਰਹੇ ਹਨ, ਜਿਸ ਕਾਰਨ ਹੁਣ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਕਿਫਾਇਤੀ ਰਿਹਾਇਸ਼ ਦਾ ਸੰਕਟ ਹੈ, ਇਸ ਸਾਲ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਲਗਭਗ ਦੁੱਗਣੀ ਹੋ ਗਈ ਹੈ, ਜਿਸ ਨਾਲ ਕਿਰਾਇਆ ਮਹਿੰਗਾ ਹੋ ਗਿਆ ਹੈ ਅਤੇ ਬਹੁਤ ਸਾਰੇ ਲੋਕ ਕਈ ਵਾਰ ਗੁਰਦੁਆਰਿਆਂ ਜਾਂ ਮੰਦਰਾਂ ਦਾ ਸਹਾਰਾ ਲੈਂਦੇ ਹਨ।

ਬਹੁਤ ਸਾਰੇ ਭਾਰਤੀ ਵਿਦਿਆਰਥੀਆਂ ਨੇ ਨੌਰਥ-2, ਓਨਟਾਰੀਓ, ਕੈਨੇਡਾ ਵਿੱਚ ਕੈਨੇਡੋਰ ਕਾਲਜ ਵਿੱਚ ਦਾਖ਼ਲਾ ਲਿਆ। ਉਹ ਉੱਥੇ ਪਹੁੰਚ ਗਏ ਪਰ ਉਨ੍ਹਾਂ ਦੇ ਠਹਿਰਨ ਲਈ ਕੋਈ ਥਾਂ ਨਹੀਂ ਸੀ। ਨਾਰਥ-2 ਇੱਕ ਛੋਟਾ ਜਿਹਾ ਸ਼ਹਿਰ ਹੈ ਜਦਕਿ ਇੱਥੋਂ ਦੇ ਕਾਲਜ ਨੇ ਇਸ ਸਾਲ ਕਰੀਬ 3500 ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਹੈ। ਮਕਾਨ ਮਾਲਕ ਭਾਰਤੀ ਵਿਦਿਆਰਥੀਆਂ ਤੋਂ ਇੱਥੇ ਰਹਿਣ ਲਈ ਉਮੀਦ ਤੋਂ ਵੱਧ ਕਿਰਾਇਆ ਮੰਗ ਰਹੇ ਹਨ। ਦੂਜੇ ਪਾਸੇ ਕਾਲਜ ਵੱਲੋਂ ਮੁਹੱਈਆ ਕਰਵਾਏ ਗਏ ਕਮਰੇ ਵੀ ਫੁਲ ਹਨ। ਕੈਨੇਡੋਰ ਕਾਲਜ ਵਿੱਚ ਪ੍ਰੋਜੈਕਟ ਮੈਨੇਜਮੈਂਟ ਆਈਟੀ ਦੇ ਪਹਿਲੇ ਸਾਲ ਵਿੱਚ ਦਾਖ਼ਲ ਮਨਪ੍ਰੀਤ ਕੌਰ ਭਾਰਤੀ ਪੰਜਾਬ ਤੋਂ ਹਨ। ਉਨ੍ਹਾਂ ਨੇ ਆਪਣੇ ਅਕਾਊਂਟ 'ਤੇ ਸੰਕਟ ਬਾਰੇ ਬਣਾਈ ਇੱਕ ਰੀਲ ਵਿੱਚ ਕਿਹਾ ਕਿ ਕਾਲਜ ਸ਼ੁਰੂ ਹੋਣ ਵਾਲਾ ਹੈ ਅਤੇ ਸਾਡੇ ਕੋਲ ਰਹਿਣ ਲਈ ਕੋਈ ਜਗ੍ਹਾ ਨਹੀਂ ਸੀ। ਇੱਥੇ ਹੋਟਲ ਦੀ ਰਿਹਾਇਸ਼ ਮਹਿੰਗੀ ਹੈ। ਇਸ ਲਈ ਅਸੀਂ ਕਾਲਜ ਦੇ ਬਿਲਕੁਲ ਸਾਹਮਣੇ ਇੱਕ ਟੈਂਟ ਵਿੱਚ ਰਹਿ ਕੇ ਵਿਰੋਧ ਕਰਨ ਦਾ ਫ਼ੈਸਲਾ ਲਿਆ।

ਭਾਰਤ ਤੋਂ ਆਏ ਵਿਦਿਆਰਥੀਆਂ ਨੇ ਮੌਂਟਰੀਅਲ ਯੂਥ ਸਟੂਡੈਂਟਸ ਆਰਗੇਨਾਈਜ਼ੇਸ਼ਨ ਗਰੁੱਪ ਬਣਾਇਆ ਗਿਆ ਹੈ। ਉਨ੍ਹਾਂ ਕਾਲਜ ਦੇ ਸਾਹਮਣੇ ਤਖ਼ਤੀਆਂ ਲੈ ਕੇ ਪ੍ਰਦਰਸ਼ਨ ਵੀ ਕੀਤਾ। ਗਰੁੱਪ ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ ਕਿਹਾ ਕਿ ਇਹ ਸਿਰਫ਼ ਨੌਰਥ-ਬੇਅ ਵਿੱਚ ਹੀ ਨਹੀਂ ਬਲਕਿ ਪੂਰੇ ਓਨਟਾਰੀਓ ਵਿੱਚ ਇੱਕ ਸਮੱਸਿਆ ਹੈ।

ਆਪਣਾ ਗੁੱਸਾ ਜ਼ਾਹਰ ਕਰਦਿਆਂ ਇਨ੍ਹਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨਹੀਂ ਪਤਾ ਸੀ ਕਿ ਕੈਨੇਡਾ ਪਹੁੰਚ ਕੇ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ। ਹਾਲਾਂ ਕਿ, ਮਨਪ੍ਰੀਤ ਕੌਰ ਨੇ ਸਥਾਨਕ ਮੀਡੀਆ ਨੂੰ ਦੱਸਿਆ ਹੈ ਕਿ ਫਿਲਹਾਲ ਸਮੱਸਿਆ ਨੂੰ ਲੋੜੀਂਦੇ ਤੌਰ 'ਤੇ ਹੱਲ ਕਰ ਲਿਆ ਹੈ।ਇਸ ਤਰ੍ਹਾਂ ਵਿਦਿਆਰਥੀਆਂ ਦਾ ਵਿਰੋਧ ਤਾਂ ਰੁਕ ਗਿਆ ਹੈ ਪਰ ਉਹ ਅਜੇ ਵੀ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਉਹ ਭਵਿੱਖ ਵਿੱਚ ਕੈਨੇਡਾ ਵਿੱਚ ਕਿਵੇਂ ਰਹਿਣਗੇ।

ਜਾਣਕਾਰਾਂ ਅਨੁਸਾਰ ਭਾਰਤੀ ਵਿਦਿਆਰਥੀਆਂ ਨੂੰ ਪੂਰੇ ਕੈਨੇਡਾ ਵਿੱਚ ਰਹਿਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਜਰਾਤ ਦੇ ਅਹਿਮਦਾਬਾਦ ਵਿੱਚ ਵੀਜ਼ਾ ਸਲਾਹਕਾਰ ਵਜੋਂ ਕੰਮ ਕਰਨ ਵਾਲੇ ਲਲਿਤ ਅਡਵਾਨੀ ਨੇ ਗੱਲ ਕਰਦਿਆਂ ਕਿਹਾ ਕਿ ਕੈਨੇਡਾ ਵਿੱਚ ਮਹਿੰਗਾਈ ਆਪਣੇ ਸਿਖ਼ਰ 'ਤੇ ਹੈ, ਜਿਸ ਕਾਰਨ ਉੱਥੇ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੇ ਖਰਚੇ ਵਧ ਗਏ ਹਨ।

ਓਵਰਸੀਜ਼ ਫਰੈਂਡਜ਼ ਆਫ਼ ਕੈਨੇਡਾ ਦੇ ਚੇਅਰਮੈਨ ਹੇਮੰਤ ਸ਼ਾਹ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਮਨ ਨੂੰ ਹੈਰਾਨ ਕਰਨ ਵਾਲੀ ਗੱਲ ਹੈ ਕਿ ਭਾਰਤੀ ਵਿਦਿਆਰਥੀਆਂ ਨੇ ਕੈਨੇਡਾ ਆਉਣ ਲਈ ਬਹੁਤ ਮਿਹਨਤ ਕੀਤੀ ਹੈ। ਉਹ ਕੈਨੇਡਾ ਦੀ ਵਿੱਤੀ ਰਾਜਧਾਨੀ ਟੋਰਾਂਟੋ ਵਿੱਚ ਜਾਂ ਇਸ ਦੇ ਆਲੇ-ਦੁਆਲੇ ਵਸਣ ਦਾ ਇਰਾਦਾ ਰੱਖਦੇ ਹਨ। ਟੋਰਾਂਟੋ ਇੱਕ ਵੱਡਾ ਸ਼ਹਿਰ ਹੈ, ਮੌਸਮ ਉਨ੍ਹਾਂ ਦੇ

(ਬਾਕੀ ਸਫ਼ਾ 29 'ਤੇ)

# ਦੇਸ਼ ਵਿੱਚ ਪੰਜਾਬ ਦੀ ਧਰਤੀ ਸਭ ਤੋਂ ਵੱਧ ਜ਼ਰਖੇਜ਼: ਮਾਨ

## ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਉਨ੍ਹਾਂ ਦੇ ਹੱਥਾਂ 'ਚ ਟੀਕੇ ਦੀ ਬਜਾਏ ਟਿਫ਼ਿਨ ਦੇਣਾ ਚਾਹੁੰਦੀ ਹੈ ਪੰਜਾਬ ਸਰਕਾਰ

### ਪਹਿਲਾ ਸੈਰ-ਸਪਾਟਾ ਸੰਮੇਲਨ ਅਤੇ ਟਰੈਵਲ ਮਾਰਟ ਕਰਵਾਇਆ

ਐਸ.ਏ.ਐਸ.ਨਗਰ (ਮੋਹਾਲੀ)/ ਏ.ਟੀ.ਨਿਊਜ਼ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਸੂਬੇ ਨੂੰ ਆਲਮੀ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕੀਤਾ ਜਾਵੇਗਾ। ਇਥੇ ਪਹਿਲੇ ਸੈਰ-ਸਪਾਟਾ ਸੰਮੇਲਨ ਅਤੇ ਟਰੈਵਲ ਮਾਰਟ ਦੇ ਉਦਘਾਟਨੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰਾਂ ਨੂੰ ਲੋਕ ਭਲਾਈ ਦੇ ਕੰਮਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਲੋਕਾਂ ਦੀਆਂ ਦੁਆਵਾਂ ਅਤੇ ਸ਼ੁੱਭ ਕਾਮਨਾਵਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਪੰਜਾਬ ਦੀ ਧਰਤੀ ਸਭ ਤੋਂ ਵੱਧ ਜ਼ਰਖੇਜ਼ ਹੈ ਅਤੇ ਇਸ ਧਰਤੀ 'ਤੇ ਨਫ਼ਰਤ ਦੇ ਬੀਜ ਤੋਂ ਸਿਵਾਏ ਕੁੱਝ ਵੀ ਬੀਜਿਆ ਜਾ ਸਕਦਾ ਹੈ। ਭਗਵੰਤ ਮਾਨ ਨੇ ਕਿਹਾ, "ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਕੇ ਉਨ੍ਹਾਂ ਦੇ ਹੱਥਾਂ 'ਚ ਟੀਕੇ ਦੀ ਬਜਾਏ ਟਿਫਿਨ ਦੇਣਾ ਚਾਹੁੰਦੀ ਹੈ ਤਾਂ ਜੋ ਨਸ਼ਿਆਂ ਤੋਂ ਛੁਟਕਾਰਾ ਪਾਇਆ ਜਾ ਸਕੇ। ਸੈਰ-ਸਪਾਟਾ ਨੂੰ ਹੁਲਾਰਾ ਦੇ ਕੇ ਇਸ ਨੇਕ ਕੰਮ 'ਚ ਯੋਗਦਾਨ ਪਾਇਆ ਜਾ ਸਕਦਾ ਹੈ ਕਿਉਂਕਿ ਇਸ ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੁੱਲ੍ਹਣਗੇ।" ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਸੂਬੇ ਵਿੱਚ 50840 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਟਾਟਾ ਸਟੀਲ ਨੇ ਜਮਸ਼ੇਦਪੁਰ ਤੋਂ ਬਾਅਦ ਸਭ ਤੋਂ ਵੱਡਾ ਨਿਵੇਸ਼ ਪੰਜਾਬ ਵਿੱਚ ਕੀਤਾ ਹੈ। ਇਸ ਤੋਂ ਇਲਾਵਾ ਜਿੰਦਲ ਸਟੀਲ, ਵਰਬਿਓ, ਕਲਾਸ, ਟੈਫੇ, ਹਿੰਦੁਸਤਾਨ



ਲਿਵਰ ਤੇ ਹੋਰ ਕੰਪਨੀਆਂ ਵੀ ਸੂਬੇ ਵਿੱਚ ਨਿਵੇਸ਼ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਨਾਲ ਪੰਜਾਬ ਦੇ 2.25 ਲੱਖ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਐੱਮਓਯੂ ਸੱਤਾ ਵਿਚਲੇ ਰਸੂਖ਼ਦਾਰ ਪਰਿਵਾਰਾਂ ਨਾਲ ਹੁੰਦੇ ਸਨ ਪਰ ਹੁਣ ਇਹ ਸਮਝੌਤੇ ਪੰਜਾਬ ਅਤੇ ਪੰਜਾਬ ਵਾਸੀਆਂ ਨਾਲ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਨਅਤਕਾਰ ਨੂੰ ਯੂਨਿਟ ਸਥਾਪਿਤ ਕਰਨ ਲਈ ਕੰਮ ਵਾਲੇ 15 ਦਿਨਾਂ ਦੇ ਅੰਦਰ-ਅੰਦਰ ਸਾਰੇ ਵਿਭਾਗਾਂ ਪਾਸੋਂ ਲੋੜੀਂਦੀਆਂ ਪ੍ਰਵਾਨਗੀਆਂ ਹਾਸਲ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਪਹਿਲਕਦਮੀ ਨਾਲ ਵੱਡੀ ਗਿਣਤੀ ਵਿੱਚ ਸੈਲਾਨੀ ਸੂਬੇ ਵੱਲ ਖਿੱਚੇ ਆਉਣਗੇ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿੱਚ ਰੋਜ਼ਾਨਾ ਇਕ ਲੱਖ ਸ਼ਰਧਾਲੂ ਦਰਸ਼ਨਾਂ ਲਈ ਆਉਂਦੇ ਹਨ ਅਤੇ ਹੁਣ ਸੂਬਾ ਸਰਕਾਰ ਦਾ ਧਿਆਨ ਹੋਰ ਥਾਂਵਾਂ ਦੇ ਵਿਸ਼ੇਸ਼ ਪਹਿਲੂਆਂ ਨੂੰ ਉਜਾਗਰ ਕਰਨ 'ਤੇ ਹੈ। ਸੂਬੇ ਦੇ ਹਰੇਕ ਪਿੰਡ 'ਚ ਸ਼ਹੀਦਾਂ ਦੇ ਨਾਮ 'ਤੇ ਕੋਈ ਨਾ ਕੋਈ ਸਥਾਨ ਬਣਿਆ ਹੋਇਆ ਹੈ ਜਿਨ੍ਹਾਂ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ 'ਚ ਦੇਸ਼ ਦੀ ਰੱਖਿਆ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ ਸਨ। ਪੰਜਾਬ ਗੁਰੂਆਂ, ਫਕੀਰਾਂ, ਸ਼ਹੀਦਾਂ ਅਤੇ ਕਵੀਆਂ ਦੀ ਪਵਿੱਤਰ ਧਰਤੀ ਹੈ। ਪੰਜਾਬੀ ਆਲਮੀ ਨਾਗਰਿਕ ਹਨ ਜਿਨ੍ਹਾਂ ਸਖ਼ਤ ਮਿਹਨਤ ਅਤੇ ਸਮਰਪਣ ਨਾਲ ਪੂਰੀ ਦੁਨੀਆ 'ਚ ਆਪਣਾ ਲੋਹਾ ਮਨਵਾਇਆ ਹੈ। ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਕਾਰਨ ਪੰਜਾਬੀ ਹਰ ਖੇਤਰ 'ਚ ਅੱਗੇ ਵੱਧ ਰਹੇ ਹਨ। ਪੰਜਾਬੀ ਇੰਨੇ ਦਿਆਨਤਦਾਰ ਹਨ ਕਿ (ਬਾਕੀ ਸਫ਼ਾ 30 'ਤੇ)

# ਪੰਜਾਬ ਟੂਰਿਜ਼ਮ ਸਮਿਟ 'ਚ ਸੂਬੇ ਦੀ ਵੰਨ-ਸੁਵੰਨਤਾ ਤੇ ਵਿਲੱਖਣ ਸੱਭਿਆਚਾਰ ਨੂੰ ਕੀਤਾ ਗਿਆ ਪ੍ਰਦਰਸ਼ਿਤ







ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) : ਪੰਜਾਬ ਦੇ ਵਿਲੱਖਣ ਅਤੇ ਸ਼ਾਨਦਾਰ ਸੱਭਿਆਚਾਰ ਨੂੰ ਦਰਸਾਉਂਦੇ ਐਮਿਟੀ ਯੂਨੀਵਰਸਿਟੀ ਮੋਹਾਲੀ ਵਿਖੇ ਪਹਿਲੇ ਪੰਜਾਬ ਟੂਰਿਜ਼ਮ ਸੰਮੇਲਨ ਦੌਰਾਨ ਵਿਸ਼ਵ ਭਰ ਦੇ ਲੋਕਾਂ ਨੂੰ ਰਵਾਇਤੀ ਕਦਰਾਂ-ਕੀਮਤਾਂ ਅਤੇ ਪੰਜਾਬ ਦੇ ਅਮੀਰ ਸੱਭਿਆਚਾਰ ਤੋਂ ਜਾਣੂ ਕਰਵਾਇਆ ਗਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇੱਥੇ ਵਿਸ਼ੇਸ਼ ਪ੍ਰਦਰਸ਼ਨੀ ਕੇਂਦਰ ਸਥਾਪਿਤ ਕੀਤਾ, ਜਿਸ ਨੇ ਨਿੱਘੀ ਪ੍ਰਾਹੁਣਚਾਰੀ ਦੇ ਨਾਲ-ਨਾਲ ਸੈਲਾਨੀਆਂ ਦੇ ਦਿਲਾਂ ਨੂੰ ਛੂਹ ਲਿਆ।

ਪੰਜਾਬ ਦੇ ਰਵਾਇਤੀ ਪਹਿਰਾਵੇ ਵਿੱਚ ਸਜੀਆਂ ਔਰਤਾਂ ਸਟਾਲਾਂ 'ਤੇ ਵਿਰਾਸਤੀ ਤਰੀਕੇ ਨਾਲ ਕੱਪੜੇ 'ਤੇ ਕਢਾਈ ਕਰ ਰਹੀਆਂ ਸਨ, ਉਥੇ ਹੀ ਕੁੜਤੇ-ਪਜਾਮਿਆਂ 'ਚ ਢੋਲ ਦੀ ਥਾਪ 'ਤੇ ਗੱਭਰੂ ਨੱਚਦੇ ਨਜ਼ਰ ਆਏ। ਇਸ ਸੰਮੇਲਨ ਵਿੱਚ ਪੰਜਾਬ ਦੀਆਂ ਪ੍ਰੰਪਰਾਗਤ ਕਦਰਾਂ-ਕੀਮਤਾਂ, ਪੰਜਾਬੀ ਗੀਤ, ਤ੍ਰਿੰਝਣ (ਔਰਤਾਂ ਦੇ ਇਕੱਠੇ ਬੈਠ ਕੇ ਚਰਖਾ ਕੱਤਣ ਅਤੇ ਗੀਤ ਗਾਉਣ ਦੀ ਰਵਾਇਤੀ ਪੰਜਾਬੀ ਪ੍ਰੰਪਰਾ), ਪਿੰਡ ਦੀ ਸੱਥ (ਰਵਾਇਤੀ ਤੌਰ 'ਤੇ ਪਿੰਡ ਦੇ ਵਿੱਚੋ-ਵਿੱਚ ਸਥਿਤ ਇਕ ਦਰਖ਼ਤ ਹੇਠਾਂ ਬੈਠਣਾ), ਤੀਜ ਅਤੇ ਪੀਂਘ (ਸਜੇ ਝੂਲਿਆਂ 'ਤੇ ਕੁੜੀਆਂ ਦਾ ਝੂਲਣਾ) ਜ਼ਰੀਏ ਪੰਜਾਬੀਆਂ ਦੇ ਅਮੀਰ ਇਤਿਹਾਸ ਨੂੰ ਦਰਸਾਇਆ ਗਿਆ।

ਇਸ ਦੌਰਾਨ ਭੰਗੜਾ, ਗਿੱਧਾ, ਕਿੱਕਲੀ, ਸੰਮੀ ਅਤੇ ਨਾਚਾਂ ਦੇ ਵਿਭਿੰਨ ਢੰਗਾਂ ਦਾ ਪ੍ਰਦਰਸ਼ਨ ਵੀ ਕੀਤਾ ਗਿਆ। ਦਰਸ਼ਕਾਂ ਨੂੰ ਸਿੱਖ ਗੁਰੂ ਸਾਹਿਬਾਨ ਦੀਆਂ ਪਾਵਨ ਲਿਖਤਾਂ ਅਤੇ ਕਵਿਤਾ ਸਮੇਤ ਪੰਜਾਬੀ ਸਾਹਿਤ ਬਾਰੇ ਵੀ ਜਾਣੂ ਕਰਵਾਇਆ ਗਿਆ। ਪ੍ਰਦਰਸ਼ਨੀ ਵਿੱਚ ਸੂਬੇ ਦੇ ਇਤਿਹਾਸਕ ਅਤੇ ਸੈਰ-ਸਪਾਟਾ ਸਥਾਨਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਜ਼ਿਕਰਯੋਗ ਹੈ ਕਿ ਇਸ ਸੰਮੇਲਨ ਦੌਰਾਨ ਸੂਬੇ ਦੇ ਸਾਰੇ 23 ਜ਼ਿਲ੍ਹਿਆਂ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ।

62 ਸਾਲਾ ਮਹਿੰਦਰ ਕੌਰ ਨੇ ਇਸ ਨਿਵੇਕਲੀ ਪਹਿਲਕਦਮੀ ਲਈ ਸੂਬਾ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੁਰਾਣੇ ਰਵਾਇਤ ਅਨੁਸਾਰ ਆਟਾ ਚੱਕੀ ਨਾਲ ਕਣਕ ਪੀਂਹਦਿਆਂ ਔਰਤਾਂ ਨੂੰ ਦੇਖ ਕੇ ਉਨ੍ਹਾਂ ਨੂੰ ਆਪਣੇ ਬਚਪਨ ਦੀਆਂ ਯਾਦਾਂ ਤਾਜ਼ਾ ਹੋ ਗਈਆਂ, ਜਦੋਂ ਉਨ੍ਹਾਂ ਦੇ ਜੱਦੀ ਪਿੰਡ ਵਿੱਚ (ਬਾਕੀ ਸਫ਼ਾ 30 'ਤੇ)

# ਸੂਰਬੀਰਤਾ ਦੀ ਲਾਮਿਸਾਲ ਗਾਥਾ ਹੈ ਸਾਰਾਗੜ੍ਹੀ ਦੀ ਇਤਿਹਾਸਕ ਜੰਗ : ਭਗਵੰਤ ਮਾਨ

### 21 ਸਿੱਖ ਸੂਰਮਿਆਂ ਦੀ ਯਾਦ 'ਚ ਬਣਨ ਵਾਲੀ ਯਾਦਗਾਰ ਦਾ ਨਿਰਮਾਣ ਕਾਰਜ 6 ਮਹੀਨਿਆਂ 'ਚ ਮੁਕੰਮਲ ਕਰਨ ਦਾ ਐਲਾਨ

ਫਿਰੋਜ਼ਪੁਰ/ਏ.ਟੀ.ਨਿਊਜ਼ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਫਿਰੋਜ਼ਪੁਰ ਵਿਖੇ ਸਾਰਾਗੜ੍ਹੀ ਦੀ ਇਤਿਹਾਸਕ ਜੰਗ ਦੌਰਾਨ ਸ਼ਹਾਦਤ ਪ੍ਰਾਪਤ ਕਰਨ ਵਾਲੇ 21 ਸਿੱਖ ਸੂਰਮਿਆਂ ਦੀ ਯਾਦ 'ਚ ਬਣਨ ਵਾਲੀ ਯਾਦਗਾਰ ਦਾ ਨਿਰਮਾਣ ਕਾਰਜ 6 ਮਹੀਨਿਆਂ 'ਚ ਮੁਕੰਮਲ ਕਰਨ ਦਾ ਐਲਾਨ ਕੀਤਾ। ਇੱਥੇ ਸਾਰਾਗੜ੍ਹੀ ਜੰਗੀ ਯਾਦਗਾਰ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਯਾਦਗਾਰ ਦੀ ਉਸਾਰੀ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਯਾਦਗਾਰ ਦਾ ਕੰਮ ਹਰ ਹਾਲ 'ਚ 6 ਮਹੀਨਿਆਂ 'ਚ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰਾਗੜ੍ਹੀ ਜੰਗ ਦੌਰਾਨ ਸੈਨਿਕਾਂ ਦੀ ਸੂਰਮਗਤੀ ਅਤੇ ਕੁਰਬਾਨੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਦੀ ਨਿਸ਼ਕਾਮ ਸੇਵਾ ਲਈ ਪ੍ਰੇਰਿਤ ਕਰਦੀ ਰਹੇਗੀ।ਦੇਸ਼ ਦੀ ਪ੍ਰਭੂਸੱਤਾ ਦੀ ਰਾਖੀ ਦੌਰਾਨ ਦੁਸ਼ਮਣ ਨਾਲ ਟੱਕਰ ਲੈਂਦਿਆਂ ਸ਼ਹੀਦੀ ਪ੍ਰਾਪਤ ਕਰਨ ਵਾਲੇ 21 ਬਹਾਦਰ ਸੈਨਿਕਾਂ ਦੀ ਲਾਮਿਸਾਲ ਕੁਰਬਾਨੀ ਨੂੰ ਚੇਤੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਘਟਨਾ ਸੂਰਬੀਰਤਾ ਦੀ ਲਾਮਿਸਾਲ ਗਾਥਾ ਹੈ, ਜਿਸ ਦਾ ਇਤਿਹਾਸ 'ਚ ਕੋਈ ਵੀ ਸਾਨ੍ਹੀ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਇਨ੍ਹਾਂ ਸ਼ਹੀਦਾਂ ਦੀ ਮਹਾਨ ਕੁਰਬਾਨੀ ਅੱਗੇ ਸਿਜਦਾ ਕਰਦੇ ਹਨ ਜਿਨ੍ਹਾਂ ਨੇ (ਬਾਕੀ ਸਫ਼ਾ 29 'ਤੇ)


CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE

Allstate. You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING

Capital DRUG TESTING

Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਮੁੱਦਾ ਹੀਣ ਹੁੰਦੀ ਜਾ ਰਹੀ ਹੈ ਪੰਜਾਬ ਦੀ ਸਿਆਸਤ

## ਲੋਕ ਮੁੱਦਿਆਂ ਦੀ ਥਾਂ ਨਿੱਜੀ ਦੂਸ਼ਣਬਾਜ਼ੀ ਹੋਈ ਭਾਰੂ

## ਸਿਆਸਤ 'ਚੋ ਗ਼ਾਇਬ ਹੋ ਗਏ ਹਨ ਪੰਥਕ ਮੁੱਦੇ



ਪੰਜਾਬ ਦੀ ਸਿਆਸਤ ਦੀ ਗਲ ਕਰਦਿਆਂ ਇਹ ਗਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਚਾਲੂ ਸਤੰਬਰ ਮਹੀਨੇ ਦੌਰਾਨ ਵੀ ਪੰਜਾਬ ਦੀ ਸਿਆਸਤ ਮੁੱਦਾ ਹੀਣ ਰਹੀ ਹੈ। ਭਾਵੇਂ ਇਸ ਹਫ਼ਤੇ ਮੀਂਹ ਨਾ ਪੈਣ ਕਾਰਨ ਹੜ੍ਹਾਂ ਤੋਂ ਬਚਾਓ ਰਿਹਾ ਪਰ ਪੰਜਾਬ ਦੀ ਸਿਆਸਤ 'ਚ ਗੈਰ ਸਿਆਸੀ ਮੁੱਦਿਆਂ ਅਤੇ ਨਿੱਜੀ ਦੂਸ਼ਣਬਾਜ਼ੀ ਦਾ ਹੜ੍ਹ ਆਉਂਦਾ ਰਿਹਾ।

ਪੰਜਾਬ ਦੀ ਸਿਆਸਤ ਵਿੱਚ ਨਿੱਜੀ ਦੂਸ਼ਣਬਾਜ਼ੀ ਦਾ ਦੌਰ ਭਾਵੇਂ ਅੱਜ ਜਾਂ ਕੱਲ ਸ਼ੁਰੂ ਨਹੀਂ ਹੋਇਆ ਅਤੇ ਇਹ ਕਾਫ਼ੀ ਪੁਰਾਣਾ ਹੈ ਪਰ ਜਿਸ ਤਰੀਕੇ ਨਾਲ ਅੱਜ ਕਲ ਪੰਜਾਬ ਦੀ ਸਿਆਸਤ ਵਿੱਚ ਲੋਕ ਮੁੱਦੇ ਗੌਣ ਹੁੰਦੇ ਜਾ ਰਹੇ ਹਨ, ਉਹ ਚਿੰਤਾ ਦਾ ਵਿਸ਼ਾ ਹੈ ਪੂਰੀ ਤਰਾਂ ਭਾਰੂ ਹੋ ਗਈ ਹੈ।

ਦੂਜੇ ਪਾਸੇ ਇਹ ਵੀ ਚਿੰਤਾ ਦਾ ਵਿਸ਼ਾ ਹੈ ਕਿ ਪੰਜਾਬ 'ਚ ਪੰਥਕ ਸਿਆਸਤ ਵੀ ਇਸ ਸਮੇਂ ਸਰਗਰਮ ਨਹੀਂ। ਕਿਸੇ ਸਮੇਂ ਪੰਥਕ ਪਾਰਟੀ ਹੋਣ ਦਾ ਦਾਅਵਾ ਕਰਦਾ ਅਕਾਲੀ ਦਲ ਬਾਦਲ ਵੀ ਪੰਥਕ ਮੁੱਦਿਆਂ ਨੂੰ ਨਹੀਂ ਉਠਾ ਰਿਹਾ, ਹੋਰ ਕੋਈ ਪੰਥਕ ਪਾਰਟੀ ਵੀ ਅਜੇ ਖੁੱਲ ਦੇ ਸਾਹਮਣੇ ਨਹੀਂ ਆਈ। ਭਾਵੇਂ ਕਈ ਪਾਰਟੀਆਂ ਆਪਣੇ ਆਪ ਨੂੰ ਪੰਥਕ ਪਾਰਟੀ ਹੋਣ ਦਾ ਦਾਅਵਾ ਕਰ ਰਹੀਆਂ ਹਨ ਪਰ ਅਸਲੀਅਤ ਸਭ ਨੂੰ ਪਤਾ ਹੀ ਹੈ। ਸਿਆਸੀ ਮਾਹਿਰ ਕਹਿੰਦੇ ਹਨ ਕਿ ਅਕਾਲੀ ਦਲ ਨੂੰ ਪੰਥਕ ਮੁੱਦੇ ਸਿਰਫ਼ ਚੋਣਾਂ ਵੇਲੇ ਯਾਦ ਆਉਂਦੇ ਹਨ ਅਤੇ ਚੋਣਾਂ ਤੋਂ ਬਾਅਦ ਅਕਾਲੀ ਦਲ ਵੱਲੋਂ ਇਹਨਾਂ ਪੰਥਕ ਮੁੱਦਿਆਂ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਜਾਂਦਾ ਹੈ।

ਲੋਕਤੰਤਰ ਵਿੱਚ ਲੋਕਾਂ ਦਾ, ਲੋਕਾਂ ਦੇ ਲਈ ਅਤੇ ਲੋਕਾਂ ਵੱਲੋਂ ਸ਼ਾਸਨ ਹੁੰਦਾ ਹੈ, ਜਦੋਂ ਕਿ ਵਿਦਵਾਨ ਜੀ. ਬੀ. ਸ਼ਾਹ ਦਾ ਕਹਿਣਾ ਹੈ ਕਿ ਲੋਕਤੰਤਰ ਵਿੱਚ ਲੋਕਾਂ ਦਾ, ਲੋਕਾਂ ਦੇ ਲਈ ਸ਼ਾਸਨ ਤਾਂ ਹੁੰਦਾ ਹੈ ਪਰ ਇਹ ਲੋਕਾਂ ਵੱਲੋਂ ਨਹੀਂ ਹੁੰਦਾ। ਵਿਦਵਾਨ ਸ਼ਾਹ ਦੇ ਵਿਚਾਰ ਅੱਜ ਦੇ ਸਮੇਂ ਵਿੱਚ ਵੀ ਬਿਲਕੁਲ ਢੁਕਵੇਂ ਹਨ ਕਿਉਂਕਿ ਆਮ ਲੋਕਾਂ ਤੋਂ ਵੋਟਾਂ ਲੈ ਕੇ ਸੱਤਾ ਪ੍ਰਾਪਤ ਕਰਨ ਵਿੱਚ ਸਫ਼ਲ ਰਹੀ ਆਮ ਆਦਮੀ ਪਾਰਟੀ ਦਾ ਰੂਪ ਵੀ ਕੁਝ ਹੱਦ ਤਕ ਖਾਸ ਹੁੰਦਾ ਜਾ ਰਿ ਹਾ ਹੈ। ਲੋਕਤੰਤਰ ਵਿੱਚ ਵਿਰੋਧੀ ਧਿਰ ਦਾ ਰੋਲ ਸਰਕਾਰ ਨੂੰ ਨਿਰੰਕੁਸ਼ ਬਣਨ ਤੋਂ ਰੋਕਣ ਹੁੰਦਾ ਹੈ ਪਰ ਉਸਾਰੂ ਵਿਰੋਧ ਦੀ ਥਾਂ ਵਿਰੋਧੀ ਆਗੂ ਨਿੱਜੀ ਦੂਸ਼ਣਬਾਜ਼ੀ ਵੱਲ ਵਧੇਰੇ ਧਿਆਨ ਦੇ ਰਹੇ ਹਨ।

ਪੰਜਾਬ ਵਿੱਚ ਬਦਲਾਓ ਲਿਆਉਣ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਜੋ ਕਾਰਗੁਜ਼ਾਰੀ ਹੈ, ਉਹ ਸਭ ਦੇ ਸਾਹਮਣੇ ਹਨ। ਵਿਰੋਧੀ ਆਗੂ ਕਹਿੰਦੇ ਹਨ ਕਿ ਪੰਜਾਬ ਦੀ ਆਪ ਸਰਕਾਰ ਹਰ ਫਰੰਟ 'ਤੇ ਫ਼ੇਲ੍ਹ ਹੋ ਗਈ ਹੈ। ਇਸ ਤੋਂ ਇਲਾਵਾ ਚੋਣਾਂ ਵੇਲੇ ਜਿਹੜੇ ਮੁੱਦੇ ਆਮ ਆਦਮੀ ਪਾਰਟੀ ਨੇ ਉਠਾਏ ਸਨ, ਉਹਨਾਂ ਮੁੱਦਿਆਂ ਸਬੰਧੀ ਹੁਣ ਆਮ ਆਦਮੀ ਪਾਰਟੀ ਗੱਲ ਕਰਨ ਤੋਂ ਗੁਰੇਜ਼ ਕਰਦੀ ਹੈ। ਸਿਆਸੀ ਮਾਹਿਰ ਕਹਿੰਦੇ ਹਨ ਕਿ ਇਸ ਤਰਾਂ ਆਮ ਆਦਮੀ ਪਾਰਟੀ ਵੀ ਰਵਾਇਤੀ ਸਿਆਸੀ ਪਾਰਟੀਆਂ ਦੇ ਰਾਹ ਤੁਰ ਪਈ ਹੈ।

ਰਾਸ਼ਟਰੀ ਪੱਧਰ ਤੇ ਹੋਏ ਵਿਰੋਧੀ ਸਿਆਸੀ ਪਾਰਟੀਆਂ ਦੇ ਗਠਜੋੜ 'ਇੰਡੀਆ' ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੋਵੇਂ ੀਮਲ ਹਨ ਪਰ ਪੰਜਾਬ ਦੇ ਕਾਂਗਰਸੀਆਂ ਵੱਲੋਂ ਆਮ ਆਦਮੀ ਪਾਰਟੀ ਨਾਲ ਗਠਜੋੜ ਦਾ ਵਿਰੋਧ ਕੀਤਾ ਜਾ ਰਿਹਾ ਹੈ ਭਾਵੇਂ ਕਿ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਅਤੇ ਹੋਰਨਾਂ ਕਾਂਗਰਸੀ ਆਗੂਆਂ ਵੱਲੋਂ ਇਸ ਮਾਮਲੇ ਸਬੰਧੀ ਹਾਈ ਕਮਾਂਡ ਦਾ ਫੈਸਲਾ ਮੰਨਣ ਦੀ ਗਲ ਕਹੀ ਜਾ ਰਹੀ ਹੈ ਪਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ, ਸੁਖਪਾਲ ਸਿੰਘ ਖਹਿਰਾ ਪੰਜਾਬ ਵਿੱਚ ਕਾਂਗਰਸ ਦਾ ਆਮ ਆਦਮੀ ਪਾਰਟੀ ਨਾਲ ਗਠਜੋੜ ਕਰਨ ਦਾ ਵਿਰੋਧ ਕਰ ਰਹੇ ਹਨ। ਇਸ ਤਰਾਂ ਵਿਰੋਧੀ ਪਾਰਟੀਆਂ ਦੇ ਇੰਡੀਆ ਗਠਜੋੜ ਦੀ ਤਾਣੀ ਪੰਜਾਬ ਵਿੱਚ ਉਲਝੀ ਹੋਈ ਹੈ।

ਇਸ ਸਮੇਂ ਪੰਜਾਬ ਦੀ ਸਿਆਸਤ ਵਿੱਚ ਜੋ ਹੋ ਰਿਹਾ ਹੈ, ਉਸ ਨੂੰ ਉਸਾਰੂ ਸਿਆਸਤ ਨਹੀਂ ਕਿਹਾ ਜਾ ਸਕਦਾ। ਇਸੇ ਕਰਕੇ ਪੰਜਾਬ ਦੀ ਸਿਆਸਤ ਨੂੰ ਇਸ ਸਮੇਂ ਮੁੱਦਾਹੀਣ ਕਿਹਾ ਜਾ ਰਿਹਾ ਹੈ।

## ਗੁਰਦੁਆਰਾ ਨਾਢਾ ਸਾਹਿਬ ਤੋਂ ਕੀਰਤਨ ਦਾ ਕੀਤਾ ਸਿੱਧਾ ਪ੍ਰਸਾਰਨ

ਪੰਚਕੂਲਾ/ਏ.ਟੀ.ਨਿਊਜ਼ : ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਵੱਲੋਂ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦਾ ਪ੍ਰਸਾਰਨ ਆਪਣੇ ਯੂ-ਟਿਊਬ ਚੈਨਲ 'ਤੇ ਸ਼ੁਰੂ ਕਰਨ ਤੋਂ ਬਾਅਦ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪੰਚਕੂਲਾ ਨੇ ਗੁਰਦੁਆਰਾ ਨਾਢਾ ਸਾਹਿਬ ਤੋਂ ਰੋਜ਼ਾਨਾ ਦੁਨੀਆਂ ਭਰ ਵਿੱਚ ਇਸ ਦਾ ਸਿੱਧਾ ਪ੍ਰਸਾਰਨ ਸ਼ੁਰੂ ਕਰ ਦਿੱਤਾ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਜਨਰਲ ਸਕੱਤਰ ਰਮਨੀਕ ਸਿੰਘ ਨੇ ਦੱਸਿਆ ਕਿ ਕਮੇਟੀ ਦਾ ਚਾਰਜ ਸੰਭਾਲਣ ਤੋਂ ਬਾਅਦ ਅਸੀਂ ਪਹਿਲਾ ਫੈਸਲਾ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਤੋਂ ਸਿੱਧਾ ਪ੍ਰਸਾਰਨ ਸ਼ੁਰੂ ਕਰਨ ਦਾ ਹੈ, ਜੋ ਸੋਮਵਾਰ ਤੋਂ ਸ਼ੁਰੂ ਹੋਇਆ ਹੈ।

ਗੁਰਬਾਣੀ ਦਾ ਹੁਣ ਵਿਸ਼ਵ ਪੰਜਾਬੀ ਟੀਵੀ ਰਾਹੀਂ ਦੁਨੀਆਂ ਭਰ ਦੇ 63 ਦੇਸ਼ਾਂ ਵਿੱਚ ਤੜਕੇ 2.45 ਵਜੇ ਤੋਂ ਸਵੇਰੇ 8 ਵਜੇ ਤੱਕ ਸਿੱਧਾ ਪ੍ਰਸਾਰਨ ਕੀਤਾ ਜਾ ਰਿਹਾ ਹੈ ਅਤੇ ਇਹ ਸਾਰੇ ਪ੍ਰਮੁੱਖ ਪਲੇਟਫਾਰਮਾਂ 'ਤੇ ਉਪਲਬਧ ਹੈ। ਗੁਰਬਾਣੀ ਦਾ ਪ੍ਰਸਾਰਨ ਕਮੇਟੀ ਦੇ ਸੋਸ਼ਲ ਮੀਡੀਆ ਪੇਜ ਅਤੇ ਯੂਟਿਊਬ ਚੈਨਲ 'ਤੇ ਵੀ ਕੀਤਾ ਜਾਵੇਗਾ ਹਾਲਾਂਕਿ ਅਧਿਕਾਰ ਐੱਚ.ਐੱਸ.ਜੀ.ਐੱਮ.ਸੀ. ਕੋਲ ਰਹਿਣਗੇ।

# ਕੀ ਹੈ ਸਬ ਇੰਸਪੈਕਟਰਾਂ ਦੀ ਭਰਤੀ ਸਬੰਧੀ ਵਿਵਾਦ ?

## ਹਰਿਆਣਾ ਤੇ ਰਾਜਸਥਾਨ ਦੇ ਨੌਜਵਾਨਾਂ ਨੂੰ ਪੰਜਾਬ ਪੁਲਿਸ 'ਚ ਭਰਤੀ ਕਰਨ ਦਾ ਕੱਚ ਤੇ ਸੱਚ

ਪੰਜਾਬ ਪੁਲਿਸ ਵਿੱਚ ਸਬ ਇੰਸਪੈਕਟਰ ਦੀ ਭਰਤੀ ਨੂੰ ਲੈ ਕੇ ਨਵਾਂ ਵਿਵਾਦ ਛਿੜ ਗਿਆ ਹੈ। ਦਾਅਵਾ ਹੈ ਕਿ ਇਸ ਭਰਤੀ ਵਿੱਚ ਹਰਿਆਣਾ ਦੇ ਨੌਜਵਾਨਾਂ ਨੂੰ ਹੀ ਭਰਤੀ ਕਰ ਲਿਆ ਗਿਆ ਹੈ। ਮਾਨਸਾ ਜਿਲ੍ਹੇ 'ਚ ਭਰਤੀ ਕੀਤੇ ਗਏ 7 ਇੰਸਪੈਕਟਰਾਂ 'ਚੋਂ ਪੰਜਾਬ ਦਾ ਸਿਰਫ਼ ਇੱਕ ਹੀ ਨੌਜਵਾਨ ਹੈ ਜਦਕਿ ਬਾਕੀ 6 ਹਰਿਆਣਾ ਤੋਂ ਹਨ। ਇਸ ਮੁੱਦੇ ਨੂੰ ਲੈ ਕੇ ਵਿਰੋਧੀ ਧਿਰਾਂ ਇੱਕ ਹੋ ਗਈਆਂ ਹਨ ਅਤੇ ਸਰਕਾਰ ਖਿਲਾਫ਼ ਅਕਾਲੀ ਦਲ, ਕਾਂਗਰਸ ਨੇ ਮੋਰਚਾ ਖੋਲ੍ਹ ਦਿੱਤਾ ਹੈ।



ਅਕਾਲੀ ਦਲ ਦੇ ਜਨਰਲ ਸਕੱਤਰ ਬਿਕਰਮ ਸਿੰਘ ਮਜੀਠੀਆ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਭੁਲੱਥ ਤੋਂ ਕਾਂਗਰਸ ਦੇ ਵਿਧਾਇਕ ਸਖਪਾਲ ਸਿੰਘ ਖਹਿਰਾ ਨੇ ਆਪੋ ਆਪਣੇ ਸੋਸ਼ਲ ਮੀਡੀਆ 'ਤੇ ਇੱਕ ਲਿਸਟ ਜਾਰੀ ਕੀਤੀ ਹੈ। ਜਿਸ ਵਿੱਚ ਨਾਮਾਂ ਦਾ ਵੇਰਵਾ ਦਿੱਤਾ ਹੋਇਆ ਹੈ ਕਿ ਕਿਹੜੇ ਕਿਹੜੇ ਨੌਜਵਾਨ ਹਰਿਆਣਾ ਦੇ ਹਨ।

ਬਿਕਰਮ ਸਿੰਘ ਮਜੀਠੀਆ ਨੇ ਟਵੀਟ ਕਰਦੇ ਹੋਏ ਸਰਕਾਰ ਅੱਗੇ ਸਵਾਲ ਖੜ੍ਹੇ ਕੀਤੇ ਹਨ। ਮਜੀਠੀਆ ਨੇ ਕਿਹਾ ਕਿ ਜੇਕਰ ਤੁਸੀਂ ਪੰਜਾਬੀ ਨੌਜਵਾਨਾਂ ਨੂੰ ਪੰਜਾਬ ਵਿੱਚ ਭਰਤੀ ਵੀ ਨਹੀਂ ਕਰ ਸਕਦੇ ਤਾਂ ਵਿਦੇਸ਼ਾਂ ਵਿੱਚ ਜਾਣ ਤੋਂ ਕਿਵੇਂ ਰੋਕੋਗੇ ? ਹੈਰਾਨ ਕਰਨ ਵਾਲੀ ਗੱਲ ਹੈ ਕਿ ਮਾਨਸਾ ਜ਼ਿਲ੍ਹੇ ਵਿੱਚ ਭਰਤੀ ਕੀਤੇ ਗਏ 7 ਸਬ ਇੰਸਪੈਕਟਰਾਂ ਵਿੱਚੋਂ 6 ਹਰਿਆਣਾ ਦੇ ਹਨ। ਪਿਛਲੀਆਂ ਨਿਯੁਕਤੀਆਂ ਵਿੱਚ ਵੀ ਇਹੀ ਕਹਾਣੀ ਸੀ। ਤੁਹਾਡੀ ਸਰਕਾਰ ਲੱਖਾਂ ਨੌਕਰੀਆਂ ਦੇਣ ਦਾ ਵਾਅਦਾ ਕਰਕੇ ਸਾਡੇ ਨੌਜਵਾਨਾਂ ਨਾਲ ਵਿਤਕਰਾ ਕਰ ਰਹੀ ਹੈ।

ਇਸੇ ਤਰ੍ਹਾਂ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੇ ਟਵੀਟ 'ਚ ਕਿਹਾ ਕਿ - ਤੁਸੀਂ ਤਾਂ ਭਗਵੰਤ ਮਾਨ ਜੀ ਕਹਿੰਦੇ ਸੀ ਕਿ ਹਰਾ ਪੈਨ ਪੰਜਾਬੀਆਂ ਲਈ ਚੱਲੇਗਾ ਪਰ ਇਹ ਤਾਂ ਸਭ ਉਲਟ ਹੋ ਰਿਹਾ ਹੈ। ਇਸ ਸਬ ਇੰਸਪੈਕਟਰ ਲਿਸਟ ਵਿੱਚ 6 ਹਰਿਆਣਾ ਤੋਂ ਅਤੇ ਇੱਕ ਪੰਜਾਬੀ ਹੈ। ਇਹ ਦੱਸੋ ਕਿ ਇਸ ਨਾਲ ਪੰਜਾਬੀ ਨੌਜਵਾਨਾਂ ਨੂੰ ਬਾਹਰ ਜਾਣ ਤੋਂ ਕਿਵੇਂ ਰੋਕਾਂਗੇ, ਜੇਕਰ ਤੁਸੀ ਪੰਜਾਬ ਵਿੱਚ ਨੌਕਰੀਆਂ ਬਾਹਰ ਦੇ ਸੂਬੇ ਦੇ ਲੋਕਾਂ ਨੂੰ ਦੇਵੋਗੇ ਜਾਂ ਤੁਸੀਂ ਆਪਣੀ ਦੂਸਰੀ ਕਹੀ ਗੱਲ ਸਾਬਿਤ ਕਰ ਰਹੇ ਹੋ ਕਿ ਪੰਜਾਬ ਵਿੱਚ ਬਾਹਰ ਤੋਂ ਲੋਕ ਆ ਕੇ ਨੌਕਰੀ ਲਿਆ ਕਰਨਗੇ ? ਇਹ ਕਿਹੋ ਜਿਹਾ ਬਦਲਾਵ ਹੈ ?

ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਭਗਵੰਤ ਮਾਨ ਜੀ ਤੁਹਾਡੀ ਸਰਕਾਰ ਵੱਲੋਂ ਭਰਤੀ ਕੀਤੇ ਗਏ ਮਾਨਸਾ ਜ਼ਿਲ੍ਹੇ ਦੇ 7 ਵਿੱਚੋਂ 6 ਸਬ-ਇੰਸਪੈਕਟਰ ਹਰਿਆਣਾ ਦੇ ਹਨ ਅਤੇ ਫਿਰ ਤੁਸੀਂ ਚਾਹੁੰਦੇ ਹੋ ਕਿ ਪੰਜਾਬ ਦੇ ਨੌਜਵਾਨ ਹੋਰ ਦੇਸ਼ਾਂ ਵਿੱਚ ਨਾ ਜਾਣ ?

ਪੰਜਾਬ ਪੁਲਿਸ 'ਚ ਭਰਤੀ ਕੀਤੇ 560 ਸਬ ਇੰਸਪੈਕਟਰਾਂ ਨੂੰ ਲੈ ਕੇ ਇੱਕ ਹੋਰ ਵਿਵਾਦ ਸਾਹਮਣੇ ਆਇਆ ਹੈ। ਇਸ ਭਰਤੀ ਵਿੱਚ ਸਿਰਫ਼ ਹਰਿਆਣਾ ਹੀ ਨਹੀਂ ਬਲਕਿ ਰਾਜਸਥਾਨ ਤੋਂ ਵੀ ਨੌਜਵਾਨ ਚੁਣੇ ਗਏ ਹਨ। ਮਿਲੀ ਜਾਣਕਾਰੀ ਮੁਤਾਬਕ 560 ਸਬ ਇੰਸਪੈਕਟਰਾਂ ਦੀ ਭਰਤੀ ਵਿਚੋਂ 31 ਨੌਜਵਾਨ ਹਰਿਆਣਾ ਦੇ ਹਨ ਅਤੇ 4 ਨੌਜਵਾਨ ਰਾਜਸਥਾਨ ਦੇ ਹਨ।

ਜੇਕਰ ਦੇਖਿਆ ਜਾਵੇ ਤਾਂ 6 ਫੀਸਦ ਉਮੀਦਵਾਰਾਂ ਨੂੰ ਛੱਡ ਕੇ ਬਾਕੀ 94 ਫੀਸਦ ਭਰਤੀ ਹੋਏ ਨੌਜਵਾਨ ਪੰਜਾਬ ਦੇ ਹਨ। ਇਸ ਦੀ ਜਾਣਕਾਰੀ ਪੰਜਾਬ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਦਿੱਤੀ ਗਈ ਹੈ ਕਿਉਂਕਿ ਵਿਰੋਧੀ ਧਿਰਾਂ ਪੰਜਾਬ ਸਰਕਾਰ 'ਤੇ ਲਗਾਤਾਰ ਸਵਾਲ ਖੜੀਆਂ ਕਰ ਰਹੀਆਂ ਹਨ। ਕਿ ਪੰਜਾਬ ਸਰਕਾਰ ਨੇ ਸੂਬੇ ਦੇ ਨੌਜਵਾਨਾਂ ਦੇ ਹੱਕਾਂ 'ਤੇ ਡਾਕਾ ਮਾਰਿਆ ਹੈ। ਦਰਅਸਲ ਪੰਜਾਬ ਵਿੱਚ ਵਿਰੋਧੀ ਧਿਰਾਂ ਇੱਕ ਲੈਟਰ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਰਹੀਆਂ ਹਨ ਕਿ ਮਾਨਸਾ ਜਿਲ੍ਹੇ ਵਿੱਚ ਭਰਤੀ ਹੋਏ 7 ਨੌਜਵਾਨਾਂ ਵਿਚੋਂ 6 ਹਰਿਆਣਾ ਦੇ ਹਨ। ਇਸ ਨੂੰ ਲੈ ਕੇ ਪੰਜਾਬ ਪੁਲਿਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਪੱਤਰ ਸਿਰਫ਼ ਮਾਨਸਾ ਜ਼ਿਲ੍ਹੇ ਵਿੱਚ ਤਾਇਨਾਤ ਸਬ-ਇੰਸਪੈਕਟਰਾਂ ਨਾਲ ਸਬੰਧਤ ਹੈ

(ਬਾਕੀ ਸਫ਼ਾ 29 'ਤੇ)

## ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਨਿੱਜੀ ਚੈਨਲ ਦੇ ਪੱਤਰਕਾਰ ਨੇ ਸੇਵਾਦਾਰ 'ਤੇ ਤਾਣਿਆ ਪਿਸਤੌਲ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਆਏ ਸ਼ਰਧਾਲੂ ਨੇ ਐਤਵਾਰ ਤੜਕੇ 4 ਵਜੇ ਸੇਵਾਦਾਰ 'ਤੇ ਪਿਸਤੌਲ ਤਾਣ ਦਿੱਤਾ। ਪਤਾ ਲੱਗਾ ਹੈ ਕਿ ਸੇਵਾਦਾਰ ਨੇ ਪਿਸਤੌਲ ਤਾਨਣ ਵਾਲੇ ਵਿਅਕਤੀ ਨੂੰ ਲਾਈਨ ਵਿੱਚ ਆਉਣ ਲਈ ਕਿਹਾ ਸੀ। ਇੱਕ ਹੋਰ ਸੇਵਾਦਾਰ ਨੇ ਉਸ ਨੂੰ ਕਿਸੇ ਤਰ੍ਹਾਂ ਕਾਬੂ ਕਰ ਲਿਆ ਤੇ ਥਾਣੇ ਲੈ ਗਏ। ਜਾਂਚ 'ਚ ਪਤਾ ਲੱਗਾ ਕਿ ਹਿਰਾਸਤ 'ਚ ਲਿਆ ਗਿਆ ਵਿਅਕਤੀ ਨਿੱਜੀ ਚੈਨਲ ਦਾ ਰਿਪੋਰਟਰ ਹੈ। ਦੁਪਹਿਰ ਤੱਕ ਦੋਵਾਂ ਧਿਰਾਂ ਵਿਚਾਲੇ ਸਮਝੌਤਾ ਹੋਣ ਤੋਂ ਬਾਅਦ ਪੱਤਰਕਾਰ ਨੂੰ ਰਿਹਾਅ ਕਰ ਦਿੱਤਾ ਗਿਆ।



ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਐਤਵਾਰ ਸਵੇਰੇ 4 ਵਜੇ ਦੇ ਕਰੀਬ ਇੱਕ ਵਿਅਕਤੀ ਆਪਣੇ ਪਰਿਵਾਰ ਦੇ ਸੱਤ-ਅੱਠ ਮੈਂਬਰਾਂ ਸਮੇਤ ਚੰਡੀਗੜ੍ਹ ਤੋਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਲਈ ਪਹੁੰਚਿਆ ਸੀ। ਇਸ ਦੌਰਾਨ ਵੱਡੀ ਗਿਣਤੀ 'ਚ ਸ਼ਰਧਾਲੂ ਪੁੱਜੇ ਹੋਏ ਸਨ। ਕਾਫ਼ੀ ਭੀੜ ਕਾਰਨ ਉਕਤ ਸ਼ਰਧਾਲੂ ਤੇ ਉਸ ਦੇ ਪਰਿਵਾਰ ਨੂੰ ਲੰਬੀ ਲਾਈਨ ਵਿੱਚ ਲੱਗਣਾ ਪੈਣਾ ਸੀ। ਇਨ੍ਹਾਂ ਹਾਲਾਤ ਨੂੰ ਦੇਖਦੇ ਹੋਏ ਸ਼ਰਧਾਲੂ ਨੇ ਕਿਸੇ ਤਰ੍ਹਾਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਜ਼ਰੂਰੀ ਤੇ ਮਜਬੂਰੀ ਵਿੱਚ ਮੱਥਾ ਟੇਕਣ ਵਾਲੀ ਲਾਈਨ ਵਿੱਚ ਲਗਾ ਕੇ ਅੰਦਰ ਭੇਜ ਦਿੱਤਾ। ਇਸ ਤੋਂ ਬਾਅਦ ਪੱਤਰਕਾਰ ਨੇ ਖ਼ੁਦ ਵੀ ਉਸੇ ਥਾਂ ਤੋਂ ਅੰਦਰ ਜਾਣ ਦੀ ਕੋਸ਼ਿਸ਼ ਕੀਤੀ। ਇਹ ਦੇਖ ਕੇ ਉੱਥੇ ਮੌਜੂਦ ਸੇਵਾਦਾਰ ਨੇ ਉਸ ਨੂੰ ਕਾਬੂ ਕਰ ਲਿਆ।

ਸ਼ਰਧਾਲੂ ਪੱਤਰਕਾਰ ਨੇ ਸੇਵਾਦਾਰ ਨੂੰ ਕਿਸੇ ਤਰ੍ਹਾਂ ਜਾਣ ਲਈ ਬੇਨਤੀ ਕੀਤੀ ਪਰ ਉਹ ਨਾ ਮੰਨਿਆ। ਇਸ ਤੋਂ ਬਾਅਦ ਸ਼ਰਧਾਲੂ ਨੇ ਪਿਸਤੌਲ ਕੱਢ ਕੇ ਉਸ ਵੱਲ ਤਾਣ ਦਿੱਤਾ। (ਬਾਕੀ ਸਫ਼ਾ 29 'ਤੇ)

# ਨਸ਼ਿਆਂ ਦਾ ਕਾਲਾ ਧੰਦਾ ਬੰਦ ਕਰਵਾਉਣ ਕਾਰਨ ਮੇਰਾ ਕਰਵਾਇਆ ਜਾ ਸਕਦੈ ਕਤਲ : ਪਰਮਿੰਦਰ ਸਿੰਘ ਝੋਟਾ

## ਰਿਹਾਅ ਹੋਣ ਬਾਅਦ ਪਰਮਿੰਦਰ ਸਿੰਘ ਝੋਟਾ ਨੇ ਸਰਕਾਰ ਤੇ ਪੁਲਿਸ ਉੱਪਰ ਸਵਾਲ ਚੁੱਕੇ



ਮਾਨਸਾ/ਏ.ਟੀ.ਨਿਊਜ਼ : ਨਸ਼ਿਆਂ ਦੇ ਵਿਰੋਧ ਵਿੱਚ ਅੰਦੋਲਨ ਛੇੜਨ ਵਾਲੇ ਪਰਮਿੰਦਰ ਸਿੰਘ ਝੋਟੇ ਦੀ ਮੁਕਤਸਰ ਸਾਹਿਬ ਦੀ ਜੇਲ੍ਹ ਵਿਚੋਂ ਬੀਤੇ ਦਿਨੀਂ ਰਿਹਾਈ ਹੋ ਗਈ ਹੈ। ਐਕਸ਼ਨ ਕਮੇਟੀ ਤੇ ਐਂਟੀ ਡਰੱਗ ਟਾਸਕ ਫ਼ੋਰਸ ਨੇ ਇਸ ਨੂੰ ਸੰਘਰਸ਼ ਦੀ ਜਿੱਤ ਕਰਾਰ ਦਿੱਤਾ ਹੈ। ਪਰਮਿੰਦਰ ਸਿੰਘ ਝੋਟੇ ਨੇ ਕਿਹਾ ਕਿ ਸਰਕਾਰ ਤੇ ਪੁਲਿਸ ਨਸ਼ੇ ਰੋਕਣਾ ਨਹੀਂ ਚਾਹੁੰਦੀ ਕਿਉਂਕਿ ਇਹ ਭ੍ਰਿਸ਼ਟ ਹਨ, ਇਹਨਾਂ ਦਾ ਨਸ਼ਿਆਂ ਰਾਹੀਂ ਕਾਲਾ ਧੰਦਾ ਚਲਦਾ ਹੈ। ਉਹਨਾਂ ਕਿਹਾ ਕਿ ਐਸ ਐਸ ਪੀ ਨੇ ਡਰਗ ਸਮਗਲਰਾਂ ਵਿਰੁੱਧ ਕਾਰਵਾਈ ਨਾ ਕਰਕੇ ਮੇਰੀ ਗਿ ?ਫਤਾਰੀ ਕਰਕੇ ਨਸ਼ਾ ਸਮਗਲਰਾਂ ਨੂੰ ਉਤਸ਼ਾਹਿਤ ਕੀਤਾ ਹੈ। ਉਹਨਾਂ ਕਿਹਾ ਕਿ ਮੇਰਾ ਕਤਲ ਕਰਵਾਇਆ ਜਾ ਸਕਦਾ ਹੈ ਕਿਉਂਕਿ ਮੈਂ ਇਹਨਾਂ ਦਾ ਕਾਲਾ ਧੰਦਾ ਬੰਦ ਕਰਵਾ ਰਿਹਾ ਹਾਂ।ਨਸ਼ਾ ਵਿਰੋਧੀ ਸਾਂਝੀ ਐਕਸ਼ਨ ਕਮੇਟੀ ਦੇ ਕਨਵੀਨਰ ਰਾਜਵਿੰਦਰ ਸਿੰਘ ਰਾਣਾ ਅਤੇ ਪਰਮਿੰਦਰ ਸਿੰਘ ਝੋਟੇ ਦੇ ਪਿਤਾ ਸਾਬਕਾ ਸੈਨਿਕ ਭੀਮ ਸਿੰਘ ਅਤੇ ਐਡਵੋਕੇਟ ਲਖਵਿੰਦਰ ਸਿੰਘ ਲਖਨਪਾਲ ਨੇ ਝੋਟੇ ਦੀ ਰਿਹਾਈ ਬਾਅਦ ਦੱਸਿਆ ਕਿ ਭਾਰੀ ਦਬਾਅ ਹੇਠ ਸਰਕਾਰੀ ਹੁਕਮਾਂ ਦੀ ਪਾਲਣਾ ਕਰਦਿਆਂ ਮਾਨਸਾ ਪੁਲਿਸ ਪ੍ਰਸ਼ਾਸ਼ਨ ਨੇ ਸਾਰੀਆਂ ਕਾਨੂੰਨੀ ਅੜਚਨਾਂ ਦੂਰ ਕਰਦਿਆਂ ਪਰਮਿੰਦਰ ਸਿੰਘ ਝੋਟੇ ਦੀ ਰਿਹਾਈ ਦੇ ਹੁਕਮ ਕਰ ਦਿੱਤੇ ਸਨ। ਜਿਸ ਦੇ ਬਾਅਦ ਐਕਸ਼ਨ ਕਮੇਟੀ ਤੇ ਐਂਟੀ ਟਾਸਕ ਫ਼ੋਰਸ ਦੀ ਟੀਮ ਮੁਕਤਸਰ ਜੇਲ੍ਹ ਵਿੱਚੋਂ ਝੋਟੇ ਨੂੰ ਲੈਣ ਲਈ ਰਵਾਨਾ ਹੋਈਆਂ ਸਨ। ਪਰਮਿੰਦਰ ਸਿੰਘ ਝੋਟੇ ਦੀ ਰਿਹਾਈ ਬਾਅਦ ਉਸਦਾ ਭਰਵਾਂ ਸਵਾਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਰਮਿੰਦਰ ਸਿੰਘ ਝੋਟੇ ਦੀ ਰਿਹਾਈ ਲੋਕ ਏਕੇ ਦੀ ਵੱਡੀ ਜਿੱਤ ਹੈ। ਪਰਮਿੰਦਰ ਝੋਟੇ ਦੇ ਬਾਹਰ ਆਉਣ ਨਾਲ ਨਸ਼ਾ ਰੋਕੂ ਮੁਹਿੰਮ ਨੂੰ ਹੋਰ ਬਲ ਮਿਲੇਗਾ ਅਤੇ ਨਸ਼ਾਬੰਦੀ ਲਈ ਰਾਤ ਦਿਨ ਇੱਕ ਕਰਕੇ ਚੱਲ ਰਹੇ ਨੌਜਵਾਨ ਵਰਗ ਅਤੇ ਨਸ਼ਾ ਰੋਕੂ ਕਮੇਟੀਆਂ ਨੂੰ ਹੋਰ ਮਜਬੂਤੀ ਤੇ ਹੌਂਸਲਾ ਮਿਲੇਗਾ।ਉਨ੍ਹਾਂ ਕਿਹਾ ਕਿ ਸਰਕਾਰ ਕੁੱਝ ਕਰੇ ਚਾਹੇ ਨਾ ਕਰੇ ਪਰ ਪਰਮਿੰਦਰ ਸਿੰਘ ਝੋਟੇ ਦੀ ਟੀਮ ਪੰਜਾਬ ਵਿੱਚੋਂ ਨਸ਼ਾ ਮੁਕਤੀ ਜ਼ਰੂਰ ਕਰਕੇ ਰੁਕੇਗੀ। ਪਰਮਿੰਦਰ ਸਿੰਘ ਝੋਟੇ ਦੀ ਮਾਤਾ ਅਮਰਜੀਤ ਕੌਰ ਨੇ ਕਿਹਾ ਕਿ ਭਾਵੇਂ ਪੁੱਤਰ ਦੇ ਜੇਲ੍ਹ ਜਾਣ ਬਾਅਦ ਘਰ ਦੀ ਰੌਣਕ ਗੁੰਮ ਹੋ ਗਈ ਸੀ ਪਰ ਉਸਦੇ ਮਨੋਰਥ ਨੇ ਜਿਹੜਾ ਮਾਣ ਤੇ ਸਤਿਕਾਰ ਪਰਿਵਾਰ ਨੂੰ ਦਿਵਾਇਆ ਹੈ ਉਹ ਵੱਡੀ ਪ੍ਰਾਪਤੀ ਹੈ। ਉਨ੍ਹਾਂ ਦੱਸਿਆ ਕਿ ਪਰਮਿੰਦਰ ਦੀ ਰਿਹਾਈ ਤੇ ਨਸ਼ਾਬੰਦੀ ਲਈ ਚੱਲਦੇ ਪੱਕੇ ਧਰਨੇ ਵਿੱਚ ਜੋ ਵੀ ਸ਼ਾਮਿਲ ਹੁੰਦਾ ਰਿਹਾ ਹੈ ਉਹ ਸਾਨੂੰ ਸਾਡਾ ਪੁੱਤਰ ਹੀ ਲੱਗਦਾ ਸੀ। ਗੁਰਸੇਵਕ ਸਿੰਘ ਜਵਾਹਰਕੇ, ਬੋਘ ਸਿੰਘ, ਅਮਨ ਪਟਵਾਰੀ ਤੇ ਗਗਨ ਸ਼ਰਮਾ ਨੇ ਕਿਹਾ ਇਹ ਜਿੱਤ ਪੂਰੇ ਪੰਜਾਬ ਦੀ ਜਿੱਤ ਹੈ, ਜਿਸਨੇ ਦੱਸ ਦਿੱਤਾ ਹੈ ਕਿ ਪੰਜਾਬੀਆਂ ਨੂੰ ਨਸ਼ਾ ਨਹੀਂ ਰੁਜ਼ਗਾਰ ਚਾਹੀਦਾ ਹੈ। ਲੋਕ ਸਮਗਲਰਾਂ ਨੂੰ ਘੇਰਨ ਵੀ ਜਾਣਦੇ ਹਨ ਤੇ ਸੁੱਤੀਆਂ ਸਰਕਾਰਾਂ ਦੀ ਨੀਂਦ ਖੋਲ੍ਹਣਾ ਵੀ।ਦੱਸਣਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਓਐੱਸਡੀ (ਮੀਡੀਆ) ਮਨਜੀਤ ਸਿੰਘ ਸਿੱਧੂ ਨੇ ਮਾਨਸਾ ਜ਼ਿਲ੍ਹੇ ਦੇ ਦੋ ਵਿਧਾਇਕਾਂ ਪ੍ਰਿੰਸੀਪਲ ਬੁੱਧਰਾਮ ਅਤੇ ਗੁਰਪ੍ਰੀਤ ਸਿੰਘ ਬਣਾਂਵਾਲੀ ਸਮੇਤ ਐੱਸਐੱਸਪੀ ਡਾ. ਨਾਨਕ ਸਿੰਘ ਦੀ ਮੌਜੂਦਗੀ ਵਿੱਚ ਨਸ਼ਿਆਂ ਦੇ ਮੁਕੰਮਲ ਖਾਤਮੇ ਅਤੇ ਪਰਵਿੰਦਰ ਦੀ ਛੇਤੀ ਰਿਹਾਈ ਲਈ ਭਰੋਸਾ ਦਿੱਤਾ ਸੀ।

*'84 ਸਿੱਖ ਨਸਲਕੁਸ਼ੀ ਦਾ ਮਾਮਲਾ*

## ਟਾਈਟਲਰ ਖ਼ਿਲਾਫ਼ ਪੁੱਲ ਬੰਗਸ਼ ਦਾ ਕੇਸ ਹੁਣ ਜ਼ਿਲ੍ਹਾ ਅਦਾਲਤ ਨੂੰ ਸੌਂਪਿਆ



ਨਵੀਂ ਦਿੱਲੀ/ਏ.ਟੀ.ਨਿਊਜ਼: ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਪੁੱਲ ਬੰਗਸ਼ ਵਿੱਚ 1984 ਨਸਲਕੁਸ਼ੀ ਮਾਮਲਾ ਦਾ ਕੇਸ ਹੁਣ ਜ਼ਿਲ੍ਹਾ ਅਦਾਲਤ ਨੂੰ ਸੌਂਪ ਦਿੱਤਾ ਗਿਆ ਹੈ। ਐਡੀਸ਼ਨਲ ਚੀਫ਼ ਮੈਟਰੋਪੋਲੀਟੀਅਨ ਮੈਜਿਸਟ੍ਰੇਟ ਵਿਧੀ ਗੁਪਤਾ ਆਨੰਦ ਨੇ ਇਹ ਕੇਸ ਜ਼ਿਲ੍ਹਾ ਅਦਾਲਤ ਨੂੰ ਦੇਣ ਦੇ ਨਿਰਦੇਸ਼ ਦਿੱਤੇ ਹਨ । ਟਾਈਟਲਰ ਇਸ ਮਾਮਲੇ ਵਿੱਚ ਆਈ.ਪੀ.ਸੀ. ਦੀ ਧਾਰਾ 302 ਵਿੱਚ ਮੁਲਜ਼ਮ ਹੈ ।ਇਸ ਮਾਮਲੇ ਵਿੱਚ ਟਾਇਟਲਰ ਨੂੰ ਫਾਂਸੀ ਦੀ ਸਜ਼ਾ ਵੀ ਮਿਲ ਸਕਦੀ ਹੈ।ਮੈਜਿਸਟਰੇਟ ਨੇ ਕਿਹਾ ਕੇਸ ਵਿੱਚ ਜਿਨ੍ਹਾਂ ਦਸਤਾਵੇਜ਼ਾਂ 'ਤੇ ਭਰੋਸਾ ਕੀਤਾ ਗਿਆ ਹੈ ਉਨ੍ਹਾਂ ਦੀਆਂ ਕਾਪੀਆਂ ਟਾਈਟਲਰ ਨੂੰ ਪਹਿਲਾਂ ਹੀ ਦੇ ਦਿੱਤੀਆਂ ਗਈਆਂ ਹਨ। ਅਦਾਲਤ ਨੇ ਕਿਹਾ ਕਿ ਮੁਲਜ਼ਮ ਹੋਰ ਦਸਤਾਵੇਜ਼ਾਂ ਦੀ ਮੰਗ ਕਰਨ ਲਈ ਸੈਸ਼ਨ ਅਦਾਲਤ ਵਿੱਚ ਜ਼ਰੂਰੀ ਅਰਜ਼ੀ ਦੇ ਕੇ ਹਾਸਲ ਕਰ ਸਕਦਾ ਹੈ।ਅਦਾਲਤ ਨੇ ਕਿਹਾ ਕਿ 26 ਜੁਲਾਈ ਨੂੰ ਮੁਲਜ਼ਮ ਨੂੰ ਵੱਖ-ਵੱਖ ਧਾਰਾਵਾਂ ਵਿੱਚ ਪੇਸ਼ ਹੋਣ ਦਾ ਨੋਟਿਸ ਦਿੱਤਾ ਗਿਆ ਸੀ। ਚਾਰਜਸ਼ੀਟ ਵਿੱਚ 302 ਕਤਲ ਦੀ ਸਾਜ਼ਿਸ਼, 436 ਘਰ ਨੂੰ ਤਬਾਹ ਕਰਨ ਦੇ ਇਰਾਦੇ ਨਾਲ ਅੱਗ ਜਾਂ ਵਿਸਫੋਟਕ ਪਦਾਰਥ ਦੁਆਰਾ ਸ਼ਰਾਰਤ ਵਰਗੀਆਂ ਗੰਭੀਰ ਧਾਰਾਵਾਂ ਸਨ।ਸੈਸ਼ਨ ਅਦਾਲਤ ਨੇ ਪਹਿਲਾਂ ਟਾਈਟਲਰ ਨੂੰ 1 ਲੱਖ ਰੁਪਏ ਦੇ ਨਿੱਜੀ ਮੁਚੱਲਕੇ ਅਤੇ ਇੰਨੀ ਹੀ ਰਕਮ ਦੀ ਇੱਕ ਜ਼ਮਾਨਤ 'ਤੇ ਅਗਾਊਂ ਜ਼ਮਾਨਤ ਦਿੱਤੀ ਗਈ ਸੀ । ਜ਼ਮਾਨਤ ਦੇ

(ਬਾਕੀ ਸਫ਼ਾ 31 'ਤੇ)

## ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਭਾਰਤੀ ਸ਼ਰਧਾਲੂਆਂ ਨੂੰ ਰਾਤ ਠਹਿਰਾਉਣ ਬਾਰੇ ਚਰਚਾ ਛਿੜੀ

### ਕਰਤਾਰਪੁਰ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਦੇ ਸੀ.ਈ.ਓ. ਕੁਰੈਸ਼ੀ ਨੇ ਪਾਕਿ ਸਰਕਾਰ ਨੂੰ ਭੇਜਿਆ ਪੱਤਰ



ਅੰਮ੍ਰਿਤਸਰ/ਏ.ਟੀ.ਨਿਊਜ਼ : ਕਰਤਾਰਪੁਰ ਲਾਂਘੇ ਰਾਹੀਂ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੇ ਭਾਰਤੀ ਸ਼ਰਧਾਲੂਆਂ ਦੇ ਗੁਰਦੁਆਰਾ ਸਾਹਿਬ ਵਿਖੇ ਰਾਤ ਠਹਿਰਨ ਅਤੇ ਹੋਰ ਪ੍ਰਬੰਧਾਂ ਨੂੰ ਲੈ ਕੇ ਕਰਤਾਰਪੁਰ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਦੇ ਸੀ.ਈ.ਓ. ਮੁਹੰਮਦ ਅਬੂ ਬਕਰ ਆਫ਼ਤਾਬ ਕੁਰੈਸ਼ੀ ਵੱਲੋਂ ਪਾਕਿ ਸਰਕਾਰ ਨੂੰ ਪੱਤਰ ਭੇਜਿਆ ਗਿਆ ਹੈ ।ਇਸ ਬਾਰੇ 20 ਫਰਵਰੀ ਨੂੰ ਕਰਤਾਰਪੁਰ ਗੁਰਦੁਆਰਾ ਗਵਰਨਿੰਗ ਕੌਂਸਲ ਦੀ 7ਵੀਂ ਬੈਠਕ ਵਿੱਚ ਵਿਚਾਰ ਚਰਚਾ ਕੀਤੀ ਗਈ ਸੀ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਕਮੇਟੀ ਰੂਮ ਵਿਖੇ ਧਾਰਮਿਕ ਮਾਮਲਿਆਂ ਅਤੇ ਅੰਤਰ-ਧਰਮ ਸਦਭਾਵਨਾ ਮੰਤਰਾਲੇ ਦੇ ਸਕੱਤਰ ਦੀ ਪ੍ਰਧਾਨਗੀ ਹੇਠ ਅਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਦੇ ਸਾਬਕਾ ਚੇਅਰਮੈਨ ਹਬੀਬ ਉਰ ਰਹਿਮਾਨ ਗਿਲਾਨੀ ਦੀ ਹਾਜ਼ਰੀ ਵਿੱਚ ਹੋਈ ਉਕਤ ਬੈਠਕ ਵਿੱਚ ਚਿਨਾਬ ਰੇਂਜਰਜ਼ ਸਿਆਲਕੋਟ ਕੈਂਟ ਦੇ ਸੈਕਟਰ ਕਮਾਂਡਰ ਬ੍ਰਿਗੇਡੀਅਰ ਫ਼ਾਹਦ ਅਯੂਬ, ਮਿਲਟਰੀ ਓਪਰੇਸ਼ਨ ਡਾਇਰੈਕਟੋਰੇਟ ਅਲਫ਼ਾ-1 ਰਾਵਲਪਿੰਡੀ ਦੇ ਬ੍ਰਿਗੇਡੀਅਰ ਅਮੀਰ ਹਯਾਤ, ਕਰਨਲ ਐਮ. ਜਹਾਂਗੀਰ ਵਿਰਕ, ਖ਼ੁਫ਼ੀਆ ਏਜੰਸੀ ਆਈ. ਐੱਸ. ਆਈ. ਹਮਜ਼ਾ ਕੈਂਪ ਇਸਲਾਮਾਬਾਦ ਦੇ ਕਰਨਲ ਅਸੀਮ, ਫ਼ਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ ਲਾਹੌਰ ਦੇ ਕਰਨਲ ਆਫ਼ਤਾਬ, ਐੱਫ਼. ਆਈ. ਏ. ਕਰਤਾਰਪੁਰ ਕੋਰੀਡੋਰ ਦੇ ਡੀ. ਡੀ. ਇਮੀਗ੍ਰੇਸ਼ਨ ਅਮਾਨੁੱਲਾ, ਡਿਪਟੀ ਕਮਿਸ਼ਨਰ ਗੁੱਜਰਾਂਵਾਲਾ ਨਵੀਦ ਹੈਦਰ ਸ਼ਿਰਾਜੀ, ਡਿਪਟੀ ਕਮਿਸ਼ਨਰ ਨਾਰੋਵਾਲ ਮੁਹੰਮਦ ਅਸ਼ਰਫ਼, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

(ਬਾਕੀ ਸਫ਼ਾ 31 'ਤੇ)

## ਬਠਿੰਡਾ 'ਚ ਨਸ਼ਾ ਛੁਡਾਊ ਕਮੇਟੀ ਮੈਂਬਰ ਦਾ ਕਤਲ

ਬਠਿੰਡਾ/ ਏ.ਟੀ.ਨਿਊਜ਼ : ਬਠਿੰਡਾ ਦੇ ਪਿੰਡ ਸਿਧਾਣਾ ਵਿੱਚ ਸ਼ਨੀਵਾਰ ਰਾਤ ਨਸ਼ਾ ਤਸਕਰਾਂ ਨੇ ਐਂਟੀ ਨਾਰਕੋਟਿਕਸ ਕਮੇਟੀ ਦੇ ਇੱਕ ਮੈਂਬਰ ਦਾ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ ਜਸਵੀਰ ਸਿੰਘ (46) ਵਜੋਂ ਹੋਈ ਹੈ।

ਮ੍ਰਿਤਕ ਦੇ ਭਰਾ ਜਗਸੀਰ ਸਿੰਘ ਨੇ ਦੱਸਿਆ ਕਿ ਪਿੰਡ ਸਿਧਾਣਾ ਵਿੱਚ ਡਰੱਗ ਕਮੇਟੀ ਬਣਾਈ ਗਈ ਹੈ ਅਤੇ ਦਿਨ ਰਾਤ ਨਿਗਰਾਨੀ ਕੀਤੀ ਜਾ ਰਹੀ ਹੈ। ਨਾਰਕੋਟਿਕ ਕਮੇਟੀ ਵੱਲੋਂ ਸ਼ਨੀਵਾਰ ਰਾਤ ਪਿੰਡ ਨੂੰ ਜਾਣ ਵਾਲੇ ਰਸਤਿਆਂ ਨੂੰ ਬੰਦ ਕਰ ਦਿੱਤਾ ਗਿਆ। ਇਸ ਦੌਰਾਨ ਕਮੇਟੀ ਮੈਂਬਰਾਂ ਨੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਦੋ ਤਸਕਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਗੇਟ ਤੋੜ ਕੇ ਭੱਜ ਗਏ।

ਕਮੇਟੀ ਮੈਂਬਰਾਂ ਨੇ ਇਸ ਦੀ ਸੂਚਨਾ ਜਸਵੀਰ ਸਿੰਘ ਨੂੰ ਦਿੱਤੀ। ਇਸ ਤੋਂ ਬਾਅਦ ਜਸਬੀਰ ਸਿੰਘ ਅਤੇ ਉਸ ਦੇ ਸਾਥੀਆਂ ਨੇ ਨਸ਼ਾ ਤਸਕਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਜਸਬੀਰ ਸਿੰਘ ਦਾ ਕਤਲ ਕਰ ਦਿੱਤਾ।

## ਲੋਕ ਸਭਾ ਤੇ ਰਾਜ ਸਭਾ ਦੇ 763 ਸੰਸਦ ਮੈਂਬਰਾਂ ਵਿੱਚੋਂ 306 ਸੰਸਦ ਮੈਂਬਰਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ

### ਏ.ਡੀ.ਆਰ. ਵੱਲੋਂ ਦੇਸ਼ ਭਰ ਵਿੱਚ ਸੰਸਦ ਮੈਂਬਰਾਂ ਦੇ ਸਵੈ-ਸਹੁੰ ਚੁੱਕੇ ਹਲਫ਼ਨਾਮਿਆਂ ਦਾ ਅਧਿਐਨ

ਨਵੀਂ ਦਿੱਲੀ/ ਏ.ਟੀ.ਨਿਊਜ਼ : ਲੋਕ ਸਭਾ ਅਤੇ ਰਾਜ ਸਭਾ ਵਿੱਚ ਮੌਜੂਦਾ 763 ਸੰਸਦ ਮੈਂਬਰਾਂ ਵਿਚੋਂ 306 ਸੰਸਦ ਮੈਂਬਰਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। 194 ਤੋਂ ਵੱਧ ਸੰਸਦ ਮੈਂਬਰਾਂ ਨੇ ਉਨ੍ਹਾਂ ਵਿਰੁੱਧ ਗੰਭੀਰ ਅਪਰਾਧਿਕ ਮਾਮਲਿਆਂ ਦਾ ਐਲਾਨ ਕੀਤਾ ਹੈ। ਇਹ ਖ਼ੁਲਾਸਾ ਬੀਤੇ ਦਿਨੀਂ ਇੱਕ ਰਿਪੋਰਟ ਵਿੱਚ ਹੋਇਆ ਹੈ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੁਆਰਾ ਦੇਸ਼ ਭਰ ਵਿੱਚ ਲੋਕ ਸਭਾ ਅਤੇ ਰਾਜ ਸਭਾ ਦੀਆਂ 776 ਸੀਟਾਂ ਵਿੱਚੋਂ 763 ਮੌਜੂਦਾ ਸੰਸਦ ਮੈਂਬਰਾਂ ਦੇ ਸਵੈ-ਸਹੁੰ ਚੁੱਕੇ ਹਲਫ਼ਨਾਮਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਇਹ ਹਲਫ਼ੀਆ ਬਿਆਨ ਆਮ ਤੌਰ 'ਤੇ ਚੋਣਾਂ ਲੜਨ ਦੇ ਚਾਹਵਾਨ ਉਮੀਦਵਾਰਾਂ ਵੱਲੋਂ ਦਾਇਰ ਕੀਤੇ ਜਾਂਦੇ ਹਨ।

ਅਪਰਾਧਿਕ ਪਿਛੋਕੜ 'ਤੇ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਸ਼ਲੇਸ਼ਣ ਕੀਤੇ ਗਏ 763 ਮੌਜੂਦਾ ਸੰਸਦ ਮੈਂਬਰਾਂ ਵਿਚੋਂ, 306 (40 ਫ਼ੀਸਦੀ) ਮੌਜੂਦਾ ਸੰਸਦ ਮੈਂਬਰਾਂ ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲਿਆਂ ਦਾ ਐਲਾਨ ਕੀਤਾ ਹੈ, ਜਦਕਿ 194 (25 ਫ਼ੀਸਦੀ) ਮੌਜੂਦਾ ਸੰਸਦ ਮੈਂਬਰਾਂ ਨੇ ਗੰਭੀਰ ਅਪਰਾਧਿਕ ਮਾਮਲਿਆਂ ਦਾ ਐਲਾਨ ਕੀਤਾ ਹੈ। ਜਿਸ ਵਿੱਚ ਕਤਲ, ਕਤਲ ਦੀ ਕੋਸ਼ਿਸ਼, ਅਗਵਾ, ਔਰਤਾਂ ਵਿਰੁੱਧ ਅਪਰਾਧ ਆਦਿ ਨਾਲ ਸਬੰਧਿਤ ਕੇਸ ਸ਼ਾਮਲ ਹਨ।

ਰਿਪੋਰਟ ਵਿੱਚ ਅੱਗੇ ਦੱਸਿਆ ਗਿਆ ਹੈ ਕਿ ਲਕਸ਼ਦੀਪ ਦੇ ਇੱਕ ਸੰਸਦ ਮੈਂਬਰ ਵਿੱਚੋਂ ਇੱਕ (100 ਫ਼ੀਸਦੀ), ਕੇਰਲ ਦੇ 29 ਸੰਸਦ ਮੈਂਬਰਾਂ ਵਿੱਚੋਂ 23 (79 ਫ਼ੀਸਦੀ), ਬਿਹਾਰ ਦੇ 56 ਸੰਸਦ ਮੈਂਬਰਾਂ ਵਿੱਚੋਂ 41 (73 ਫ਼ੀਸਦੀ), ਮਹਾਰਾਸ਼ਟਰ ਦੇ 65 ਸੰਸਦ ਮੈਂਬਰਾਂ ਵਿੱਚੋਂ 37 (57 ਫ਼ੀਸਦੀ), ਤੇਲੰਗਾਨਾ ਦੇ 24 ਸੰਸਦ ਮੈਂਬਰਾਂ 'ਚੋਂ 13 (54 ਫ਼ੀਸਦੀ) ਅਤੇ ਦਿੱਲੀ ਦੇ 10 ਸੰਸਦ ਮੈਂਬਰਾਂ 'ਚੋਂ 5 (50 ਫ਼ੀਸਦੀ) ਨੇ ਆਪਣੇ ਹਲਫ਼ਨਾਮੇ 'ਚ ਆਪਣੇ ਖ਼ਿਲਾਫ਼ ਅਪਰਾਧਿਕ ਮਾਮਲਿਆਂ ਬਾਰੇ ਦੱਸਿਆ ਹੈ।

ਇਸ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਰਾਜ ਵਿੱਚ ਗੰਭੀਰ ਅਪਰਾਧਿਕ ਮਾਮਲਿਆਂ ਵਾਲੇ ਮੌਜੂਦਾ ਸੰਸਦ ਮੈਂਬਰਾਂ ਦੀ ਸਭ ਤੋਂ ਵੱਧ ਪ੍ਰਤੀਸ਼ਤਤਾ, ਲਕਸ਼ਦੀਪ ਦੇ ਇਕ ਸੰਸਦ ਵਿਚੋਂ ਇਕ (100 ਫ਼ੀਸਦੀ) ਹੈ, ਬਿਹਾਰ ਦੇ 56 ਸੰਸਦ ਮੈਂਬਰਾਂ ਵਿੱਚੋਂ 28 (50 ਫ਼ੀਸਦੀ), ਤੇਲੰਗਾਨਾ ਦੇ 24 ਸੰਸਦ ਮੈਂਬਰਾਂ ਵਿੱਚੋਂ 9 (38 ਫ਼ੀਸਦੀ), ਕੇਰਲ ਦੇ 29 ਸੰਸਦ ਮੈਂਬਰਾਂ ਵਿੱਚੋਂ 10 (34 ਫ਼ੀਸਦੀ), ਮਹਾਰਾਸ਼ਟਰ ਦੇ 65 ਸੰਸਦ ਮੈਂਬਰਾਂ 'ਚੋਂ 22 (34 ਫ਼ੀਸਦੀ) ਅਤੇ ਉੱਤਰ ਪ੍ਰਦੇਸ਼ ਦੇ 108 ਸੰਸਦ ਮੈਂਬਰਾਂ 'ਚੋਂ 37 (34 ਫ਼ੀਸਦੀ) ਨੇ ਆਪਣੇ ਖ਼ੁਦ ਦੇ ਹਲਫ਼ਨਾਮਿਆਂ 'ਚ ਆਪਣੇ ਖ਼ਿਲਾਫ਼ ਗੰਭੀਰ ਅਪਰਾਧਿਕ ਮਾਮਲਿਆਂ ਦਾ ਐਲਾਨ ਕੀਤਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਜਪਾ ਦੇ ਸਭ ਤੋਂ ਵੱਧ ਸੰਸਦ ਮੈਂਬਰ ਹਨ ਜਿਨ੍ਹਾਂ 'ਤੇ ਅਪਰਾਧਿਕ ਮਾਮਲੇ ਹਨ। 385 ਸੰਸਦ ਮੈਂਬਰਾਂ 'ਚੋਂ ਭਾਜਪਾ ਦੇ 139 (36 ਫ਼ੀਸਦੀ), ਕਾਂਗਰਸ ਦੇ 81 'ਚੋਂ 43 (53 ਫ਼ੀਸਦੀ), ਤ੍ਰਿਣਮੂਲ ਕਾਂਗਰਸ ਦੇ 36 'ਚੋਂ 14 (39 ਫ਼ੀਸਦੀ), ਸੀ.ਪੀ.ਆਈ. (ਐਮ) ਦੇ 8 ਸੰਸਦ ਮੈਂਬਰਾਂ ਵਿੱਚੋਂ 6 (75 ਫ਼ੀਸਦੀ), 'ਆਪ' ਦੇ 11 ਵਿੱਚੋਂ 3 (27 ਫ਼ੀਸਦੀ), ਵਾਈ.ਐਸ.ਆਰ.ਸੀ.ਪੀ. ਦੇ 31 ਵਿੱਚੋਂ 13 (42 ਫ਼ੀਸਦੀ) ਅਤੇ ਐਨਸੀਪੀ ਦੇ 8 ਸੰਸਦ ਮੈਂਬਰਾਂ ਵਿੱਚੋਂ 3 (38 ਫ਼ੀਸਦੀ ) ਨੇ ਆਪਣੇ ਹਲਫ਼ਨਾਮਿਆਂ ਵਿੱਚ ਆਪਣੇ ਵਿਰੁੱਧ ਅਪਰਾਧਿਕ ਮਾਮਲਿਆਂ ਦਾ ਐਲਾਨ ਕੀਤਾ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਮੁਸਲਮਾਨਾਂ ਤੇ ਸਿੱਖਾਂ ਤੋਂ ਬਾਅਦ ਹੁਣ ਈਸਾਈ ਭਗਵੀ ਸਿਆਸਤ ਦੀ ਫਿਰਕੂ ਨੀਤੀ ਦਾ ਨਿਸ਼ਾਨਾ ਬਣੇ

## ਯੂਨਾਈਟਿਡ ਕ੍ਰਿਸਚੀਅਨ ਫੋਰਮ ਅਨੁਸਾਰ ਅੱਠ ਮਹੀਨਿਆਂ ਦੌਰਾਨ ਈਸਾਈਆਂ ’ਤੇ 525 ਹਮਲੇ ਹੋਏ

## ਮਨੀਪੁਰ ’ਚ ਪਿਛਲੇ ਚਾਰ ਮਹੀਨਿਆਂ ਵਿੱਚ 642 ਚਰਚਾਂ ਨੂੰ ਨਿਸ਼ਾਨਾ ਬਣਾਇਆ ਗਿਆ

ਭਾਜਪਾ ਦੀ ਹਿੰਦੂਤਵੀ ਮੁਹਿੰਮ ਦਾ 2014 ਤੋਂ ਮੁੱਖ ਸ਼ਿਕਾਰ ਮੁਸਲਮਾਨ ਅਤੇ ਖ਼ਾਲਿਸਤਾਨ ਦੇ ਨਾਮ ’ਤੇ ਸਿੱਖ ਰਹੇ ਹਨ। ਪਿਛਲੇ ਸਾਢੇ 9 ਸਾਲਾਂ ਦੌਰਾਨ ਭਾਰਤ ਭਰ ਵਿੱਚ ਅਜਿਹਾ ਮਾਹੌਲ ਬਣਾਇਆ ਗਿਆ ਕਿ ਆਖਰ ਮੁਸਲਮਾਨ ਅਬਾਦੀ ਨੇ ‘ਦੜ ਵੱਟ, ਜ਼ਮਾਨਾ ਕੱਟ, ਭਲੇ ਦਿਨ ਆਵਣਗੇ’ ਦੀ ਤਰਜ਼ ਉੱਤੇ ਘਰਾਂ ਅੰਦਰ ਵੜ ਕੇ ਦਿਨ ਕੱਟਣ ਨੂੰ ਹੀ ਤਰਜੀਹ ਦਿੱਤੀ। ਹਾਲਾਂ ਕਿ ਸਿੱਖਾਂ ਵੱਲੋਂ ਵਿਰੋਧ ਜਾਰੀ ਰਿਹਾ ਹੈ, ਹੁਣ ਹਿੰਦੂ ਰਾਸ਼ਟਰਵਾਦੀਆਂ ਨੇ ਆਪਣੇ ਹਿੰਸਕ ਹਮਲਿਆਂ ਦਾ ਰੁੱਖ ਈਸਾਈਆਂ ਵੱਲ ਕਰ ਲਿਆ ਹੈ।ਦਿੱਲੀ ਦੀ ਯੂਨਾਈਟਿਡ ਕ੍ਰਿਸਚੀਅਨ ਫੋਰਮ ਨਾਮੀ ਸੁਸਾਇਟੀ ਨੇ ਬੀਤੀ 7 ਸਤੰਬਰ ਨੂੰ ਆਪਣੀ ਇੱਕ ਰਿਪੋਰਟ ਪੇਸ਼ ਕਰਕੇ ਦੱਸਿਆ ਹੈ ਕਿ ਚਾਲੂ ਵਰ੍ਹੇ ਦੇ ਪਹਿਲੇ ਅੱਠ ਮਹੀਨਿਆਂ ਦੌਰਾਨ ਭਾਰਤ ਵਿੱਚ ਈਸਾਈਆਂ ਉੱਤੇ 525 ਹਮਲੇ ਹੋਏ ਹਨ। ਜੇਕਰ ਇਹੋ ਵਰਤਾਰਾ ਰਿਹਾ ਤਾਂ ਇਹ ਵਰ੍ਹਾ ਪਿਛਲੇ ਸਾਰੇ ਰਿਕਾਰਡ ਤੋੜ ਦੇਵੇਗਾ। ਮਨੀਪੁਰ ਵਿੱਚ ਚਾਰ ਮਹੀਨਿਆਂ ਤੋਂ ਈਸਾਈਆਂ ਵਿਰੁੱਧ ਹੋ ਰਹੀ ਹਿੰਸਾ ਕਾਰਨ ਇਸ ਗਿਣਤੀ ਵਿੱਚ ਵੱਡਾ ਵਾਧਾ ਹੋ ਸਕਦਾ ਹੈ।ਸੁਪਰੀਮ ਕੋਰਟ ਵਿੱਚ ਦਾਖ਼ਲ ਕੀਤੀ ਇੱਕ ਰਿੱਟ ਅਨੁਸਾਰ ਮਨੀਪੁਰ ਵਿੱਚ ਪਿਛਲੇ ਚਾਰ ਮਹੀਨਿਆਂ ਵਿੱਚ 642 ਚਰਚਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਜੂਨ ਵਿੱਚ ਇੰਫਾਲ ਦੇ ਆਰਕਬਿਸ਼ਪ ਨੇ ਕਿਹਾ ਸੀ ਕਿ ਸਿਰਫ਼ 36 ਘੰਟਿਆਂ ਵਿੱਚ 249 ਚਰਚ ਸਾੜ ਦਿੱਤੇ ਗਏ ਸਨ। 2011 ਦੀ ਜਨਗਣਨਾ ਮੁਤਾਬਕ ਭਾਰਤ ਵਿੱਚ ਈਸਾਈਆਂ ਦੀ ਅਬਾਦੀ 2.3 ਫੀਸਦੀ ਹੈ।



2012 ਤੋਂ 2022 ਤੱਕ 11 ਸਾਲਾਂ ਦੌਰਾਨ ਈਸਾਈਆਂ ਉੱਤੇ ਹਮਲਿਆਂ ਦੀਆਂ ਘਟਨਾਵਾਂ ਚਾਰ ਗੁਣਾ ਵਧ ਚੁੱਕੀਆਂ ਹਨ। ਪਹਿਲਾ ਵੱਡਾ ਵਾਧਾ 2016 ਵਿੱਚ ਹੋਇਆ, ਜਦੋਂ ਇਨ੍ਹਾਂ ਹਮਲਿਆਂ ਦੀਆਂ 247 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ। ਅਗਲੇ ਹਰ ਸਾਲ ਇਨ੍ਹਾਂ ਵਿੱਚ ਵਾਧਾ ਹੁੰਦਾ ਰਿਹਾ ਤੇ 2021 ਵਿੱਚ ਹਿੰਸਕ ਘਟਨਾਵਾਂ ਦੀ ਗਿਣਤੀ 505 ਉੱਤੇ ਪਹੁੰਚ ਗਈ ਤੇ 2022 ਵਿੱਚ 599 ਹੋ ਗਈ ਸੀ।ਸੂਬਿਆਂ ਦੀ ਗੱਲ ਕਰੀਏ ਤਾਂ ਈਸਾਈਆਂ ਉੱਤੇ ਸਭ ਤੋਂ ਵੱਧ ਹਮਲੇ ਉੱਤਰ ਪ੍ਰਦੇਸ਼ ਵਿੱਚ ਯੋਗੀ ਆਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਹੋਏ ਹਨ। 2014 ਵਿੱਚ 18 ਹਮਲਿਆਂ ਤੋਂ ਵਧ ਕੇ 2017 ਵਿੱਚ ਇਹ 50 ਤੇ 2018 ਵਿੱਚ 132 ਤੱਕ ਪੁੱਜ ਗਏ ਸਨ। ‘ਹਿਊਮਨ ਰਾਈਟਸ ਵਾਚ’ ਦੀ ਏਸ਼ੀਆ ਡਵੀਜ਼ਨ ਦੀ ਉਪ ਨਿਰਦੇਸ਼ਕ ਮੀਨਾਕਸ਼ੀ ਗਾਂਗੁਲੀ ਦਾ ਕਹਿਣਾ ਹੈ ਕਿ ਰਾਜਸੀ ਆਗੂਆਂ ਦੇ ਨਫ਼ਰਤ ਭਰੇ ਭਾਸ਼ਣਾਂ ਤੋਂ ਪ੍ਰੇਰਨਾ ਲੈ ਕੇ ਹਿੰਸਕ ਭੀੜਾਂ ਹਮਲੇ ਕਰਦੀਆਂ ਹਨ। ਈਸਾਈਆਂ ਉੱਪਰ ਹਮਲਿਆਂ ਦੇ ਅੰਕੜੇ ਇਕੱਠੇ ਕਰਨ ਵਾਲੀ ਇੱਕ ਹੋਰ ਸੰਸਥਾ ਈ ਐਫ ਆਈ ਨੇ ਆਪਣੀ ਸਾਲਾਨਾ (ਬਾਕੀ ਸਫ਼ਾ 30 ’ਤੇ)

# ਜ਼ਿਮਨੀ ਚੋਣਾਂ ਦੇ ਨਤੀਜੇ ਭਾਜਪਾ ਦੇ ਸਿਆਸੀ ਭਵਿੱਖ ਲਈ ਖ਼ਤਰੇ ਦੀ ਘੰਟੀ

ਵੱਖ ਵੱਖ ਸੂਬਿਆਂ ਵਿੱਚ 5 ਸਤੰਬਰ ਨੂੰ ਸੱਤ ਵਿਧਾਨ ਸਭਾ ਹਲਕਿਆਂ ਲਈ ਹੋਈਆਂ ਜ਼ਿਮਨੀ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਤਿੰਨ ਉਮੀਦਵਾਰ ਜਿੱਤੇ ਹਨ ਅਤੇ ਗ਼ੈਰ-ਭਾਜਪਾ ਪਾਰਟੀਆਂ ਦੇ ਉਮੀਦਵਾਰਾਂ ਨੂੰ ਚਾਰ ਹਲਕਿਆਂ ਵਿੱਚ ਸਫਲਤਾ ਮਿਲੀ ਹੈ। ਭਾਜਪਾ ਨੇ ਤ੍ਰਿਪੁਰਾ ਦੇ ਦੋ ਵਿਧਾਨ ਸਭਾ ਹਲਕਿਆਂ ਅਤੇ ਉੱਤਰਾਖੰਡ ਦੇ ਇੱਕ ਵਿਧਾਨ ਸਭਾ ਹਲਕੇ ਬਾਗੇਸ਼ਵਰ ਤੋਂ ਜਿੱਤ ਪ੍ਰਾਪਤ ਕੀਤੀ ਹੈ। ਤ੍ਰਿਪੁਰਾ ਵਿੱਚ ਉਸ ਨੇ ਦੋਵੇਂ ਹਲਕਿਆਂ ਵਿੱਚ ਸੀ.ਪੀ.ਐੱਮ. ਦੇ ਉਮੀਦਵਾਰਾਂ ਨੂੰ ਵੱਡੇ ਫ਼ਰਕ ਨਾਲ ਹਰਾਇਆ। ਸੂਬੇ ਵਿੱਚ ਬਾਕਸਾਨਗਰ ਹਲਕੇ ਦੀ ਸੀਟ ਪਹਿਲਾਂ ਸੀਪੀਐੱਮ ਕੋਲ ਸੀ।



ਕੇਰਲ ਦੇ ਪੁਥੁਪਲੀ ਹਲਕੇ ਵਿੱਚ ਟੱਕਰ ‘ਇੰਡੀਆ’ ਗੱਠਜੋੜ ਦੀਆਂ ਸਹਿਯੋਗੀ ਪਾਰਟੀਆਂ ਕਾਂਗਰਸ ਅਤੇ ਸੀ.ਪੀ.ਐੱਮ. ਵਿਚਕਾਰ ਸੀ ਜਿੱਥੇ ਕਾਂਗਰਸ ਨੇ ਸੀ.ਪੀ.ਐੱਮ. ਦੇ ਉਮੀਦਵਾਰ ਨੂੰ 36,000 ਤੋਂ ਵੱਧ ਵੋਟਾਂ ਦੇ ਅੰਤਰ ਨਾਲ ਹਰਾਇਆ। ਸੂਬੇ ਵਿੱਚ ਕਈ ਵਿਵਾਦਾਂ ਕਾਰਨ ਸੀਪੀਐੱਮ ਸਰਕਾਰ ਦਬਾਅ ਹੇਠ ਹੈ ਅਤੇ ਸਿਆਸੀ ਸਮੀਕਰਨ ਸੰਕੇਤ ਦੇ ਰਹੇ ਹਨ ਕਿ ਇਸ ਸੂਬੇ ਵਿੱਚ ਕਾਂਗਰਸ ਨੂੰ 2019 ਦੀਆਂ ਲੋਕ ਸਭਾ ਚੋਣਾਂ ਵਾਂਗ ਵੱਡੀ ਸਫਲਤਾ ਮਿਲੇਗੀ, ਇਹ ਸੀਟ ਪਹਿਲਾਂ ਵੀ ਕਾਂਗਰਸ ਕੋਲ ਸੀ। ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਨੇ ਧੂੱਪਗੁੜੀ ਹਲਕੇ ਵਿੱਚ ਭਾਜਪਾ ਉਮੀਦਵਾਰ ਨੂੰ ਹਰਾ ਕੇ ਇਹ ਤੱਥ ਦਰਜ ਕਰਾਇਆ ਕਿ ਉਹ ਪੱਛਮੀ ਬੰਗਾਲ ਦੀ ਸਭ ਤੋਂ ਮਜ਼ਬੂਤ ਸਿਆਸੀ ਪਾਰਟੀ ਹੈ, 2021 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਹਲਕੇ ਤੋਂ ਭਾਜਪਾ ਜਿੱਤੀ ਸੀ। ਝਾਰਖੰਡ ਵਿੱਚ ਡੁਮਰੀ ਹਲਕੇ ਵਿੱਚ ਝਾਰਖੰਡ ਮੁਕਤੀ ਮੋਰਚੇ ਦੇ ਉਮੀਦਵਾਰ ਨੇ ਆਲ ਝਾਰਖੰਡ ਸਟੂਡੈਂਟਸ ਯੂਨੀਅਨ ਦੇ ਉਮੀਦਵਾਰ, ਜਿਸ ਨੂੰ ਭਾਜਪਾ ਦੀ ਹਮਾਇਤ ਹਾਸਲ ਸੀ, ਨੂੰ ਹਰਾਇਆ। ਉੱਤਰ ਪ੍ਰਦੇਸ਼ ਵਿੱਚ ਘੋਸੀ ਹਲਕੇ ਵਿੱਚ ਸਮਾਜਵਾਦੀ ਪਾਰਟੀ ਨੇ ਭਾਜਪਾ ਉਮੀਦਵਾਰ ਨੂੰ ਹਰਾਇਆ ਹੈ। ਇੱਥੇ ‘ਇੰਡੀਆ’ ਗੱਠਜੋੜ ਨੇ ਸਮਾਜਵਾਦੀ ਪਾਰਟੀ ਦੀ ਹਮਾਇਤ ਕੀਤੀ ਸੀ।ਗੱਠਬੰਧਨਾਂ ਦੀ ਪੱਧਰ ’ਤੇ ਦੇਖਿਆ ਜਾਵੇ ਤਾਂ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਨੇ ਤਿੰਨ ਹਲਕਿਆਂ ਵਿੱਚ ਜਿੱਤ ਪ੍ਰਾਪਤ ਕੀਤੀ ਹੈ। ‘ਇੰਡੀਆ’ ਗੱਠ ਬੰਧਨ ਨੇ ਗੱਠਜੋੜ ਵਜੋਂ ਲੜਦੇ ਹੋਏ ਉੱਤਰ ਪ੍ਰਦੇਸ਼ ਵਿੱਚ ਘੋਸੀ ਅਤੇ ਝਾਰਖੰਡ ਵਿੱਚ ਡੁਮਰੀ ਤੋਂ ਜਿੱਤ ਹਾਸਲ ਕੀਤੀ। ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਨੇ ਸੀਟ ਭਾਜਪਾ ਤੋਂ ਖੋਹੀ ਹੈ ਪਰ ਇੱਥੇ ਕਾਂਗਰਸ ਦੀ ਹਮਾਇਤ ਨਾਲ ਸੀਪੀਐੱਮ ਦਾ ਉਮੀਦਵਾਰ ਵੀ ਮੈਦਾਨ ਵਿੱਚ ਸੀ। ਕੇਰਲ ਵਿੱਚ ਮੁਕਾਬਲਾ ‘ਇੰਡੀਆ’ ਗੱਠ ਬੰਧਨ ਦੀਆਂ ਸਹਿਯੋਗੀ ਪਾਰਟੀਆਂ ਕਾਂਗਰਸ ਤੇ (ਬਾਕੀ ਸਫ਼ਾ 30 ’ਤੇ)

# ਸੱਥ ਦੀ ਜਿੱਤ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਨਵ ਉਭਾਰ

## ਭਗਵੇਂ ਤੇ ਝਾੜੂ ਵਾਲੇ ਹਾਰੇ, ਐਨ.ਐਸ.ਯੂ.ਆਈ. ਦੀ ਝੰਡੀ

ਪੰਜਾਬ ਯੂਨੀਵਰਸਿਟੀ ਦੀਆਂ ਚੋਣਾਂ ਵਿੱਚ ਪੰਜਾਬ ਦੀ ਰਾਜਨੀਤੀ ਦਾ ਭਵਿੱਖ ਦੇਖਿਆ ਜਾ ਰਿਹਾ ਹੈ। ਕਾਂਗਰਸ ਨਾਲ ਸੰਬੰਧਿਤ ਐਨ.ਐਸ.ਯੂ.ਆਈ. ਦੇ ਜਤਿੰਦਰ ਸਿੰਘ ਦੇ ਪ੍ਰਧਾਨ ਚੁਣੇ ਜਾਣ ਅਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਸੋਚ ਨਾਲ ਸੰਬੰਧਿਤ ਸੰਸਥਾ ਸੱਥ ਦੀ ਰਮਣੀਕ ਕੌਰ ਦੇ ਮੀਤ ਪ੍ਰਧਾਨ ਚੁਣੇ ਜਾਣ ਨਾਲ ‘ਆਪ’ ਅਤੇ ਭਾਜਪਾ ਲਈ ਰਾਜਨੀਤਕ ਖ਼ਤਰੇ ਦੀ ਘੰਟੀ ਵੱਜੀ ਹੈ।ਜਿੱਤ ਤੋਂ ਤੁਰੰਤ ਬਾਅਦ ਕੈਂਪਸ ਵਿੱਚ ਝਾੜੂ ਨੂੰ ਤੀਲੇ ਤੀਲੇ ਕੀਤਾ ਗਿਆ। 603 ਵੋਟਾਂ ਦੇ ਫਰਕ ਨਾਲ ਐਨ.ਐਸ.ਯੂ.ਆਈ. ਦੇ ਜਤਿੰਦਰ ਸਿੰਘ ਨੇ ਆਪ ਪਾਰਟੀ ਦੀ ਵਿਦਿਆਰਥੀ ਵਿੰਗ ਸੀ.ਵਾਈ.ਐਸ.ਐਸ. ਦੇ ਉਮੀਦਵਾਰ ਦਿਵਿਆਸ਼ ਠਾਕੁਰ ਨੂੰ ਹਰਾਇਆ ਹੈ । ਪਿਛਲੀ ਵਾਰ ਪ੍ਰਧਾਨਗੀ ਅਹੁਦੇ ਉਪਰ ਸੀਵਾਈਐਸਐਸ ਨੇ ਕਬਜ਼ਾ ਕੀਤਾ ਸੀ । ਉਸ ਸਮੇਂ ਆਪ ਪਾਰਟੀ ਦਾ ਦਾਅਵਾ ਸੀ ਇਹ ਸਿਰਫ਼ ਪੰਜਾਬ ਵਿੱਚ ਪਾਰਟੀ ਦੇ ਵੱਧ ਰਹੇ ਰਸੂਖ ਵੱਲ ਇਸ਼ਾਰਾ ਨਹੀਂ ਕਰਦੀ ਹੈ ਬਲਕਿ ਹਰਿਆਣਾ ਅਤੇ ਹਿਮਾਚਲ ਵਿੱਚ ਪਾਰਟੀ ਦੀ ਮਜ਼ਬੂਤੀ ਦਾ ਸੰਕੇਤ ਹੈ, ਕਿਉਂਕਿ ਯੂਨੀਵਰਸਿਟੀ ਵਿੱਚ ਪੰਜਾਬ ਸਮੇਤ 2 ਹੋਰ ਸੂਬਿਆਂ ਤੋਂ ਵਿਦਿਆਰਥੀ ਪੜ੍ਹਨ ਆਉਂਦੇ ਹਨ। ਚੋਣਾਂ ਤੋਂ ਠੀਕ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਨਵੇਂ ਹੋਸਟਲ ਦੇ ਲਈ ਕਰੋੜਾਂ ਰੁਪਏ ਦਿੱਤੇ ਸਨ ਪਰ ਜਿਸ ਤਰ੍ਹਾਂ ਦੇ ਨਤੀਜੇ ਆਏ ਹਨ ਉਸ ਤੋਂ ਸਾਫ ਹੈ ਕਿ ਵਿਦਿਆਰਥੀਆਂ ਨੇ ਆਪ ਪਾਰਟੀ ਨੂੰ ਨਕਾਰ ਦਿੱਤਾ ਹੈ । ਤੀਜੇ ਨੰਬਰ ’ਤੇ ਭਗਵੀ ਸੰਸਥਾ ਏਬੀਵੀਪੀ ਦੇ ਰਾਕੇਸ਼ ਦੇਸ਼ਵਾਲ ਰਹੇ ਉਨ੍ਹਾਂ ਨੂੰ 2182 ਵੋਟਾਂ ਮਿਲੀਆਂ ਭਾਵ ਝਾੜੂ ਤੇ ਭਗਵੇਂ ਇਕੋ ਤਕੜੀ ਵਿੱਚ ਤੋਲ ਦਿੱਤੇ ਗਏ।




ਜਨਰਲ ਸਕੱਤਰ ਦੇ ਅਹੁਦੇ ’ਤੇ ਆਈ.ਐਨ.ਐਸ.ਓ. ਦੇ ਉਮੀਦਵਾਰ ਦੀਪਕ ਗੋਇਲ ਦੀ ਜਿੱਤ ਹੋਈ ਹੈ ਜਦਕਿ ਉਪ ਪ੍ਰਧਾਨ ਦੇ ਅਹੁਦੇ ’ਤੇ ਸੱਥ ਦੀ ਰਣਮੀਕ ਜੋਤ ਕੌਰ ਨੇ ਤਕਰੀਬਨ 700 ਵੋਟਾਂ ਦੇ ਨਾਲ ਜਿੱਤ ਹਾਸਲ ਕੀਤੀ ਹੈ ਉਨ੍ਹਾਂ ਨੂੰ 4084 ਵੋਟਾਂ ਪਈਆਂ ਹਨ ।

ਉਂਝ ਸੱਥ ਦੀ ਉਮੀਦਵਾਰ ਦਾ ਜਿੱਤਣਾ, ਪੰਜਾਬ ਲਈ ਇੱਕ ਚੰਗਾ ਸ਼ਗਨ ਹੈ, ਜੋ ਪੰਜਾਬੀਆਂ ਵਿੱਚ ਇਨਸਾਫ਼ ਪਸੰਦ ਤਾਕਤਾਂ ਨੂੰ ਮਜ਼ਬੂਤੀ ਦੇਵੇਗਾ।

ਸੱਥ ਜਥੇਬੰਦੀ ਦੀ ਉਮੀਦਵਾਰ ਰਣਮੀਕਜੋਤ ਕੌਰ ਦੀ ਉਮਰ 20 ਸਾਲ ਹੈ, ਉਹ ਮੁਹਾਲੀ ਦੀ ਰਹਿਣ ਵਾਲੀ ਹੈ। ਰਣਮੀਕਜੋਤ ਕੌਰ ਡਾ. ਹਰਵੰਸ਼ ਸਿੰਘ ਜੱਜ ਇੰਸਟੀਚਿਊਟ ਆਫ਼ ਡੈਂਟਲ ਸਾਇੰਸਸ ਐਂਡ ਹਸਪਤਾਲ ਤੋਂ ਬੀ.ਡੀ.ਐੱਸ. ਦੀ ਪੜ੍ਹਾਈ ਕਰ ਰਹੀ ਹੈ, ਇਹ ਉਨ੍ਹਾਂ ਦਾ ਯੂਨੀਵਰਸਿਟੀ ਵਿੱਚ ਦੂਜਾ ਸਾਲ ਹੈ। ਰਣਮੀਕਜੋਤ ਕੌਰ ਨੇ ਦੱਸਿਆ ਕਿ ਉਨ੍ਹਾਂ ਦਾ ਸੁਪਨਾ ਸਿਵਲ ਸਰਵਸਿਸ ਦੀ ਤਿਆਰੀ ਕਰਕੇ ਅਫ਼ਸਰ ਬਣਨਾ ਹੈ ਅਤੇ ਉਹ ਪੜ੍ਹਾਈ ਦੇ ਨਾਲ-ਨਾਲ ਹੋਰ ਐਕਟੀਵਿਟੀਸ ਵਿੱਚ ਹਿੱਸਾ ਜਾਰੀ ਰੱਖੇਗੀ। ਸੱਥ ਪਾਰਟੀ ਦੇ ਮੌਜੂਦਾ ਪ੍ਰਧਾਨ ਜੋਧ ਸਿੰਘ ਨੇ ਦੱਸਿਆ ਕਿ ਸੱਥ 2017 ਵਿੱਚ ਇੱਕ ਵਿਚਾਰ-ਚਰਚਾ ਸਮੂਹ ਵਜੋਂ ਸ਼ੁਰੂ ਹੋਈ ਸੀ। ਉਨ੍ਹਾਂ ਕਿਹਾ ਕਿ ਸੱਥ ਨੂੰ ਕਿਸੇ ਵੀ ਰਾਜਨੀਤਕ ਜਥੇਬੰਦੀ ਦੀ ਹਮਾਇਤ ਹਾਸਲ ਨਹੀਂ ਹੈ। ਉਨ੍ਹਾਂ ਦੱਸਿਆ ਕਿ ਉਹ ਸਤਿਗੁਰੂ ਨਾਨਕ ਜੀ ਦੇ ਸਰਬੱਤ ਦੇ ਭਲੇ ਦੇ ਸਿਧਾਂਤ ਵਿੱਚ ਯਕੀਨ ਰੱਖਦੇ ਹਨ ਅਤੇ ਮਨੁੱਖੀ ਹੱਕਾਂ ਦੇ ਕਾਰਕੁੰਨ (ਬਾਕੀ ਸਫ਼ਾ 30 ’ਤੇ)

# ਤਨਮਨਜੀਤ ਸਿੰਘ ਢੇਸੀ ਦਾ ਇੰਗਲੈਂਡ ਦੀ ਰਾਜਨੀਤੀ ’ਚ ਉਭਾਰ

ਬਰਤਾਨੀਆ ਵਿੱਚ ਮੁੱਖ ਵਿਰੋਧੀ ਪਾਰਟੀ ਸਰਕਾਰ ਦੇ ਮੰਤਰੀ ਮੰਡਲ ਦੇ ਮੁਕਾਬਲੇ ਆਪਣੇ ਪਾਰਲੀਮੈਂਟ ਮੈਂਬਰਾਂ ਦਾ ਸ਼ੈਡੋ ਮੰਤਰੀ ਮੰਡਲ ਬਣਾਉਂਦੀ ਹੈ ਜੋ ਆਪਣੇ-ਆਪਣੇ ਵਿਭਾਗਾਂ ਵਿੱਚ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ’ਤੇ ਨਿਗ੍ਹਾ ਰੱਖਦੇ ਹਨ। ਇਹ ਰਵਾਇਤ ਹੈ ਕਿ ਜਦੋਂ ਵਿਰੋਧੀ ਪਾਰਟੀ ਹਕੂਮਤ ਵਿੱਚ ਆਉਂਦੀ ਹੈ ਤਾਂ ਉਹ ਆਮ ਤੌਰ ’ਤੇ ਆਪਣੇ ਸ਼ੈਡੋ ਮੰਤਰੀ ਨੂੰ ਹੀ ਉਸੇ ਵਿਭਾਗ ਦਾ ਮੰਤਰੀ ਬਣਾ ਦਿੰਦੀ ਹੈ। ਬਰਤਾਨੀਆ ਦੇ ਪਹਿਲੇ ਸਿੱਖ ਦਸਤਾਰਧਾਰੀ ਮੈਂਬਰ ਪਾਰਲੀਮੈਂਟ ਢੇਸੀ ਪਿੱਛੇ ਜਿਹੇ ਭਾਰਤ ਆਏ ਸਨ, ਉਸ ਵੇਲੇ ਉਹ ਰੇਲਵੇ ਦੇ ਸ਼ੈਡੋ ਮੰਤਰੀ ਸਨ, ਪਰ ਭਾਰਤ ਵਿੱਚ ਉਨ੍ਹਾਂ ਨੂੰ ਅਣਗੌਲਿਆ ਹੀ ਨਹੀਂ ਕੀਤਾ ਗਿਆ ਸਗੋਂ ਕਿਸੇ ਮਾਮੂਲੀ ਤਕਨੀਕੀ ਗ਼ਲਤੀ ਦੇ ਆਧਾਰ ’ਤੇ ਕਰੀਬ ਦੋ ਘੰਟੇ ਹਵਾਈ ਅੱਡੇ ’ਤੇ ਰੋਕਿਆ ਵੀ ਗਿਆ। ਹੁਣ ਲੇਬਰ ਪਾਰਟੀ ਵਿੱਚ ਤਨਮਨਜੀਤ ਸਿੰਘ ਢੇਸੀ ਦਾ ਕੱਦ ਹੋਰ ਵੀ ਉੱਚਾ ਹੋ ਗਿਆ ਹੈ ਤੇ ਉਨ੍ਹਾਂ ਨੂੰ ਸ਼ੈਡੋ ਖ਼ਜ਼ਾਨਾ ਮੰਤਰੀ ਬਣਾ ਦਿੱਤਾ ਗਿਆ ਹੈ। ਢੇਸੀ ਨੇ ਫੇਸਬੁੱਕ ’ਤੇ ਪੋਸਟ ਸਾਂਝੀ ਕਰਦਿਆਂ ਕਿਹਾ ਹੈ ਕਿ ਕੀਰ ਸਟਾਰਮਰ ਨੇ ਮੈਨੂੰ ਆਪਣੇ ਫਰੰਟਬੈਂਚ ਵਿੱਚ ਜਾਰੀ ਰੱਖਣ ਦਾ ਫ਼ੈਸਲਾ ਲੈਂਦਿਆਂ ਸਾਡੀ ਅਗਲੀ ਚਾਂਸਲ ਰੇਚਲ ਰੀਵਜ਼ ਨਾਲ ਖਜ਼ਾਨੇ ਦੇ ਸ਼ੈਡੋ ਐਕਸਚੈਕਰ ਸੈਕਟਰੀ ਵਜੋਂ ਜੁੜਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਅਰਥ ਸ਼ਾਸਿਤਰ ਏ-ਪੱਧਰ, ਗਣਿਤ ਦੀ ਡਿਗਰੀ, ਅਪਲਾਈਡ ਸਟੈਟਿਸਟਿਕਸ ਵਿੱਚ ਮਾਸਟਰਸ ਅਤੇ ਆਪਣਾ ਕਾਰੋਬਾਰ ਸ਼ੁਰੂ ਕਰਨ ਅਤੇ ਚਲਾਉਣ ਦੇ ਨਾਲ, ਮੈਂ ਉਸ ਸਬੰਧਿਤ ਗਿਆਨ ਅਤੇ ਜੀਵਨ ਦੇ ਅਨੁਭਵ ਨੂੰ ਆਪਣੀ ਨਵੀਂ ਭੂਮਿਕਾ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕਰਾਂਗਾ। ਇੱਕ ਚੋਟੀ ਦੀ ਪ੍ਰਤਿਭਾਸ਼ਾਲੀ ਖ਼ਜ਼ਾਨਾ ਟੀਮ ਵਿੱਚ ਕੰਮ ਕਰਨ ਲਈ ਉਤਸ਼ਾਹਿਤ ਹਾਂ।



ਭਾਵ ਜਿਵੇਂ ਦੇ ਅਸਾਰ ਹਨ ਜੇਕਰ ਲੇਬਰ ਪਾਰਟੀ ਸੱਤਾ ਵਿੱਚ ਆਈ ਤਾਂ ਢੇਸੀ ਬਰਤਾਨੀਆ ਦੇ (ਬਾਕੀ ਸਫ਼ਾ 30 ’ਤੇ)

# ਕੈਨੇਡਾ 'ਚ ਵਧੇ ਪੰਜਾਬੀ ਮੁਟਿਆਰਾਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ

**ਨੌਜਵਾਨ ਕਰ ਰਹੇ ਨੇ ਡਰੱਗਜ਼ ਦਾ ਧੰਦਾ**

## ਐਲਸਪੇਥ ਹੇਵਰਥ ਸੈਂਟਰ ਫ਼ਾਰ ਵੂਮੈਨ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਨੋਟਿਸ ਲੈਣ ਦੀ ਕੀਤੀ ਅਪੀਲ

ਜਲੰਧਰ/ਏ.ਟੀ.ਨਿਊਜ਼ : ਕੈਨੇਡਾ ਵਿੱਚ ਨੌਕਰੀਆਂ ਨਾ ਮਿਲਣ ਅਤੇ ਆਰਥਿਕ ਤੰਗੀ ਕਾਰਨ ਜਿਥੇ ਸਟੱਡੀ ਵੀਜ਼ੇ 'ਤੇ ਗਈਆਂ ਪੰਜਾਬੀ ਕੁੜੀਆਂ ਨਾਲ ਜਿਣਸੀ ਸ਼ੋਸ਼ਣ ਦੇ ਮਾਮਲੇ ਵੱਧ ਰਹੇ ਹਨ, ਉਥੇ ਹੀ ਦੂਜੇ ਪਾਸੇ ਮੁੰਡਿਆਂ ਨੂੰ ਪੈਸੇ ਦਾ ਲਾਲਚ ਦੇ ਕੇ ਨਸ਼ਿਆਂ ਦੇ ਧੰਦੇ ਵਿੱਚ ਫਸਾਇਆ ਜਾ ਰਿਹਾ ਹੈ। ਇਸ ਗੱਲ ਦਾ ਖੁਲਾਸਾ ਕਰਦਿਆਂ ਔਰਤਾਂ ਦੇ ਸਹਿਯੋਗੀ ਸੰਗਠਨ ਐਲਸਪੇਥ ਹੇਵਰਥ ਸੈਂਟਰ ਫਾਰ ਵੂਮੈਨ (ਈ.ਐੱਚ.ਸੀ.ਐੱਫ.ਡਬਲਯੂ.) ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਮਾਮਲੇ ਦਾ ਨੋਟਿਸ ਲੈਣ ਦੀ ਅਪੀਲ ਕੀਤੀ ਹੈ। ਸੰਗਠਨ ਦਾ ਕਹਿਣਾ ਹੈ ਕਿ ਪੈਸੇ ਦੀ ਘਾਟ ਕਾਰਨ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਹੋਣ ਵਾਲੀਆਂ ਕੁੜੀਆਂ ਨੂੰ ਆਰਥਿਕ ਸਹਾਇਤਾ ਦੇਣ ਵਿੱਚ ਕੈਨੇਡੀਅਨ ਗੁਰਦੁਆਰਿਆਂ ਦੇ ਪ੍ਰਬੰਧਕ ਵੀ ਦਿਲਚਸਪੀ ਨਹੀਂ ਦਿਖਾ ਰਹੇ ਹਨ, ਇਸ ਕਰ ਕੇ ਵਿਦੇਸ਼ ਦੇ ਸਮੂਹ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਵਿੱਤੀ ਯੋਗਦਾਨ ਪਾਉਣ ਦੇ ਹੁਕਮ ਜਾਰੀ ਕਰਨੇ ਚਾਹੀਦੇ ਹਨ।





**ਘੰਟਿਆਂ ਦੇ ਹਿਸਾਬ ਨਾਲ ਨਹੀਂ ਮਿਲ ਰਹੀਆਂ ਯੋਗ ਨੌਕਰੀਆਂ**

ਇਕ ਮੀਡੀਆ ਰਿਪੋਰਟ ਵਿੱਚ ਈ.ਐੱਚ.ਸੀ.ਐੱਫ.ਡਬਲਿਊ. ਦੀ ਕਾਰਜਕਾਰੀ ਨਿਰਦੇਸ਼ਕ ਸ੍ਰੀਮਤੀ ਸੁੰਦਰ ਸਿੰਘ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸਟੱਡੀ ਵੀਜ਼ੇ 'ਤੇ ਕੈਨੇਡਾ ਆਈਆਂ ਪੰਜਾਬੀ ਕੁੜੀਆਂ ਦੇ ਜਿਣਸੀ ਸ਼ੋਸ਼ਣ ਦੀਆਂ ਵੱਧ ਰਹੀਆਂ ਘਟਨਾਵਾਂ ਵੱਲ ਸਮਾਜਿਕ ਸੰਸਥਾਵਾਂ ਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਸਾਲ ਤਕਰੀਬਨ 5 ਲੱਖ ਅੰਤਰਰਾਸ਼ਟਰੀ ਵਿਦਿਆਰਥੀ ਖਾਸ ਕਰ ਕੇ ਪੰਜਾਬ ਤੋਂ ਕੈਨੇਡਾ ਆਉਂਦੇ ਹਨ। ਉਹ ਮੌਜੂਦਾ ਆਰਥਿਕ ਸਥਿਤੀਆਂ ਅਤੇ ਰੋਜ਼ਗਾਰ ਦੇ ਬਾਜ਼ਾਰ ਵਿੱਚ ਢੁਕਵੇਂ ਘੰਟਿਆਂ ਦੇ ਹਿਸਾਬ ਨਾਲ ਯੋਗ ਨੌਕਰੀਆਂ ਦੀ ਘਾਟ ਕਾਰਨ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ।

ਸ੍ਰੀਮਤੀ ਸਿੰਘ ਨੇ ਸਟੱਡੀ ਵੀਜ਼ਾ 'ਤੇ ਕੈਨੇਡਾ ਆਉਣ ਵਾਲੀਆਂ ਕੁੜੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਨਵੇਂ ਜਾਣ-ਪਛਾਣ ਵਾਲਿਆਂ ਤੋਂ ਵਿੱਤੀ ਮਦਦ ਨਾ ਲੈਣ ਜਾਂ ਆਪਣੀ ਬੈਂਕ ਦੇ ਵੇਰਵੇ ਅਤੇ ਪਤੇ ਉਨ੍ਹਾਂ ਨਾਲ ਸਾਂਝੇ ਨਾ ਕਰਨ। ਕਈ ਅਜਿਹੇ ਉਦਾਹਰਣ ਹਨ, ਜਦੋਂ ਕੁੜੀਆਂ ਦੇ ਨਵੇਂ ਜਾਣ-ਪਛਾਣ ਵਾਲੇ ਉਨ੍ਹਾਂ ਨੂੰ ਆਰਥਿਕ ਸਹਾਇਤਾ ਦੇਣ ਤੋਂ ਬਾਅਦ ਹੋਰ ਦੋਸਤਾਂ ਨਾਲ ਸਮਾਂ ਬਿਤਾਉਣ ਲਈ ਮਜਬੂਰ ਕਰਦੇ ਹਨ। ਕੁੜੀਆਂ ਦੇ ਇਤਰਾਜ਼ ਯੋਗ ਪੋਜ਼ ਵਿੱਚ ਚੁੱਪ-ਚੁਪੀਤੇ ਵੀਡੀਓ ਬਣਾ ਲਏ ਜਾਂਦੇ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਖ਼ਤਰੇ ਵਿੱਚ ਪਾ ਕੇ ਬਲੈਕ ਮੇਲ ਕੀਤਾ ਜਾਂਦਾ ਹੈ।

**ਇਮੀਗ੍ਰੇਸ਼ਨ ਸਲਾਹਕਾਰ ਵੀ ਪੇਸ਼ ਕਰਦੇ ਹਨ ਗਲਤ ਤਸਵੀਰ**

ਸ੍ਰੀਮਤੀ ਸਿੰਘ ਅਨੁਸਾਰ, ਭਾਰਤੀ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਉਦੋਂ ਤੱਕ ਕੈਨੇਡਾ ਨਹੀਂ ਭੇਜਣਾ ਚਾਹੀਦਾ ਜਦੋਂ ਤੱਕ ਉਹ ਗ੍ਰੈਜੂਏਟ ਅਤੇ ਸਿਆਣੇ ਨਹੀਂ ਹੋ ਜਾਂਦੇ ਕਿਉਂਕਿ ਇਥੇ ਜ਼ਿੰਦਗੀ ਆਸਾਨ ਨਹੀਂ ਹੈ। ਇਸ ਸਮੇਂ ਬੱਚਿਆਂ ਨੂੰ ਕੈਨੇਡਾ ਵਿੱਚ ਕਿਰਾਏ ਦੇ ਮਕਾਨ 'ਤੇ ਹੀ 50 ਤੋਂ 60 ਹਜ਼ਾਰ ਰੁਪਏ ਪ੍ਰਤੀ ਮਹੀਨਾ ਖਰਚ ਕਰਨਾ ਪੈਂਦਾ ਹੈ। ਦੂਜਾ, ਭਾਰਤ ਵਿਚ ਇਮੀਗ੍ਰੇਸ਼ਨ ਸਲਾਹਕਾਰ ਗਾਹਕਾਂ ਨੂੰ ਕੈਨੇਡਾ ਵਿਚ ਬਹੁਤ ਖੁਸ਼ਹਾਲ ਜ਼ਿੰਦਗੀ ਦੀ ਪੇਸ਼ਕਸ਼ ਕਰ ਕੇ ਲੁਭਾਉਂਦੇ ਹਨ। ਉਨ੍ਹਾਂ ਲੋਕਾਂ ਦੇ ਮਾਮਲੇ ਵਿੱਚ ਸਥਿਤੀ ਵੱਖਰੀ ਹੋ ਸਕਦੀ ਹੈ, ਜਿਨ੍ਹਾਂ ਦੇ ਮਦਦਗਾਰ, ਰਿਸ਼ਤੇਦਾਰ ਕੈਨੇਡਾ ਵਿੱਚ ਸੈਟਲ ਹੋ ਗਏ ਹਨ।

**ਗਰਭਪਾਤ ਕਰਵਾਉਣ ਵਾਲੀਆਂ ਵਿਦਿਆਰਥਣਾਂ ਦੀ ਗਿਣਤੀ ਵਧੀ**

ਇਕ ਰਿਪੋਰਟ ਅਨੁਸਾਰ ਗਰਭਪਾਤ ਕਰਵਾਉਣ ਵਾਲੀਆਂ ਵਿਦਿਆਰਥਣਾਂ ਦੀ ਗਿਣਤੀ ਵਿੱਚ ਵੀ ਵਾਧਾ ਹੋਣ ਦੀਆਂ ਖ਼ਬਰਾਂ ਹਨ। ਇਹ ਵੀ ਜਾਣਿਆ-ਪਛਾਣਿਆ ਤੱਥ ਹੈ ਕਿ ਬਹੁਤ ਸਾਰੀਆਂ ਵਿਦਿਆਰਥਣਾਂ ਆਪਣੇ ਖ਼ਰਚਿਆਂ ਦਾ ਭੁਗਤਾਨ ਕਰਨ ਲਈ ਆਪਣੀ ਮਰਜ਼ੀ ਨਾਲ ਦੇਹ ਵਪਾਰ ਵਿੱਚ ਦਾਖਲ ਹੋ ਰਹੀਆਂ ਹਨ। ਸਮੱਸਿਆ ਇਹ ਵੀ ਹੈ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਕੁੜੀਆਂ ਆਪਣੀ ਜ਼ਿੰਦਗੀ ਵਿੱਚ ਪਹਿਲੀ ਵਾਰ ਆਪਣੇ ਪਰਿਵਾਰਾਂ ਤੋਂ ਦੂਰ ਰਹਿ ਰਹੀਆਂ ਹਨ ਅਤੇ ਉਹ ਖੁਦ ਨੂੰ ਆਜ਼ਾਦ ਮਹਿਸੂਸ ਕਰਦੀਆਂ ਹਨ।

**ਮਰਜ਼ੀ ਨਾਲ ਦੇਹ ਵਪਾਰ ਦਾ ਇਹ ਵੀ ਹੈ ਕਾਰਨ**

ਸ੍ਰੀਮਤੀ ਸੁੰਦਰ ਸਿੰਘ ਨੇ ਪਹਿਲਾਂ ਦਿੱਤੀ ਇੱਕ ਇੰਟਰਵਿਊ ਵਿੱਚ ਇਹ ਵੀ ਦੱਸਿਆ ਸੀ ਕਿ ਮਾਤਾ-ਪਿਤਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਧੀ ਕਿਸੇ ਤਰ੍ਹਾਂ ਕੈਨੇਡਾ ਆ ਜਾਵੇ ਤਾਂ ਜੋ ਇੱਕ ਦਿਨ ਉਹ ਪੂਰੇ ਪਰਿਵਾਰ ਨੂੰ ਕੈਨੇਡਾ ਆਉਣ ਲਈ ਸਪਾਂਸਰ ਕਰ ਸਕੇ। ਉਹ ਇਨ੍ਹਾਂ ਦੀ ਪਹਿਲੇ ਸਾਲ ਦੀਆਂ ਫੀਸਾਂ ਅਤੇ ਸ਼ੁਰੂਆਤੀ ਯਾਤਰਾ ਖ਼ਰਚਿਆਂ ਦਾ ਭੁਗਤਾਨ ਕਰਦੇ ਹਨ। ਫਿਰ ਉਹ ਇਨ੍ਹਾਂ ਕੁੜੀਆਂ ਨੂੰ ਆਪਣਾ ਖੁਦ ਪਾਲਣ-ਪੋਸ਼ਣ ਕਰਨ ਲਈ ਕੈਨੇਡਾ ਵਿੱਚ ਛੱਡ ਦਿੰਦੇ ਹਨ। ਸ੍ਰੀਮਤੀ ਸਿੰਘ ਦੀ ਦਲੀਲ ਹੈ ਕਿ ਇਹ ਸਵੈ-ਇੱਛਾ ਨਾਲ ਦੇਹ ਵਪਾਰ ਵਿੱਚ ਸ਼ਾਮਲ ਹੋਣ ਦਾ ਇੱਕ ਵੱਡਾ ਕਾਰਨ ਹੈ।

**ਸੰਗਠਨ ਮੁਹੱਈਆ ਕਰਵਾ ਰਿਹੈ ਨੌਕਰੀਆਂ**

ਸ੍ਰੀਮਤੀ ਸੁੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਸੰਗਠਨ ਕੈਨੇਡੀਅਨ ਪੁਲਿਸ ਅਤੇ ਹੋਰ ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਜਿਣਸੀ ਸ਼ੋਸ਼ਣ ਦਾ ਸ਼ਿਕਾਰ ਹੋਣ ਵਾਲੀਆਂ ਲੜਕੀਆਂ ਲਈ ਢੁਕਵੀਂਆਂ ਨੌਕਰੀਆਂ ਅਤੇ ਰਿਹਾਇਸ਼ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਦਾ ਹੈ। ਜੇਕਰ ਈ.ਐੱਚ.ਸੀ.ਐੱਫ.ਡਬਲਿਊ. ਫੀਲਡ ਦਫ਼ਤਰਾਂ ਵਿੱਚ ਅਸਾਮੀਆਂ ਖਾਲੀ ਹਨ ਤਾਂ ਮੁਸ਼ਕਿਲਾਂ ਦਾ ਸਾਹਮਣਾ ਕਰਨ ਵਾਲੀਆਂ ਲੜਕੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

**ਮਹਿੰਗਾਈ ਵੀ ਬਣੀ ਸ਼ੋਸ਼ਣ ਦਾ ਕਾਰਨ**

ਵੱਖ-ਵੱਖ ਕੈਨੇਡੀਅਨ ਸੂਬਿਆਂ ਵਿੱਚ ਰਿਹਾਇਸ਼ੀ ਕਿਰਾਏ ਅਸਮਾਨ ਛੂਹ ਰਹੇ ਹਨ। ਦੁੱਧ ਅਤੇ ਫਲਾਂ ਸਮੇਤ ਕਰਿਆਨੇ ਦੀਆਂ ਦਰਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਲਗਭਗ ਅਸਮਰਥ ਹੋ ਗਈਆਂ ਹਨ। ਇਹ ਸਭ ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਬਣਾਉਂਦਾ ਹੈ। ਅਜਿਹੇ ਹਾਲਾਤ ਕੁੜੀਆਂ ਨੂੰ ਦੇਹ ਵਪਾਰ ਕਰਨ ਲਈ ਮਜਬੂਰ ਕਰ ਰਹੇ ਹਨ ਅਤੇ ਮੁੰਡਿਆਂ ਨੂੰ ਡਰੱਗਜ਼ ਦੇ ਧੰਦੇ 'ਚ ਧੱਕਣ ਲਈ ਮਜਬੂਰ ਕਰਦੇ ਹਨ।

**ਤਿੰਨ ਗੁਣਾ ਹੋਈ ਪੀੜਤ ਲੜਕੀਆਂ ਦੀ ਗਿਣਤੀ**

ਸ੍ਰੀਮਤੀ ਸੁੰਦਰ ਸਿੰਘ ਦਾ ਕਹਿਣਾ ਹੈ ਕਿ ਕੈਨੇਡਾ ਦੀਆਂ ਗੁਰਦੁਆਰਾ ਕਮੇਟੀਆਂ ਦੁਖੀ ਵਿਦਿਆਰਥੀਆਂ ਦੀ ਮਦਦ ਕਰਨ ਵਿੱਚ ਕੋਈ ਦਿਲਚਸਪੀ ਨਹੀਂ ਰੱਖਦੀਆਂ। ਸ੍ਰੀਮਤੀ ਸਿੰਘ ਨੇ ਖੁਲਾਸਾ ਕੀਤਾ ਕਿ 2017 ਵਿੱਚ 1500 ਤੋਂ ਵੱਧ ਪ੍ਰੇਸ਼ਾਨ ਲੜਕੀਆਂ ਵੱਲੋਂ ਕਾਲਾਂ ਆਈਆਂ ਸਨ, ਜਦ ਕਿ 2022 ਤੱਕ ਇਹ ਗਿਣਤੀ ਤਿੰਨ ਗੁਣਾ ਵਧ ਗਈ ਹੈ।

**ਜਥੇ. ਸ੍ਰੀ ਅਕਾਲ ਤਖ਼ਤ ਸਾਹਿਬ ਦੇਣ ਦਖ਼ਲ**

ਸ੍ਰੀਮਤੀ ਸਿੰਘ ਨੇ ਕਿਹਾ ਕਿ ਅਸੀਂ ਕੁਝ ਸਾਲ ਪਹਿਲਾਂ ਕੁਝ ਗੁਰਦੁਆਰਿਆਂ ਤੱਕ ਪਹੁੰਚ ਕੀਤੀ ਸੀ, ਉਨ੍ਹਾਂ ਨੂੰ ਆਪਣੇ ਵਿਸ਼ਾਲ ਵਿੱਤੀ ਸਰੋਤਾਂ ਤੋਂ ਸਾਡੇ ਯਤਨਾਂ ਵਿੱਚ ਯੋਗਦਾਨ ਪਾਉਣ ਲਈ ਬੇਨਤੀ ਕੀਤੀ ਸੀ ਪਰ ਉਨ੍ਹਾਂ ਨੇ ਕੋਈ ਦਿਲਚਸਪੀ ਨਹੀਂ ਦਿਖਾਈ। ਉਹ ਇਸ ਸੁਝਾਅ 'ਤੇ ਸਹਿਮਤ ਹੋਈ ਕਿ ਪੰਜਾਬੀ ਵਿਦਿਆਰਥੀਆਂ ਦੀ ਮਾੜੀ ਹਾਲਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਧਿਆਨ ਵਿੱਚ ਲਿਆਉਣ ਦੀ ਲੋੜ ਹੈ।



# ਪੰਜਾਬ 'ਚ ਖ਼ਤਰਨਾਕ ਗ਼ੁਲਾਮ ਪੈਦਾ ਕਰਨ ਲਈ ਸਿੰਥੈਟਿਕ ਨਸ਼ੇ ਤੇ ਮਾਫ਼ੀਆ ਰਾਜ ਜ਼ਿੰਮੇਵਾਰ





ਰਮੇਸ਼ ਰਤਨ

ਗ਼ੁਲਾਮਾਂ ਤੋਂ ਵੀ ਵੱਧ ਖ਼ਤਰਨਾਕ ਬਣ ਰਹੇ ਨਸ਼ੇੜੀਆਂ ਲਈ ਜ਼ਿੰਮੇਵਾਰ ਕੌਣ ਹੈ? ਇਸ ਦੀ ਤਹਿ ਵਿੱਚ ਜਾ ਕੇ ਅਸਲੀ ਗੁਨਾਹਗਾਰਾਂ ਨੂੰ ਲੱਭਣ ਅਤੇ ਇਸ ਗੰਭੀਰ ਮਸਲੇ ਨੂੰ ਹੱਲ ਕਰਨ ਦੀ ਬਜਾਏ ਸਾਡੇ ਦੇਸ਼ ਦੀਆਂ ਸਰਕਾਰਾਂ ਸਿਰਫ਼ ਆਪਣੀ ਪਿੱਠ ਥਾਪੜਨ ਅਤੇ ਪ੍ਰਚਾਰ ਤੋਂ ਹੀ ਵਿਹਲੀਆਂ ਨਹੀਂ ਹੋ ਰਹੀਆਂ।

ਬੀਤੇ ਦਿਨ ਲਗਭਗ ਇੱਕ ਲੱਖ 40 ਹਜ਼ਾਰ ਕਿੱਲੋ ਨਸ਼ੇ, ਜਿਸ ਦੀ ਕੀਮਤ ਲਗਭਗ 2400 ਕਰੋੜ ਦੱਸੀ ਜਾਂਦੀ ਹੈ, ਨੂੰ ਅੱਗ ਦੇ ਹਵਾਲੇ ਕਰਨ ਦੀਆਂ ਵੀਡੀਓ ਸਾਡੇ ਸਾਹਮਣੇ ਆਈਆਂ ਹਨ। ਇਸ ਸਮੇਂ ਹੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਿਆਨ ਆਇਆ, ਜਿਸ ਵਿੱਚ ਉਨ੍ਹਾਂ ਨੇ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਦੀਆਂ ਜਾਇਦਾਦਾਂ ਨੂੰ ਕੁਰਕ ਕਰਨ ਅਤੇ ਉਨ੍ਹਾਂ ਨੂੰ ਸ਼ਰੇਆਮ ਬੇਇੱਜ਼ਤ ਕਰਨ ਦੀ ਗੱਲ ਆਖੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੀ ਡਰੋਨਾਂ ਦੀ ਰਜਿਸਟ੍ਰੇਸ਼ਨ ਕਰਨ ਨਾਲ ਪਾਕਿਸਤਾਨ ਵੱਲੋਂ ਆ ਰਹੇ ਨਸ਼ਿਆਂ ਨੂੰ ਰੋਕਣ ਦੇ ਸੁਪਨੇ ਵੇਚਣ ਲੱਗੇ ਹੋਏ ਹਨ। ਕੀ ਅਜਿਹੀਆਂ ਬਿਆਨ ਬਾਜ਼ੀਆਂ ਨਸ਼ੇ ਦੇ ਕਾਰੋਬਾਰ 'ਤੇ ਰੋਕ ਲਗਾ ਸਕਦੀਆਂ ਹਨ? ਇਹ ਸਭ ਬੜਾ ਹਾਸੋਹੀਣਾ ਲੱਗਦਾ ਹੈ ਕਿਉਂਕਿ ਮਾਮਲਾ ਡਰੱਗ ਮਾਫ਼ੀਆ ਬਣ ਗਈਆਂ ਵੱਡੀਆਂ ਮੱਛੀਆਂ ਨਾਲ ਜੁੜਿਆ ਹੋਇਆ ਹੈ।

ਕੁਝ ਮਹੀਨੇ ਪਹਿਲਾਂ ਗੁਜਰਾਤ ਵਿੱਚ ਅਡਾਨੀ ਗਰੁੱਪ ਵੱਲੋਂ ਚਲਾਈ ਜਾ ਰਹੀ ਭਾਰਤ ਦੀ ਸਭ ਤੋਂ ਵੱਡੀ ਪ੍ਰਾਈਵੇਟ ਮੁੰਦਰਾ ਬੰਦਰਗਾਹ ਤੋਂ ਤਿੰਨ ਹਜ਼ਾਰ ਕਿੱਲੋ ਹੈਰੋਇਨ ਫੜੀ ਗਈ ਸੀ। ਬਿਜ਼ਨੈੱਸ ਸਟੈਂਡਰਡ ਅਖ਼ਬਾਰ ਅਨੁਸਾਰ ਇਸ ਦੀ ਕੀਮਤ (21,000,00,00,000) ਇੱਕੀ ਹਜ਼ਾਰ ਕਰੋੜ ਰੁਪਏ ਬਣਦੀ ਹੈ। ਸਪੱਸ਼ਟ ਹੈ ਕਿ ਏਨੀ ਵੱਡੀ ਪੂੰਜੀ ਦਾ ਨਿਵੇਸ਼ ਸਾਧਾਰਨ ਦਰਮਿਆਨੇ ਤਬਕੇ ਵਾਲੇ ਤਾਂ ਨਹੀਂ ਕਰ ਸਕਦੇ। ਇਹ ਵੀ ਸਾਫ਼ ਹੈ ਕਿ ਆਰਥਿਕ ਤੌਰ 'ਤੇ ਅਤਿਅੰਤ ਮੁਨਾਫ਼ੇ ਵਾਲੇ ਨਸ਼ਿਆਂ ਦੇ ਕਾਰੋਬਾਰ ਵਿੱਚ ਸਰਕਾਰੀ ਅਧਿਕਾਰੀਆਂ, ਰਾਜਨੀਤਕ ਲੋਕਾਂ ਅਤੇ ਵੱਡੇ ਕਾਰੋਬਾਰੀਆਂ ਦੀ ਵੀ ਮਿਲੀਭੁਗਤ ਹੈ।

ਨਸ਼ਿਆਂ ਅਤੇ ਡਰੱਗ ਦੇ ਕਾਰੋਬਾਰ ਵਿਰੁੱਧ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਅਸੈਂਬਲੀ ਤੋਂ ਦੇਸ਼ ਦੀ ਪਾਰਲੀਮੈਂਟ ਤੱਕ ਅਨੇਕਾਂ ਵਾਰ ਰੌਲਾ ਪਿਆ ਹੈ। ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲੱਗ ਸਕਦਾ ਹੈ ਕਿ ਪੰਜਾਬ ਵਿੱਚ ਪਹੁੰਚਣ ਵਾਲੀ ਗ੍ਰਾਮਾਂ ਜਾਂ ਕੁਝ ਕਿੱਲੋ ਹੈਰੋਇਨ ਨੇ ਇਸ ਨੂੰ 'ਉੱਡਦਾ ਪੰਜਾਬ' ਜਾਂ 'ਉੱਜੜਦਾ ਪੰਜਾਬ' ਬਣਾ ਦਿੱਤਾ ਸੀ। ਪੰਜਾਬ ਅਸੈਂਬਲੀ ਅੰਦਰ 2008 ਵਿੱਚ ਭਾਜਪਾ ਆਗੂ ਅਤੇ ਸਿਹਤ ਮੰਤਰੀ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਦੇ ਆਪਣੀ ਹੀ ਸਰਕਾਰ ਵਿਰੁੱਧ ਨਸ਼ਾ ਤਸਕਰਾਂ ਅਤੇ ਪੁਲਿਸ ਦੇ ਗੱਠਜੋੜ ਬਾਰੇ ਬੋਲਣ 'ਤੇ ਨਸ਼ਿਆਂ ਵਿਰੁੱਧ ਕੁਝ ਸ਼ੁਰੂ ਹੋਈ ਕਾਰਵਾਈ ਕਰਕੇ ਛੇ-ਸੱਤ ਹਜ਼ਾਰ ਛੋਟੇ-ਛੋਟੇ ਨਸ਼ਾ ਵੇਚਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਮੁੜ 2017 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਲਈ ਪ੍ਰਚਾਰ ਸਮੇਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਨੇ ਸਹੁੰਆਂ ਖਾਧੀਆਂ ਸਨ। ਚੋਣਾਂ ਤੋਂ ਬਾਅਦ ਵੀਹ ਹਜ਼ਾਰ ਦੇ ਲਗਪਗ ਹੋਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਹਾਈ ਕੋਰਟ ਦੀਆਂ ਪੜਤਾਲਾਂ ਸਦਕਾ ਪੰਜਾਬ ਪੁਲਿਸ ਦੇ ਡੀ.ਐਸ.ਪੀ. ਜਗਦੀਸ਼ ਭੋਲਾ, ਅੰਮ੍ਰਿਤਸਰ ਤੋਂ ਉੱਘੇ ਅਕਾਲੀ ਆਗੂ ਮਨਜਿੰਦਰ ਸਿੰਘ, ਸਨਅਤਕਾਰ ਪਰਮਜੀਤ ਚਹਿਲ ਅਤੇ ਕਈ ਹੋਰ ਐੱਨ.ਆਰ.ਆਈਜ਼.



ਵੱਲੋਂ ਚਲਾਏ ਜਾ ਰਹੇ ਡਰੱਗ ਮਾਫ਼ੀਆ ਦਾ ਖ਼ੁਲਾਸਾ ਹੋਇਆ ਅਤੇ ਇਨ੍ਹਾਂ ਵਿੱਚੋਂ ਦਰਜਨ ਤੋਂ ਵੱਧ ਵਿਅਕਤੀਆਂ ਨੂੰ ਜੇਲ੍ਹਾਂ ਵਿੱਚ ਜਾਣਾ ਪਿਆ। ਉਸ ਤੋਂ ਬਾਅਦ ਅਨੇਕਾਂ ਹੋਰ ਪੁਲਿਸ ਅਧਿਕਾਰੀਆਂ ਅਤੇ ਕੁੱਝ ਸਮਾਂ ਪਹਿਲਾਂ ਛਾਬੜਾ ਇੰਟਰਨੈਸ਼ਨਲ ਡਰੱਗ ਸਿੰਡੀਕੇਟ ਮਾਫ਼ੀਆ ਦੇ ਸਨੀ ਵਰਮਾ ਤੱਕ ਦੀਆ ਗ੍ਰਿਫ਼ਤਾਰੀਆਂ ਦੇ ਦਰਮਿਆਨ ਅਨੇਕ ਕਾਰਵਾਈਆਂ ਹੋਈਆਂ ਹਨ। ਪ੍ਰੰਤੂ ਸਥਿਤੀ ਗਰਕਣ ਵੱਲ ਹੀ ਵਧਦੀ ਜਾ ਰਹੀ ਹੈ। ਹੈਰੋਇਨ ਜਾਂ ਕੈਮੀਕਲ ਨਸ਼ਿਆਂ ਦੀ ਵਰਤੋਂ ਪ੍ਰਚਲਿਤ ਨਸ਼ਿਆਂ ਤੋਂ ਬਹੁਤ ਹੀ ਵੱਖਰਾ ਅਤੇ ਗੰਭੀਰ ਮਾਮਲਾ ਹੈ। ਇਸ ਤੋਂ ਵੀ ਵੱਡੀ ਚਿੰਤਾ ਮਾਫ਼ੀਆ ਰਾਜ ਦੀ ਸਥਾਪਤੀ ਦੀ ਹੈ, ਜੋ ਇਸ ਅਤਿਅੰਤ ਮੁਨਾਫ਼ੇ ਵਾਲੇ ਕਾਰੋਬਾਰ ਵਿੱਚ ਵੱਡੇ ਵਪਾਰੀਆਂ, ਰਾਜਨੇਤਾਵਾਂ, ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮਿਲੀ-ਭੁਗਤ ਨਾਲ ਕਾਇਮ ਹੋ ਰਿਹਾ ਹੈ। ਕੀ ਇਕੱਲੀ ਸਰਕਾਰ ਵਲੋਂ ਕੀਤੀਆਂ ਕਾਰਵਾਈਆਂ ਨਾਲ ਇਸ ਮਾਫ਼ੀਆ 'ਤੇ ਕਾਬੂ ਪਾਇਆ ਜਾ ਸਕਦਾ ਹੈ? ਅਜਿਹਾ ਸੰਭਵ ਨਹੀਂ ਲਗਦਾ, ਕਿਉਂਕਿ ਅਜਿਹੀਆਂ ਸਖ਼ਤ ਸਰਕਾਰੀ ਕਾਰਵਾਈਆਂ ਤਾਂ ਯੂਰਪ ਸਮੇਤ ਦੁਨੀਆਂ ਦੇ ਲਗਪਗ ਹਰ ਖਿੱਤੇ ਵਿੱਚ ਹੋ ਚੁੱਕੀਆਂ ਹਨ। ਦੁਨੀਆ ਦੇ ਸਭ ਤੋਂ ਅਮੀਰ ਅਤੇ ਸ਼ਕਤੀਸ਼ਾਲੀ ਦੇਸ਼ ਅਮਰੀਕਾ ਵਿੱਚ ਸੱਤਰਵਿਆਂ ਵਿੱਚ 'ਹਿੱਪੀ ਅੰਦੋਲਨ' ਦੇ ਪ੍ਰਭਾਵ ਹੇਠ ਅਮਰੀਕੀ ਨੌਜਵਾਨਾਂ ਦੀ ਪੀੜ੍ਹੀ ਨਸ਼ਿਆਂ ਵਿੱਚ ਡੁੱਬਣ ਲੱਗੀ ਤਾਂ ਉੱਥੋਂ ਦੇ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਨਸ਼ਿਆਂ ਨੂੰ ਲੋਕਾਂ ਦਾ 'ਨੰਬਰ ਇਕ ਦੁਸ਼ਮਣ' ਐਲਾਨਦਿਆਂ ਇਸ 'ਤੇ ਸਖ਼ਤੀ ਨਾਲ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਇਮਾਨਦਾਰ ਅਕਸ ਵਾਲੀ ਅਮਰੀਕੀ ਪੁਲਿਸ ਵੀ ਨਸ਼ਿਆਂ 'ਤੇ ਕਾਬੂ ਨਾ ਪਾ ਸਕੀ। ਉਸ ਨਾਕਾਮਯਾਬੀ ਦਾ ਸਾਰਾ ਠੀਕਰਾ ਮੈਕਸੀਕੋ ਦੇ ਸਿਰ ਭੰਨਣਾ ਸ਼ੁਰੂ ਕਰ ਦਿੱਤਾ ਗਿਆ ਸੀ।

ਸੰਨ 2006 ਤੋਂ 2013 ਤੱਕ ਮੈਕਸੀਕੋ ਵਿੱਚ ਫਿਲਿਪ ਕਾਲਡੀਰੋਨ ਦੀ ਅਮਰੀਕਾ ਪੱਖੀ ਸਰਕਾਰ ਸਮੇਂ ਉਨ੍ਹਾਂ ਆਪਣਾ ਪ੍ਰਭਾਵ ਵਰਤ ਕੇ ਨਸ਼ਾ ਤਸਕਰਾਂ ਵਿਰੁੱਧ ਮੁਹਿੰਮਾਂ ਚਲਵਾਈਆਂ। ਛੇ-ਸੱਤ ਸਾਲਾਂ ਵਿੱਚ ਸਰਕਾਰੀ ਅੰਕੜਿਆਂ ਮੁਤਾਬਿਕ ਲਗਭਗ 60,000 ਵਿਅਕਤੀ ਮਾਰੇ ਗਏ ਅਤੇ 27,000 ਲਾਪਤਾ ਹੋ ਗਏ। ਗ਼ੈਰ-ਸਰਕਾਰੀ ਅੰਕੜੇ ਇਸ ਤੋਂ ਦੁੱਗਣੇ ਹਨ। ਇੰਨੇ ਖ਼ੂਨ-ਖ਼ਰਾਬੇ ਦੇ ਬਾਵਜੂਦ ਕੋਈ ਸਾਰਥਕ ਨਤੀਜਾ ਸਾਹਮਣੇ ਨਹੀਂ ਆਇਆ। ਅਖ਼ੀਰ ਰਾਸ਼ਟਰਪਤੀ ਓਬਾਮਾ ਦੀ ਸਰਕਾਰ ਸਮੇਂ ਅਜਿਹੀਆਂ ਫ਼ੌਜੀ ਕਾਰਵਾਈਆਂ ਤੋਂ ਹੱਥ ਖੜ੍ਹੇ ਕਰ ਲਏ ਗਏ।

### ਕਿੰਨਾ ਖ਼ਤਰਨਾਕ ਹੋ ਸਕਦਾ ਹੈ ਨਸ਼ਾ ਮਾਫ਼ੀਆ

ਵੱਡਾ ਤਜਰਬਾ ਕੋਲੰਬੀਆ ਦਾ ਹੈ। 1980ਵਿਆਂ ਵਿੱਚ ਕੋਲੰਬੀਆ ਸਰਕਾਰ ਵੱਲੋਂ ਕੋਕੀਨ ਵੇਚਣ ਵਾਲਿਆਂ ਵਿਰੁੱਧ ਸਖ਼ਤੀ ਦੀਆਂ ਮੁਹਿੰਮਾਂ ਚਲਾਈਆਂ ਗਈਆਂ। ਉੱਥੋਂ ਦੀ ਸਰਕਾਰ ਨੇ ਨਸ਼ਿਆਂ ਦੇ ਮਾਫ਼ੀਆ ਵਿਰੁੱਧ ਕਾਰਵਾਈ ਕਰਨ ਵਾਸਤੇ ਅਮਰੀਕਾ ਨਾਲ ਵੀ ਇੱਕ ਸੰਧੀ ਕੀਤੀ ਸੀ। ਕੋਲੰਬੀਆ ਅੰਦਰਲੇ ਨਸ਼ਾ ਮਾਫ਼ੀਆ ਸਰਗਨੇ 'ਪਾਬਲੋ ਇਸਕੋਬਾਰ' ਨੇ ਸਰਕਾਰ ਅੰਦਰ ਆਪਣਾ ਦਬਦਬਾ ਕਾਇਮ ਰੱਖਣ ਤੇ ਵਧਾਉਣ ਵਾਸਤੇ ਉੱਥੋਂ ਦੀ ਪ੍ਰਮੁੱਖ ਪਾਰਟੀ ਅੰਦਰ ਦਾਖ਼ਲਾ ਲੈ ਕੇ ਚੋਣ ਲੜਨ ਦੀ ਕੋਸ਼ਿਸ਼ ਕੀਤੀ। ਉਸ ਦਾ ਵਿਰੋਧ ਕਰਨ ਵਾਲੇ ਰਾਸ਼ਟਰਪਤੀ ਪਦ ਲਈ ਚੋਣ ਲੜ ਰਹੇ 'ਲੁਈਸ ਕਾਰਲੋਸ ਜੀਲੇਮ' ਨੂੰ 1987 ਵਿੱਚ ਚੋਣ ਰੈਲੀ ਦੌਰਾਨ ਹੀ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਇਸ ਤੋਂ ਇਲਾਵਾ ਨਸ਼ੇ ਦੇ ਅਪਰਾਧੀਆਂ ਨੂੰ ਸਜ਼ਾ ਸੁਣਾਉਣ ਵਾਲੇ ਸੁਪਰੀਮ ਕੋਰਟ ਦੇ ਸੱਤ ਜੱਜ ਅਤੇ ਛੋਟੀਆਂ ਅਦਾਲਤਾਂ ਦੇ 200 ਜੱਜ ਮਾਰ ਮੁਕਾਏ ਗਏ। ਨਸ਼ੇ ਦੇ ਮਾਫ਼ੀਆ ਵਿਰੁੱਧ ਫ਼ੌਜੀ ਕਾਰਵਾਈਆਂ ਅਸਰਅੰਦਾਜ਼ ਨਾ ਹੋਈਆਂ।

ਅੱਜ ਕੱਲ੍ਹ ਫਿਲਪੀਨ ਦਾ ਰਾਸ਼ਟਰਪਤੀ ਨਸ਼ੇ ਦੇ ਮਾਫ਼ੀਆ ਗਿਰੋਹਾਂ ਵਿਰੁੱਧ ਫ਼ੌਜੀ ਕਾਰਵਾਈਆਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਨ੍ਹਾਂ ਕਾਰਵਾਈਆਂ ਵਿੱਚ ਫਿਲਪੀਨ ਪੁਲਿਸ ਦੇ ਲਗਭਗ12,000 ਅਤੇ ਪ੍ਰਸ਼ਾਸਨ ਵਿਚਲੇ 5,000 ਲੋਕਾਂ ਨਾਲ ਵਿਰੋਧੀ ਪਾਰਟੀਆਂ ਦੇ 20,000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਸਰਕਾਰ ਦੀਆਂ ਕਾਰਵਾਈਆਂ ਵਿਰੁੱਧ ਦੇਸ਼ 'ਚ ਹਾਹਾਕਾਰ ਮਚੀ ਪਈ ਹੈ। ਕੋਈ ਸਪੱਸ਼ਟ ਨਤੀਜਾ ਨਿਕਲਦਾ ਦਿਖਾਈ ਨਹੀਂ ਦੇ ਰਿਹਾ। ਅਜਿਹੀਆਂ ਸਖ਼ਤੀ ਦੀਆਂ ਕਾਰਵਾਈਆਂ ਨਾਲ ਨਸ਼ਾ ਵੇਚਣ ਵਾਲਿਆਂ ਵਿਚੋਂ ਜੇ ਕੁਝ ਲੋਕ ਘੱਟ ਵੀ ਜਾਂਦੇ ਹਨ ਪ੍ਰੰਤੂ ਜਲਦੀ ਹੀ ਨਵੇਂ ਗੁੱਟ ਪੈਦਾ ਹੋ ਜਾਂਦੇ ਹਨ। ਲੰਡਨ ਸਕੂਲ ਆਫ਼ ਇਕਨਾਮਿਕਸ ਦੇ ਇੰਟਰਨੈਸ਼ਨਲ ਡਰੱਗ ਪਾਲਿਸੀ ਪ੍ਰਾਜੈਕਟ ਦੇ ਡਾਇਰੈਕਟਰ ਜੌਹਨ ਕੋਲਿਨ ਦਾ ਵਿਸ਼ਲੇਸ਼ਣ ਵੀ ਇਹ ਪ੍ਰਗਟਾਵਾ ਕਰਦਾ ਹੈ ਕਿ ਨਸ਼ਿਆਂ ਦੀ ਸਪਲਾਈ ਤੋੜਨ ਦੀਆਂ ਕਾਰਵਾਈਆਂ ਜਲਦੀ ਹੀ ਪ੍ਰਭਾਵਹੀਣ ਹੋ ਜਾਂਦੀਆਂ ਹਨ। ਇਸ ਨਾਲ ਨਸ਼ਿਆਂ ਦੀ ਮੰਡੀ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ,



ਕਿਉਂਕਿ ਲੜਾਈ ਇੱਕ ਆਰਥਿਕ ਸ਼ਕਤੀ ਵਿਰੁੱਧ ਹੈ। ਆਰਥਿਕ ਸ਼ਕਤੀ ਵਿੱਚ ਆਪਣੇ ਹਿੱਤ ਸਾਧਨ ਦਾ ਬਹੁਤ ਹੀ ਤਾਕਤਵਰ ਰੁਝਾਨ ਹੁੰਦਾ ਹੈ।

ਆਰਥਿਕ ਆਧਾਰ ਵਾਲੇ ਤੱਥ ਦੀ ਪ੍ਰੋੜ੍ਹਤਾ ਯੂਨਾਈਟਿਡ ਨੇਸ਼ਨ ਦੇ ਡਰੱਗ ਕ੍ਰਾਈਮ ਨੂੰ ਕੰਟਰੋਲ ਕਰਨ ਵਾਲੇ ਦਫ਼ਤਰ ਅਤੇ ਵਿਸ਼ਵ ਬੈਂਕ ਦੀਆਂ ਰਿਪੋਰਟਾਂ ਤੋਂ ਵੀ ਹੁੰਦੀ ਹੈ। ਰਿਪੋਰਟਾਂ ਅਨੁਸਾਰ ਅਫ਼ਗਾਨਿਸਤਾਨ ਦੀ ਜੀ.ਡੀ.ਪੀ. ਦਾ ਲਗਪਗ ਤੀਜਾ ਹਿੱਸਾ ਨਸ਼ਿਆਂ ਦੇ ਵਪਾਰ ਵਿਚੋਂ ਆਉਂਦਾ ਹੈ। ਨਸ਼ਿਆਂ ਦਾ ਜੋ ਵਪਾਰ ਮੈਕਸੀਕੋ ਰਾਹੀਂ ਕੀਤਾ ਜਾਂਦਾ ਹੈ, ਉਸ ਬਾਰੇ ਅੰਦਾਜ਼ਾ ਹੈ ਕਿ ਇਕ ਸਾਲ ਵਿਚ 15 ਅਰਬ ਡਾਲਰ ਤੋਂ 50 ਅਰਬ ਡਾਲਰ ਤੱਕ ਹੋ ਸਕਦਾ ਹੈ। ਪੰਜਾਬ ਅਤੇ ਭਾਰਤ ਦੀ ਸਥਿਤੀ ਬਾਰੇ ਵੱਖੋ-ਵੱਖ ਸੋਮਿਆਂ ਤੋਂ ਰਿਪੋਰਟ ਇਹ ਹੈ ਕਿ ਅਫ਼ਗਾਨਿਸਤਾਨ ਤੋਂ ਇੱਕ ਲੱਖ ਰੁਪਏ ਕਿੱਲੋ ਵਿਕਣ ਵਾਲੀ ਹੈਰੋਇਨ ਜਦੋਂ ਭਾਰਤੀ ਪੰਜਾਬ ਪਹੁੰਚਦੀ ਹੈ ਤਾਂ ਇਸ ਦੀ ਕੀਮਤ ਤੀਹ ਲੱਖ ਰੁਪਏ ਕਿੱਲੋ ਹੋ ਜਾਂਦੀ ਹੈ। ਇਹ ਦਿੱਲੀ, ਬੈਂਗਲੁਰੂ ਜਾਂ ਹੈਦਰਾਬਾਦ ਆਦਿ ਵੱਡੇ ਸ਼ਹਿਰਾਂ ਵਿੱਚ ਇੱਕ ਕਰੋੜ ਰੁਪਏ ਕਿੱਲੋ ਤੱਕ ਵਿਕ ਜਾਂਦੀ ਹੈ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਇਸ ਦੀ ਕੀਮਤ ਪੰਜ ਤੋਂ ਸੱਤ ਕਰੋੜ ਤੱਕ ਚਲੀ ਜਾਂਦੀ ਹੈ। ਅਜਿਹੇ ਸੁਪਰ ਲਾਭਕਾਰੀ ਧੰਦਿਆਂ ਵਿੱਚ ਅਨੇਕਾਂ ਅਫ਼ਸਰਾਂ, ਨੇਤਾਵਾਂ ਤੇ ਵਪਾਰੀਆਂ ਦਾ ਖਿੱਚਿਆ ਜਾਣਾ ਕੁਦਰਤੀ ਹੈ। ਨਸ਼ਿਆਂ ਦੀ ਖੇਪ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਅਤੇ ਖ਼ਰੀਦਦਾਰਾਂ ਤੱਕ ਸਪਲਾਈ ਲਾਈਨ ਤਿਆਰ ਕਰਨ ਵਾਸਤੇ ਬੇਰੁਜ਼ਗਾਰ ਅਤੇ ਗਰੀਬੀ ਦੇ ਭੰਨੇ ਨੌਜਵਾਨਾਂ ਦੀ ਖੋਜ ਕਰਨੀ ਕੋਈ ਔਖੀ ਨਹੀਂ। ਸਰਕਾਰ ਵੱਲੋਂ ਪਾਬੰਦੀਆਂ ਲਾਉਣ ਅਤੇ ਸਖ਼ਤੀਆਂ ਵਰਤਣ ਨਾਲ ਨਸ਼ਿਆਂ ਦੀ ਕੀਮਤ ਹੋਰ ਵੀ ਵਧ ਜਾਂਦੀ ਹੈ ਅਤੇ ਮੁਨਾਫ਼ੇ ਵੀ ਵਧ ਜਾਂਦੇ ਹਨ। ਵਧੇ ਹੋਏ ਮੁਨਾਫ਼ੇ ਇਸ ਧੰਦੇ ਵਾਸਤੇ ਵੱਧ ਖ਼ਤਰਾ ਝੱਲਣ ਲਈ ਹੋਰ ਲਾਲਚ ਪੈਦਾ ਕਰ ਦਿੰਦੇ ਹਨ। ਦੂਜਾ ਗੰਭੀਰ ਪੱਖ ਇਹ ਹੈ ਕਿ ਨਸ਼ਿਆਂ ਦਾ ਵਿਸ਼ੇਸ਼ ਢੰਗ ਨਾਲ ਪ੍ਰਚਾਰ ਕੀਤਾ ਜਾਂਦਾ ਹੈ। ਸਾਡੀਆਂ ਫ਼ਿਲਮਾਂ, ਨਾਟਕ, ਗਾਣੇ ਅਤੇ ਮੀਡੀਆ ਦਾ ਰੋਲ ਅਜਿਹੇ ਪ੍ਰਚਾਰ ਵਿੱਚ ਮੁੱਖ ਭੂਮਿਕਾ ਅਦਾ ਕਰਦਾ ਹੈ। ਜੇਕਰ ਅਜਿਹਾ ਪ੍ਰਚਾਰ ਨਾ ਹੋਵੇ ਤਾਂ ਨਸ਼ੇ ਘੱਟ ਫੈਲਦੇ ਹਨ।

ਤੀਜੇ ਇਹ ਨਸ਼ਾ ਵੇਚਣ ਵਾਲਿਆਂ ਦਾ ਤੰਤਰ, ਸੱਤਾ 'ਤੇ ਕਾਬਜ਼ ਰਾਜਨੀਤਕ ਪਾਰਟੀਆਂ ਲਈ ਨਵੀਂ ਕਿਸਮ ਦਾ ਪਾਰਟੀ ਕਾਡਰ ਮੁਹੱਈਆ ਕਰਵਾਉਣ ਦਾ ਸਾਧਨ ਬਣ ਗਿਆ ਹੈ। ਜਿਨ੍ਹਾਂ ਰਾਜਾਂ ਅਤੇ ਦੇਸ਼ਾਂ 'ਚ ਨਸ਼ਿਆਂ ਵਿਰੁੱਧ ਪਾਬੰਦੀਆਂ ਲੱਗੀਆਂ ਹਨ, ਉਨ੍ਹਾਂ ਸਭਨਾਂ ਵਿੱਚ ਇਸ ਦਾ ਮਾਫ਼ੀਆ ਵੀ ਪੱਕਾ ਹੋ ਗਿਆ ਹੈ। ਕਈ ਪਿੰਡਾਂ ਵਿੱਚ ਨਸ਼ਾ ਤਸਕਰਾਂ ਵਿਰੁੱਧ ਪਿੰਡ ਦੇ ਲੋਕਾਂ ਵੱਲੋਂ ਬਣਾਈਆਂ ਗਈਆਂ ਨਿਗਰਾਨ ਕਮੇਟੀਆਂ ਹੁਣ ਸਿੱਧੀਆਂ ਕਾਰਵਾਈਆਂ ਕਰਨ ਲੱਗ ਪਈਆਂ ਹਨ। ਇਸ ਨਾਲ ਕਾਨੂੰਨ ਦੀ ਵਿਵਸਥਾ 'ਤੇ ਮਾੜਾ ਅਸਰ ਪੈਣ ਅਤੇ ਆਪਸੀ ਸਮਾਜਿਕ ਲੜਾਈਆਂ ਹੋਣ ਦਾ ਖ਼ਤਰਾ ਵੀ ਵਧ ਰਿਹਾ ਹੈ।

### ਪ੍ਰਚਾਰ ਦਾ ਅਸਰ

ਪੰਜਾਬ ਦੇ ਲਗਭਗ ਹਰੇਕ ਰਸਤੇ ਉੱਤੇ ਸੁੱਖੇ ਦੇ ਬੂਟੇ ਆਮ ਹੀ ਖੜ੍ਹੇ ਮਿਲ ਜਾਂਦੇ ਹਨ ਤਾਂ ਵੀ ਇਸ ਦੀ ਵਰਤੋਂ ਬਹੁਤ ਘੱਟ ਹੈ, ਕਿਉਂਕਿ ਮੁਫ਼ਤ 'ਚ ਮਿਲਣ ਵਾਲੇ ਇਸ ਨਸ਼ੇ ਨੂੰ ਕੋਈ ਉਤਸ਼ਾਹਿਤ ਨਹੀਂ ਕਰਦਾ। ਹਿਮਾਚਲ ਅਤੇ ਮੱਧ ਪ੍ਰਦੇਸ਼ 'ਚ ਅਫ਼ੀਮ ਦੀ ਖੇਤੀ ਹੁੰਦੀ ਹੈ, ਪਰ ਉੱਥੇ ਵੀ ਇਸ ਦੇ ਨਸ਼ੇ ਦਾ ਪ੍ਰਚਲਣ ਸੀਮਤ ਹੈ। ਇਸੇ ਕਾਰਨ ਕਈ ਸਮਾਜਿਕ ਅਤੇ ਖੇਤੀ ਵਿਗਿਆਨੀਆਂ ਵੱਲੋਂ ਪੰਜਾਬ ਵਿੱਚ ਅਫ਼ੀਮ ਤੇ ਡੋਡਿਆਂ ਦੀ ਖੇਤੀ ਦੇ ਸੁਝਾਅ ਹੁਣ ਜ਼ਿਆਦਾ ਨੁਕਸਾਨਦਾਇਕ ਨਹੀਂ ਲੱਗਦੇ। ਨਸ਼ਿਆਂ ਵਿਰੁੱਧ ਰਣਨੀਤੀ ਅਪਣਾਉਂਦੇ ਸਮੇਂ ਸਰਕਾਰ ਅਤੇ ਬਾਕੀ ਸਮਾਜ ਦੀ ਸ਼ਮੂਲੀਅਤ ਵਾਲੇ ਬਹੁਪੱਖੀ ਸਾਂਝੇ ਉਪਰਾਲੇ ਹੀ ਕੋਈ ਸਾਰਥਕ ਹੱਲ ਕੱਢ ਸਕਦੇ ਹਨ। ਸਾਂਝੀ ਜ਼ਿੰਮੇਵਾਰੀ ਬਣ ਗਈ ਹੈ ਕਿ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਸਾਡੀਆਂ ਵਿੱਦਿਅਕ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਪੁਰਾਣੀਆਂ ਪਰੰਪਰਾਵਾਂ ਅਨੁਸਾਰ ਕਸਰਤਾਂ, ਅਖਾੜਿਆਂ ਅਤੇ ਟੂਰਨਾਮੈਂਟਾਂ ਆਦਿ ਦਾ ਪ੍ਰਬੰਧ ਕਰਨ ਵਿੱਚ ਹਿੱਸਾ ਪਾਉਣ। (ਬਾਕੀ ਸਫ਼ਾ 30 'ਤੇ)



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

13 ਸਤੰਬਰ ਤੋਂ 19 ਸਤੰਬਰ, 2023

## ਨਸ਼ਿਆਂ ਦੇ ਕੋਹੜ ਬਾਰੇ ਸਾਡੀ ਸਮਝ ਨੂੰ ਨਿਖ਼ਾਰਨ ਦੀ ਜ਼ਰੂਰਤ

ਪੰਜਾਬ ਦੇ ਹਲਾਤਾਂ ਬਾਰੇ ਗੱਲ ਕਰਦਿਆਂ, ਭਵਿੱਖ ਦੀ ਗੱਲ ਕਰਦਿਆਂ ਕਦੇ ਇਹ ਨਹੀਂ ਹੋ ਸਕਦਾ ਕਿ ਨਸ਼ਿਆਂ ਬਾਰੇ ਗੱਲ ਨਾ ਹੋਵੇ। ਅਕਸਰ ਨਸ਼ਿਆਂ ਬਾਰੇ ਜੁੜੀਆਂ ਖ਼ਬਰਾਂ ਪੰਜਾਬ ਵਾਸੀਆਂ ਨੂੰ ਸੁਣਨੀਆਂ ਪੈਂਦੀਆਂ ਹਨ। ਕਦੇ ਕਿਸੇ ਨੌਜਵਾਨ ਦੀ ਨਸ਼ਾ ਕਰਦਿਆਂ ਮੌਤ ਸੁਣਨ ਨੂੰ ਮਿਲਦੀ ਹੈ, ਜਾਂ ਵੱਡੀ ਪੱਧਰ 'ਤੇ ਨਸ਼ਿਆਂ ਦੀ ਖੇਪ ਫੜੀ ਜਾਣ ਦੀਆਂ ਖ਼ਬਰਾਂ, ਨਹੀਂ ਤੇ ਬਜ਼ਾਰਾਂ ਵਿੱਚ ਆਏ ਨਵੇਂ ਤਰ੍ਹਾਂ ਦੇ ਨਸ਼ੇ ਬਾਰੇ ਇੰਟਰਨੈੱਟ 'ਤੇ ਪੜ੍ਹਨ ਸੁਣਨ ਨੂੰ ਮਿਲਦਾ ਹੈ। ਨਸ਼ਿਆਂ ਬਾਰੇ ਗੱਲ ਅਕਸਰ ਚੋਣਾਂ ਵੇਲੇ ਵੱਧ ਸੁਣਨ ਨੂੰ ਮਿਲਦੀ ਹੈ, ਸਿਆਸੀ ਧੜਿਆਂ ਵੱਲੋਂ ਨਸ਼ਾ ਖਤਮ ਕਰਨ ਦੇ ਵਾਅਦੇ ਸੁਣਨ ਨੂੰ ਮਿਲਦੇ ਹਨ, ਚੋਣਾਂ ਤੋਂ ਬਾਅਦ ਇਹੀ ਗੱਲਾਂ 'ਤੇ ਲਾਰੇ ਮਿਲਦੇ ਹਨ। ਨਸ਼ਿਆਂ ਬਾਰੇ ਗੱਲਬਾਤ ਕਰਦਿਆਂ ਪੰਜਾਬ ਪ੍ਰਤੀ ਅਕਸਰ ਇਹ ਰਾਏ ਬਣ ਜਾਂਦੀ ਹੈ ਕਿ ਨਸ਼ਾ ਕੇਵਲ ਪੰਜਾਬ ਵਿੱਚ ਹੀ ਹੈ। ਨਸ਼ਿਆਂ ਬਾਰੇ ਖ਼ਬਰਾਂ, ਆਮ ਬੋਲਚਾਲ ਵਿੱਚ ਨਸ਼ੇ ਦੀਆਂ ਗੱਲਾਂ ਕਰਕੇ ਸੋਚ ਇਹ ਬਣ ਜਾਂਦੀ ਹੈ ਕਿ ਨਸ਼ਾ ਬਹੁਤ ਜਿਆਦਾ ਹੈ। ਅਜਿਹੀ ਰਾਏ ਬਣਨ ਦਾ ਅਧਾਰ ਅਕਸਰ ਦੇਖਣ ਦਾ ਨਜ਼ਰੀਆ ਹੁੰਦਾ ਹੈ। ਸਾਡੇ ਆਲ਼ੇ ਦੁਆਲ਼ੇ ਦੇ ਘੇਰੇ ਮੁਤਾਬਿਕ ਅਸੀਂ ਦੁਨੀਆਂ ਨੂੰ ਵੇਖਦੇ ਹਾਂ। ਜੇਕਰ ਸਾਡੇ ਘੇਰੇ ਵਿੱਚ ਨਸ਼ੇ ਨੂੰ ਵਰਤਣ ਵਾਲੇ ਬਹੁਤੇ ਲੋਕ ਹੋਣ ਤਾਂ ਅਜਿਹਾ ਸੋਚਣਾ ਸੁਭਾਵਿਕ ਹੈ ਕਿ ਸਾਰੇ ਨਸ਼ਾ ਕਰਦੇ ਹਨ। ਜੇਕਰ ਘੇਰਾ ਨਸ਼ੇ ਤੋਂ ਰਹਿਤ ਬੰਦਿਆ ਦਾ ਹੈ ਤਾਂ ਸਿਰਫ਼ ਥੋੜ੍ਹੇ ਲੋਕ ਹੀ ਨਸ਼ਾ ਕਰਦੇ ਪ੍ਰਤੀਤ ਹੋਣਗੇ। ਇਸ ਬਾਰੇ ਸਹੀ ਅੰਦਾਜ਼ਾ ਲਗਾਏ ਬਿਨਾਂ ਸਮਾਜ ਨੂੰ ਚੰਗੇ ਪਾਸੇ ਲਿਜਾਣਾ ਮੁਸ਼ਕਿਲ ਹੋਵੇਗਾ।

ਹੁਣ ਦੇ ਹਲਾਤਾਂ ਵਿੱਚ ਪੰਜਾਬ ਵਿੱਚ ਨਸ਼ੇ ਬਾਰੇ ਜ਼ਿਆਦਾਤਰ ਲੋਕਾਂ ਦੀ ਸੋਚ ਨਾ ਪੱਖੀ ਹੈ, ਪੰਜਾਬ ਵਿੱਚ ਕੁਝ ਵੀ ਸਾਨੂੰ ਚੰਗਾ ਨਹੀਂ ਦਿਖਾਈ ਦੇ ਰਿਹਾ। ਨਸ਼ਿਆਂ ਦੇ ਮਾਮਲੇ ਵਿੱਚ ਤਾਂ ਦੁਨੀਆਂ ਭਰ ਦੇ ਸਾਰੇ ਨਸ਼ੇ ਸਿਰਫ਼ ਪੰਜਾਬ ਵਿੱਚ ਹੀ ਹੋ ਰਹੇ ਜਾਪਦੇ ਹਨ ਪਰ ਅਜਿਹਾ ਸੱਚ ਨਹੀਂ ਹੈ। ਪੰਜਾਬ ਵਿੱਚ ਨਸ਼ਾ ਹੈ, ਪਰ ਧਰਤੀ ਦੀਆਂ ਹੋਰ ਜਗਾਵਾਂ 'ਤੇ ਨਸ਼ਾ ਪੰਜਾਬ ਤੋਂ ਵੀ ਕਿਤੇ ਜਿਆਦਾ ਹੈ। ਸਦੀਆਂ ਪਹਿਲਾਂ ਰਣਜੀਤ ਸਿੰਘ ਦੇ ਰਾਜ ਵਿੱਚ ਆਇਆ ਇੱਕ ਅੰਗਰੇਜ਼ ਲਿਖਾਰੀ ਪੰਜਾਬ ਦੇ ਬੰਦੇ ਅਤੇ ਤੀਵੀਂਆਂ ਬਾਰੇ ਲਿਖਦਾ ਹੈ ਕਿ ਪੰਜਾਬ ਵਿੱਚ ਲੋਕ ਹਿੰਦੁਸਤਾਨ ਨਾਲੋਂ ਤਕੜੇ ਹਨ। ਜਿਥੇ ਪੂਰੇ ਹਿੰਦੁਸਤਾਨ ਵਿੱਚ ਬੰਦੇ ਅਤੇ ਤੀਵੀਂਆਂ ਦੇ ਦੰਦ ਤੰਬਾਕੂ ਨੇ ਖਤਮ ਕਰ ਦਿੱਤੇ ਹਨ, ਪੰਜਾਬ ਦੇ ਲੋਕ ਇਸ ਬਿਮਾਰੀ ਤੋਂ ਬਚੇ ਹੋਏ ਹਨ। ਸਾਲਾਂ ਪਹਿਲਾਂ ਅੰਗਰੇਜ਼ ਹਾਕਮਾਂ ਅਤੇ ਹਿੰਦੁਸਤਾਨ ਦੇ ਰਾਜਿਆਂ ਦੀ ਪੰਜਾਬ ਦੇ ਸਿੱਖ ਕਿਸਾਨਾਂ ਬਾਰੇ ਰਾਏ ਸੀ ਕਿ ਇਹ ਬਹੁਤ ਮਿਹਨਤੀ ਹਨ, ਬਿਨਾਂ ਰੁਕੇ ਕੰਮ ਨੂੰ ਸਿਰੇ ਚੜ੍ਹਾਉਂਦੇ ਹਨ। ਇਹ ਟਿੱਪਣੀਆਂ ਬੜੀਆਂ ਮਹੱਤਵਪੂਰਨ ਹਨ। ਪੰਜਾਬ ਬਾਰੇ ਸਿੱਖਾਂ ਤੋਂ ਬਿਨਾਂ ਬਾਕੀ ਸਭ ਤਬਕੇ ਦੀ ਹਾਲਤ ਸਦੀਆਂ ਪਹਿਲਾਂ ਵੀ ਉਹੀ ਸੀ ਅਤੇ ਅੱਜ ਵੀ ਉਹੀ ਹੈ। ਇਥੋਂ ਤੱਕ ਕਿ ਅੱਜ ਕੈਨੇਡਾ ਅਤੇ ਅਮਰੀਕਾ ਵਰਗੇ ਮੁਲਕਾਂ ਵਿੱਚ ਵੀ ਨਸ਼ਾ ਦੁਨੀਆਂ ਵਿੱਚ ਸਭ ਤੋਂ ਵੱਧ ਹੈ, ਜਿਥੋਂ ਦੇ ਹਲਾਤ ਆਮ ਤੌਰ 'ਤੇ ਪੰਜਾਬ ਨਾਲੋਂ ਵਧੀਆ ਦੱਸੇ ਜਾਂਦੇ ਹਨ।

ਨਸ਼ਾ ਮਨੁੱਖਤਾ ਕੋਲ ਸਦੀਆਂ ਤੋਂ ਸੀ। ਸਿਆਣੇ ਪੁਰਖਾਂ ਨੇ ਸਦਾ ਇਹਨਾਂ ਅਲਾਮਤਾਂ ਤੋਂ ਦੁਨੀਆਂ ਨੂੰ ਬਚਣ ਦੀ ਤਾਕੀਦ ਕੀਤੀ ਹੈ। ਸਦਾ ਹੀ ਨਸ਼ੇ ਤੋਂ ਬਿਨਾਂ ਵੀ ਲੋਕ ਧਰਤੀ 'ਤੇ ਰਹੇ ਹਨ ਅਤੇ ਨਸ਼ਿਆਂ ਵਿੱਚ ਗ਼ਲਤਾਨ ਲੋਕ ਵੀ ਰਹੇ ਹਨ। ਪੂਰੀ ਤਰ੍ਹਾਂ ਕਿਸੇ ਵੀ ਚੀਜ਼ ਨੂੰ ਧਰਤ ਤੋਂ ਖ਼ਤਮ ਨਹੀਂ ਕੀਤਾ ਜਾ ਸਕਦਾ। ਨੇੜੇ ਦੇ ਘੇਰੇ ਵਿੱਚ ਨਸ਼ਾ ਨਾ ਆਵੇ, ਇਸ ਲਈ ਜਰੂਰੀ ਹੈ ਨਸ਼ੇ ਦੇ ਮੁਕਾਬਲੇ ਕਿਸੇ ਵੱਡੀ ਗੱਲ ਦਾ ਸਹਾਰਾ ਕੋਲ ਹੋਵੇ, ਚਾਹੇ ਉਹ ਸਮਾਜਿਕ/ਨਿੱਜੀ ਕਿਰਦਾਰ ਹੋਵੇ, ਪਰਿਵਾਰਕ ਮਾਣ ਸਨਮਾਨ ਹੋਵੇ ਜਾਂ ਧਰਮ ਦਾ ਕੁੰਡਾ ਹੋਵੇ। ਨਸ਼ੇ ਸਮੇਤ ਕਿਸੇ ਵੀ ਮਾੜੀ ਆਦਤ ਤੋਂ ਬਚਾਅ ਲਈ ਸਦਾ ਤੋਂ ਸਿਆਣੇ ਬੰਦੇ ਇਹ ਗੱਲ ਕਰਦੇ ਆਏ ਹਨ ਕਿ ਸਾਥ ਵਧੀਆ ਲੋਕਾਂ ਦਾ ਹੋਵੇ। ਸਿਆਣਿਆਂ ਦਾ ਇਹ ਕਹਿਣਾ ਕਿ ਜੈਸੀ ਬੈਠਕ ਤੈਸੀ ਸੋਬਤ ਗਲਤ ਨਹੀਂ ਹੈ। ਨਸ਼ੇ ਕਰਨ ਸਬੰਧੀ ਨਿੱਜੀ ਵਿਚਾਰ, ਕਿਸੇ ਪਰੇਸ਼ਾਨੀ ਜਾਂ ਖੁਸ਼ੀ ਦੇ ਸਮੇਂ ਨਸ਼ੇ ਦੇ ਵਿਚਾਰ ਬਣਨ ਪਿਛੇ ਬੰਦੇ ਦੇ ਸੰਸਕਾਰ ਹੁੰਦੇ ਹਨ, ਜਿਹੜੇ ਘਰ, ਸਮਾਜ, ਸਾਥੀਆਂ ਅਤੇ ਮੀਡੀਆ ਦੇ ਸਾਰੇ ਸਾਧਨਾਂ ਵਿਚੋਂ ਆਉਂਦੇ ਹਨ, ਜਿਨ੍ਹਾਂ ਵਿੱਚ ਟੈਲੀਵਿਜ਼ਨ, ਗੀਤ ਆਦਿ ਵੀ ਸ਼ਾਮਲ ਹਨ। ਬੰਦੇ ਦੇ ਸੰਸਕਾਰਾਂ ਲਈ ਅਸੀਂ ਮਾਪਿਆਂ ਵਜੋਂ, ਪਿੰਡ ਵਜੋਂ ਤੇ ਸਮਾਜ ਵਜੋਂ ਕਿਹੋ ਜਿਹਾ ਮਹੌਲ ਦੇ ਰਹੇ ਹਾਂ ? ਸਾਡਾ ਅਮਲ ਕੀ ਹੈ ? ਸਾਡੇ ਯਤਨ ਕੀ ਹਨ ? ਅਸੀਂ ਆਪਣੀ ਬਣਦੀ ਜਿੰਮੇਵਾਰੀ ਤੋਂ ਭੱਜ ਕੇ ਜੇਕਰ ਦੋਸ਼ ਕਿਸੇ ਹੋਰ ਸਰ ਮੜ੍ਹਾਂਗੇ ਤਾਂ ਹਲਾਤ ਹੋਰ ਮਾੜੇ ਹੋਣਗੇ, ਚੰਗੇ ਨਹੀਂ। ਇਹ ਗੱਲ ਠੀਕ ਹੈ ਕਿ ਸਰਕਾਰਾਂ ਤੇ ਅਜਿਹੇ ਹੋਰ ਢਾਂਚੇ ਆਪਣੀ ਬਣਦੀ ਜਿੰਮੇਵਾਰੀ ਨਹੀਂ ਨਿਭਾਅ ਰਹੇ, ਉਨ੍ਹਾਂ 'ਤੇ ਦਬਾਅ ਬਣਾਉਣਾ ਚਾਹੀਦਾ ਹੈ ਪਰ ਸਾਡੀ ਵੱਡੀ ਜਿੰਮੇਵਾਰੀ ਪਹਿਲਾਂ ਮਾਪਿਆਂ ਵਜੋਂ ਹੈ, ਪਿੰਡ ਵਜੋਂ ਹੈ ਤੇ ਸਮਾਜ ਵਜੋਂ ਹੈ।

ਰਾਜਨੀਤਕ ਤੌਰ 'ਤੇ ਮਾੜੇ ਇਰਾਦੇ ਤਹਿਤ ਹੀ ਪ੍ਰਚਾਰਿਆ ਜਾਂਦਾ ਹੈ ਕਿ ਪੰਜਾਬ ਵਿੱਚ ਨਸ਼ਾ ਜਿਆਦਾ ਹੈ। ਜਦਕਿ ਅਸਲੀਅਤ ਵਿੱਚ ਪੰਜਾਬ ਨਸ਼ੇ ਦੇ ਪੱਖ ਤੋਂ ਅਜੇ ਵੀ ਬਹੁਤ ਚੰਗਾ ਹੈ। ਅਜਿਹਾ ਕਰਨ ਪਿਛੇ ਇੱਕ ਤਾਂ ਪੰਜਾਬ ਦੇ ਲੋਕ ਢਹਿੰਦੀ ਕਲਾ ਵਿੱਚ ਜਾਂਦੇ ਹਨ, ਸਗੋਂ ਨਸ਼ਿਆਂ ਦਾ ਪ੍ਰਚਾਰ ਵੀ ਹੁੰਦਾ ਹੈ। ਨਾਲ ਹੀ ਕਈ ਰਾਜਨੀਤਕ ਨਿਸ਼ਾਨੇ ਵੀ ਪੂਰੇ ਹੁੰਦੇ ਹਨ। ਆਮ ਬੰਦਾ ਜੋ ਭਾਵੇਂ ਕਦੇ ਕਿਸੇ ਨਸ਼ੇ ਦੇ ਕੋਲ ਦੀ ਨਾ ਲੰਘਿਆ ਹੋਵੇ, ਪਰ ਹਰ ਵੇਲੇ ਨਸ਼ਾ, ਚਿੱਟਾ, ਆਦਿ ਸੁਣਦੇ ਕਦੇ ਨਾ ਕਦੇ ਨਸ਼ਿਆਂ ਬਾਰੇ ਸੋਚਦਾ ਜਰੂਰ ਹੈ। ਇਹੋ ਪ੍ਰਚਾਰ ਨਸ਼ੇ ਦੇ ਕਾਰੋਬਾਰੀਆਂ ਨੂੰ ਰਾਸ ਆਉਂਦਾ ਹੈ। ਜਿਸ ਦੀ ਗੱਲ ਚੱਲਦੀ ਹੈ, ਹਜ਼ਾਰਾਂ ਲੋਕਾਂ ਵਿਚੋਂ ਪੰਜ ਚਾਰ ਬੰਦੇ ਉਸ ਦੇ ਵਪਾਰੀ ਬਣ ਕੇ ਨਫ਼ਾ ਕਮਾਉਣ ਲਈ, ਕੁਝ ਗਾਹਕ ਬਣ ਕੇ ਭੋਗਣ ਲਈ ਨਿਕਲ ਹੀ ਆਉਂਦੇ ਹਨ। ਬਜ਼ਾਰ ਲੱਗਿਆ ਹੋਵੇ ਤਾਂ ਸਮਰੱਥਾ ਅਨੁਸਾਰ ਕੁਝ ਸਸਤਾ ਖਰੀਦ ਲੈਂਦੇ ਹਨ, ਕੁਝ ਮਹਿੰਗਾ। ਆਮ ਲੋਕ, ਕਾਰੋਬਾਰੀ, ਕੰਪਨੀਆਂ ਤੋਂ ਇਲਾਵਾ ਸਰਕਾਰਾਂ ਵੀ ਇਸ ਵਿੱਚ ਸ਼ਾਮਲ ਰਹਿੰਦੀਆਂ ਹਨ। ਸ਼ਰਾਬ ਦੇ ਕਾਰੋਬਾਰ ਵਿੱਚ ਸਰਕਾਰ ਖੁਦ ਸ਼ਾਮਲ ਹੈ।

ਸਮਾਜ ਨੂੰ ਨਸ਼ਿਆਂ ਤੋਂ ਬਚਾਉਣ ਲਈ ਇੱਕ ਵਿਅਕਤੀ ਦੇ ਤੌਰ 'ਤੇ ਸਾਡੀ ਕੋਸ਼ਿਸ਼ ਅਤੇ ਸਮਝ ਨੂੰ ਨਿਖਾਰਨ ਦੀ ਜਰੂਰਤ ਹੈ। ਨਸ਼ਾ ਬਹੁਤ ਵੱਡਾ ਕੋਹੜ ਹੈ, ਤਾਂ ਕੇਵਲ ਪੰਜਾਬ ਦੇ ਹਲਾਤਾਂ ਬਾਰੇ ਚਿੰਤਾ ਕਰਨ ਨਾਲ ਇਹ ਕੋਹੜ ਦੂਰ ਨਹੀਂ ਹੋਵੇਗਾ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਲੋਕਤੰਤਰ ਦੀ ਪਰਿਭਾਸ਼ਾ ਬਦਲ ਦੇਵੇਗੀ 'ਇੱਕ ਦੇਸ਼, ਇੱਕ ਚੋਣ'



ਗੁਰਮੀਤ ਸਿੰਘ ਪਲਾਹੀ
9815802070



ਬਹੁਤ ਲੰਮੇ ਸਮੇਂ ਤੋਂ ਕਨਸੋਆਂ ਸਨ ਕਿ ਹਾਕਮ ਧਿਰ ਭਾਜਪਾ ਇੱਕ ਦੇਸ਼ ਇੱਕ ਚੋਣ ਦਾ ਅਮਲ ਦੇਸ਼ 'ਚ ਲਾਗੂ ਕਰੇਗੀ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਵਿਚਾਰ ਦੇ ਹਾਮੀ ਹਨ ਅਤੇ ਆਪਣੀ ਇੱਛਾ ਉਹ ਦੇਸ਼ ਦੀ ਪਾਰਲੀਮੈਂਟ 'ਚ ਦਰਸਾ ਚੁੱਕੇ ਹਨ ਅਤੇ ਉਸ ਮੌਕੇ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਵੀ ਇਸ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਸੀ। ਵਾਰ-ਵਾਰ ਕਰਵਾਈਆਂ ਜਾਂਦੀਆਂ ਚੋਣਾਂ ਨਾ ਸਿਰਫ਼ ਮਨੁੱਖੀ ਵਸੀਲਿਆਂ 'ਤੇ ਬੋਝ ਪਾਉਂਦੀਆਂ ਹਨ ਸਗੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਵਿਕਾਸ ਨੂੰ ਵੀ ਧੀਮਾ ਕਰਦੀਆਂ ਹਨ।

ਇਸ ਵਿਚਾਰ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਇੱਕ 8 ਮੈਂਬਰੀ ਕਮੇਟੀ ਦਾ ਗਠਨ ਕੇਂਦਰ ਸਰਕਾਰ ਵੱਲੋਂ ਕੀਤਾ ਗਿਆ ਹੈ, ਜਿਸ ਦੀ ਅਗਵਾਈ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਕਰਨਗੇ। ਇਹ ਕਦਮ ਅਚੰਭੇ ਵਾਲਾ ਹੈ। ਇਹ ਕਮੇਟੀ ਸੰਵਿਧਾਨ, ਜਨ ਪ੍ਰਤੀਨਿਧ ਐਕਟ ਅਤੇ ਕਿਸੇ ਵੀ ਹੋਰ ਕਾਨੂੰਨ ਅਤੇ ਨੇਮਾਂ ਦੀ ਪੜਤਾਲ ਕਰੇਗੀ ਅਤੇ ਉਹਨਾਂ ਲੋੜੀਂਦੀਆਂ ਸੋਧਾਂ ਦੀ ਸਿਫ਼ਾਰਸ਼ ਕਰੇਗੀ, ਜਿਸ ਦੀ ਇਕੱਠਿਆਂ ਚੋਣ ਕਰਵਾਉਣ ਦੇ ਉਦੇਸ਼ ਨਾਲ ਲੋੜ ਹੋਵੇਗੀ। ਕਮੇਟੀ ਇਹ ਵੀ ਪੜਤਾਲ ਕਰੇਗੀ ਅਤੇ ਸਿਫ਼ਾਰਸ਼ ਕਰੇਗੀ ਕਿ ਕੀ ਸੰਵਿਧਾਨਿਕ ਸੋਧ ਲਈ ਸੂਬਿਆਂ ਵੱਲੋਂ ਮੋਹਰ ਲਾਉਣ ਦੀ ਲੋੜ ਹੈ ਜਾਂ ਨਹੀਂ। ਕਮੇਟੀ ਬਹੁਮਤ ਨਾ ਮਿਲਣ, ਬੇਭਰੋਸਗੀ ਦੇ ਮਤੇ ਜਾਂ ਦਲ ਬਦਲੀ ਜਿਹੇ ਮੁੱਦਿਆਂ ਦਾ ਅਧਿਐਨ ਕਰਕੇ ਸੰਭਾਵਿਤ ਹੱਲ ਦੀ ਸਿਫ਼ਾਰਸ਼ ਵੀ ਕਰੇਗੀ।

ਆਖ਼ਰ ਇਸ ਵਿਚਾਰ ਦੇ ਅਰਥ ਕੀ ਹਨ ? ਇਸ ਦਾ ਸਿੱਧਾ ਜਵਾਬ ਹੈ ਕਿ ਦੇਸ਼ ਦੀ ਲੋਕ ਸਭਾ, ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ, ਨਗਰ ਨਿਗਮਾਂ ਅਤੇ ਪੰਚਾਇਤ ਸੰਸਥਾਵਾਂ ਚੋਣਾਂ ਇਕੋ ਸਮੇਂ ਕਰਵਾਈਆਂ ਜਾਣ। ਜਦੋਂ ਦੇਸ਼ ਅਜ਼ਾਦ ਹੋਇਆ ਸੀ ਤਾਂ ਪਹਿਲੀ ਚੋਣ 1952 'ਚ ਹੋਈ ਸੀ, ਜਿਸ ਵਿੱਚ ਲੋਕ ਸਭਾ ਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੋ ਵੇਲੇ ਹੋਈਆਂ। ਫਿਰ ਸਾਲ 1957, 1962, 1967 ਵਿੱਚ ਇਕੋ ਵੇਲੇ ਚੋਣਾਂ ਹੋਈਆਂ। ਪਰ ਉਸ ਤੋਂ ਬਾਅਦ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਨਾ ਹੋਈਆਂ। ਕਾਰਨ ਸੀ ਕਿ 1967 ਵਿੱਚ ਸੂਬਿਆਂ ਵਿੱਚ ਕੁੱਝ ਸਰਕਾਰਾਂ ਵਿਰੋਧੀ ਧਿਰ ਦੀਆਂ ਬਣੀਆਂ, ਜਿਨ੍ਹਾਂ ਨੂੰ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਮੇਂ ਤੋਂ ਪਹਿਲਾਂ ਭੰਗ ਕਰਵਾ ਕੇ ਨਵੇਂ ਸਿਰੇ ਤੋਂ ਚੋਣਾਂ ਕਰਵਾ ਦਿੱਤੀਆਂ। ਇੰਝ ਇਕੋ ਵੇਲੇ ਦੀ ਚੋਣਾਂ ਦੀ ਲੜੀ ਟੁੱਟ ਗਈ।

ਇਥੇ ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਦੇਸ਼ 'ਚ ਇਕੋ ਸਮੇਂ ਚੋਣ ਅਮਲ ਲਾਗੂ ਕਰਨਾ ਸੰਭਵ ਹੈ ਜਾਂ ਫਿਰ ਇਹ ਚੋਣ ਸਟੰਟ ਹੈ। ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀ ਇਕੋ ਵੇਲੇ ਕਰਾਉਣ ਲਈ ਘੱਟੋ-ਘੱਟ ਪੰਜ ਸੰਵਿਧਾਨਿਕ ਸੋਧਾਂ ਕਰਨੀਆਂ ਪੈਣਗੀਆਂ।

ਉਸ ਵਿੱਚ ਧਾਰਾ 83 ਸਦਨਾਂ ਦੇ ਸਮੇਂ ਸੰਬੰਧੀ ਹੈ, ਧਾਰਾ 85 ਲੋਕ ਸਭਾ ਭੰਗ ਕਰਨ ਸਬੰਧੀ ਹੈ, ਧਾਰਾ 172 ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਸਮੇਂ ਸਬੰਧੀ ਹੈ, ਧਾਰਾ 174 ਸੂਬਿਆਂ ਦੀਆਂ ਸਰਕਾਰਾਂ ਸਮੇਂ ਤੋਂ ਪਹਿਲਾਂ ਭੰਗ ਕਰਨ ਸਬੰਧੀ ਹੈ ਅਤੇ ਧਾਰਾ 356 ਸੂਬਿਆਂ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਸਬੰਧੀ ਹੈ।

ਦੇਸ਼ ਵਿੱਚ ਚੋਣਾਂ ਜੂਨ 2024 'ਚ ਹੋਣੀਆਂ ਹਨ। ਜੇਕਰ ਇੱਕ ਦੇਸ਼ ਇੱਕ ਚੋਣ ਲਾਗੂ ਕਰਨ ਦਾ ਅਮਲ ਸ਼ੁਰੂ ਹੁੰਦਾ ਹੈ ਤਾਂ ਲੋਕ ਸਭਾ ਸਮੇਂ ਤੋਂ ਪਹਿਲਾਂ ਭੰਗ ਕਰਨੀ ਪਵੇਗੀ, ਕਿਉਂਕਿ ਪੰਜ ਰਾਜਾਂ ਮਿਜ਼ੋਰਮ, ਮੱਧ ਪ੍ਰਦੇਸ਼, ਛੱਤੀਸਗੜ੍ਹ, ਤਿਲੰਗਾਨਾ ਅਤੇ ਰਾਜਸਥਾਨ 'ਚ ਚੋਣਾਂ ਹੋਣ ਵਾਲੀਆਂ ਹਨ। ਇੰਜ ਲੋਕ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਭਾਵ ਨਵੰਬਰ, ਦਸੰਬਰ 2023 'ਚ ਕਰਨੀਆਂ ਪੈਣਗੀਆਂ ਅਤੇ ਆਂਧਰਾ ਪ੍ਰਦੇਸ਼, ਉੜੀਸਾ, ਸਿੱਕਮ ਅਤੇ ਅਰੁਨਾਚਲ ਪ੍ਰਦੇਸ਼ ਦੇ ਵਿੱਚ ਵੀ ਚੋਣਾਂ ਮਈ-ਜੂਨ 2024 'ਚ ਹੋਣੀਆਂ ਹਨ, ਪਰ ਜੇਕਰ ਇਕੋ ਵੇਲੇ ਚੋਣਾਂ ਕਰਾਉਣ ਦੀ ਗੱਲ ਪੱਕੀ ਹੁੰਦੀ ਹੈ ਤਾਂ ਇਹਨਾਂ ਵਿਧਾਨ ਸਭਾਵਾਂ ਨੂੰ ਭੰਗ ਕਰਕੇ ਇਸ ਨੂੰ ਅਮਲ ਵਿੱਚ ਲਿਆਉਣਾ ਪਵੇਗਾ। ਫਿਰ ਚੁਣੀਆਂ ਨਗਰ ਪਾਲਿਕਾਵਾਂ ਅਤੇ ਪੰਚਾਇਤ ਸੰਸਥਾਵਾਂ ਦਾ ਕੀ ਬਣੇਗਾ ? ਪਰ ਜਿਨ੍ਹਾਂ ਸੂਬਿਆਂ 'ਚ ਚੋਣਾਂ 2020, 2021, 2022 ਅਤੇ 2023 'ਚ ਹੋਈਆਂ ਹਨ ਅਤੇ ਲੋਕਾਂ ਨੇ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਸੱਤਾ ਸੌਂਪੀ ਸੀ, ਉਹਨਾਂ ਸੂਬਾ ਸਰਕਾਰਾਂ ਦਾ ਕੀ ਹੋਏਗਾ ਕਿਉਂਕਿ ਇਹਨਾਂ ਵਿਚੋਂ ਬਹੁਤੀਆਂ ਭਾਜਪਾ ਵਿਰੋਧੀ ਹਨ ਅਤੇ ਉਹ ਆਪੋ ਆਪਣੀਆਂ ਵਿਧਾਨ ਸਭਾਵਾਂ 'ਚ ਵਿਧਾਨ ਸਭਾ ਭੰਗ ਕਰਨ ਦੇ ਮਤੇ ਨਹੀਂ ਪਾਉਣਗੀਆਂ ਕਿਉਂਕਿ ਦੇਸ਼ ਦੀਆਂ 28 ਸਿਆਸੀ ਪਾਰਟੀਆਂ ਜੋ ਇਕ ਬੈਨਰ ਇੰਡੀਆ ਹੇਠ ਇਕੱਠੀਆਂ ਹੋਈਆਂ ਹਨ। ਉਹਨਾਂ ਨੇ ਸਰਕਾਰ ਦੇ ਇੱਕ ਦੇਸ਼ ਇੱਕ ਚੋਣ ਦੇ ਵਿਚਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਸੰਘੀ ਢਾਂਚੇ ਉੱਪਰ ਬਹੁਤ ਵੱਡਾ ਹਮਲਾ ਹੈ।

ਦੇਸ਼ ਦੀ ਹਾਕਮ ਧਿਰ ਇਹ ਕਹਿੰਦੀ ਹੈ ਕਿ ਇੱਕ ਦੇਸ਼ ਇੱਕ ਚੋਣ ਸਮੇਂ ਦੀ ਲੋੜ ਹੈ। ਉਸ ਅਨੁਸਾਰ ਇਕੋ ਵੇਲੇ ਚੋਣਾਂ ਕਰਾਉਣ ਨਾਲ ਸਰਕਾਰੀ ਖ਼ਜ਼ਾਨੇ ਨੂੰ ਭਾਰੀ ਬੱਚਤ ਹੋਏਗੀ ਅਤੇ ਵਾਰ-ਵਾਰ ਚੋਣਾਂ ਕਰਾਉਣ ਨਾਲ ਪ੍ਰਸ਼ਾਸਨਿਕ ਅਤੇ ਕਾਨੂੰਨ ਵਿਵਸਥਾ ਸਬੰਧੀ ਪੈਦਾ ਹੁੰਦੀਆਂ ਉਲਝਣਾਂ ਤੋਂ ਛੁਟਕਾਰਾ ਮਿਲੇਗਾ। ਉਹਨਾਂ ਅਨੁਸਾਰ ਦੇਸ਼ 'ਚ ਚੋਣਾਂ ਜਾਂ ਉਪ ਚੋਣਾਂ ਕਾਰਨ ਜੋ ਚੋਣ ਜ਼ਾਬਤਾ ਲਗਦਾ ਹੈ ਅਤੇ ਵਿਕਾਸ ਦੇ ਕੰਮ ਇਸ ਸਮੇਂ ਰੋਕਣੇ ਪੈਂਦੇ ਹਨ, ਉਸ ਤੋਂ ਛੁਟਕਾਰਾ ਮਿਲੇਗਾ ਅਤੇ ਕਲਿਆਣਕਾਰੀ ਯੋਜਨਾਵਾਂ ਉੱਤੇ ਉਲਟ ਅਸਰ ਚੋਣਾਂ ਕਾਰਨ ਨਹੀਂ ਪਵੇਗਾ। ਪਰ ਸਵਾਲ ਤਾਂ ਵੱਡਾ ਇਹ ਹੈ ਕਿ ਜਦੋਂ ਕੇਂਦਰ 'ਚ ਕਾਬਜ਼ ਹਾਕਮ ਧਿਰ ਵਿਰੋਧੀ ਪਾਰਟੀ ਦੀਆਂ ਚੁਣੀਆਂ ਸਰਕਾਰਾਂ ਨੂੰ ਭੰਗ ਕਰ ਦੇਵੇਗੀ, ਤਾਂ ਫਿਰ ਉਹਨਾਂ ਰਾਜਾਂ ਵਿਚ ਚੋਣ ਅਮਲ ਕੀ ਰੁਕਿਆ ਰਹੇਗਾ ਅਤੇ ਉਸ ਸਮੇਂ ਤੱਕ ਸੂਬਾ ਉਡੀਕ ਕਰੇਗਾ ਅਤੇ ਰਾਸ਼ਟਰਪਤੀ ਰਾਜ ਸਹਿੰਦਾ ਰਹੇਗਾ, ਜਦੋਂ ਤੱਕ ਅਗਲੀ ਲੋਕ ਸਭਾ ਚੋਣ ਨਹੀਂ ਕਰਵਾਈ ਜਾਂਦੀ।

ਦੇਸ਼ ਦੀ ਸਰਕਾਰ ਨੇ 18 ਸਤੰਬਰ ਤੋਂ 24 ਸਤੰਬਰ 2023 ਤੱਕ ਪਾਰਲੀਮੈਂਟ ਦਾ ਇਜਲਾਸ ਸੱਦਿਆ ਹੈ। ਸੰਭਵ ਹੈ ਕਿ ਇਹ ਮੁੱਦਾ ਵਿਚਾਰਿਆ ਜਾਵੇ ਪਰ ਕੀ ਸਰਕਾਰ, ਦੇਸ਼ ਦੀ ਵਿਰੋਧੀ ਧਿਰ ਨੂੰ ਇਸ ਸਬੰਧੀ ਮਨਾਉਣ ਸਫ਼ਲ ਹੋਵੇਗੀ ? ਵਿਰੋਧੀ ਧਿਰ ਤਾਂ ਭਾਜਪਾ ਉੱਤੇ ਇਲਜ਼ਾਮ ਲਗਾ ਰਹੀ ਹੈ ਕਿ ਇਹ ਭਾਜਪਾ ਦੀ ਚੋਣਾਂ 'ਚ ਲਾਹਾ ਲੈਣ ਦੀ ਤਰਕੀਬ ਹੈ। ਅਸਲ ਵਿੱਚ ਭਾਜਪਾ ਅਗਲੀਆਂ 2024 ਦੀਆਂ ਚੋਣਾਂ 'ਚ ਹਰ ਹੀਲੇ ਮੁੜ ਸੱਤਾ 'ਤੇ ਕਾਬਜ਼ ਹੋਣ ਲਈ ਪੱਬਾਂ ਭਾਰ ਹੋਈ ਪਈ ਹੈ। ਉਸ ਉੱਤੇ ਇੱਕ ਦੇਸ਼, ਇੱਕ ਧਰਮ, ਇੱਕ ਬੋਲੀ ਲਾਗੂ ਕਰਨ ਦੇ ਇਲਜ਼ਾਮ ਵੀ ਲੱਗ ਰਹੇ ਹਨ ਅਤੇ ਇਹ ਵੀ ਇਲਜ਼ਾਮ ਲੱਗਦੇ ਹਨ ਕਿ ਉਸ ਵਲੋਂ ਦੇਸ਼ ਵਿੱਚ ਫਿਰਕੂ ਪਾੜਾ ਪਾਉਣ ਦੇ ਯਤਨ ਹੋ ਰਹੇ ਹਨ।

ਭਾਜਪਾ ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਪਿੱਛੇ ਧੱਕ ਕੇ ਧਰਮ ਅਧਾਰਤ ਰਾਜ ਦੀ ਸਥਾਪਨਾ ਦਾ ਜੋ ਏਜੰਡਾ ਲਾਗੂ ਕਰਨ ਦੇ ਰਾਹ ਉੱਤੇ ਹੈ, ਉਸ ਲਈ ਇੱਕ ਦੇਸ਼ ਇੱਕ ਚੋਣ ਵਰਗਾ ਅਮਲ ਇੱਕ ਵੱਡੀ ਪੁਲਾਂਘ ਸਾਬਤ ਹੋਵੇਗਾ। ਇਸ ਅਮਲ ਦੇ ਲਾਗੂ ਹੋਣ ਨਾਲ ਇਕੋ ਸ਼ਖ਼ਸ ਨਰਿੰਦਰ ਮੋਦੀ ਦਾ ਅਕਸ ਹਰ ਥਾਂ ਉਭਾਰਨ ਦਾ ਯਤਨ ਹੋਵੇਗਾ। ਭਾਵੇਂ ਕਿ ਸੂਬਿਆਂ ਦੀਆਂ ਸਰਕਾਰਾਂ ਦੀ ਚੋਣ ਵਿਚ ਕੁਝ ਸਥਾਨਕ ਮੁੱਦੇ ਵੀ ਕੰਮ ਕਰਦੇ ਹਨ ਅਤੇ ਰਾਸ਼ਟਰ ਚੋਣਾਂ 'ਚ ਕੁੱਝ ਹੋਰ ਮੁੱਦੇ। ਇਸ ਅਮਲ ਦੇ ਲਾਗੂ ਹੁੰਦਿਆਂ ਲੋਕ ਭੰਬਲਭੂਸੇ ਵਾਲੀ ਸਥਿਤੀ 'ਚ ਫਸਣਗੇ।

ਪਰ ਸਵਾਲ ਇਹ ਵੀ ਉੱਠਦਾ ਹੈ ਕਿ ਦੇਸ਼ ਵਿਚ ਕੇਂਦਰ, ਸੂਬਾ ਸਰਕਾਰਾਂ ਦੇ ਨਾਲ-ਨਾਲ ਸਥਾਨਕ ਸਰਕਾਰਾਂ ਦੀਆਂ ਚੋਣਾਂ ਹੁੰਦੀਆਂ ਹਨ ਜੋ ਕਿ ਸੰਵਿਧਾਨਕ ਅਮਲ ਹੈ, ਪਰ ਇੱਕ ਦੇਸ਼ ਇੱਕ ਚੋਣ 'ਚ ਕੇਂਦਰ, ਸੂਬਾ ਅਤੇ ਸਥਾਨਕ ਸਰਕਾਰਾਂ ਦੀ ਚੋਣ ਇਕੋ ਵੇਲੇ ਕਰਵਾਏ ਜਾਣਾ ਕੀ ਸੰਭਵ ਹੋਏਗਾ ? ਕੀ ਭਾਰਤ ਵਰਗੇ ਵਿਸ਼ਾਲ ਦੇਸ਼ ਦੇ ਲੋਕ ਇਸ ਸਮੁੱਚੇ ਅਮਲ ਕੇਂਦਰ, ਰਾਜ, ਸਥਾਨਕ ਸਰਕਾਰਾਂ ਦੀ ਚੋਣ 'ਚ ਇਕੋ ਵੇਲੇ ਯੋਗ ਉਮੀਦਵਾਰਾਂ ਦੀ ਚੋਣ ਕਰ ਸਕਣਗੇ ? ਕੀ ਸਥਾਨਕ ਮੁੱਦੇ ਇਸ ਅਮਲ 'ਚ ਲੁਪਤ ਹੋ ਕੇ ਨਹੀਂ ਰਹਿ ਜਾਣਗੇ ? ਕੀ ਇਲਾਕਾਈ ਪਾਰਟੀਆਂ ਦੀ ਹੋਂਦ ਨੂੰ ਖ਼ਤਰਾ ਨਹੀਂ ਪੈਦਾ ਹੋ ਜਾਏਗਾ ?

ਉਂਜ ਵੀ ਇਕੋ ਵੇਲੇ ਚੋਣਾਂ ਕਰਾਉਣ ਲਈ ਈਵੀਐਮ ਮਸ਼ੀਨ ਗੀਦਣ ਲਈ 2019 'ਚ ਖ਼ਰਚੇ ਦਾ ਅੰਦਾਜ਼ਾ ਚੋਣ ਕਮਿਸ਼ਨ ਨੇ 4500 ਕਰੋੜ ਲਗਾਇਆ ਸੀ ਅਤੇ ਈਵੀਐਮ ਮਸ਼ੀਨਾਂ ਦੀ ਮਿਆਦ 15 ਸਾਲ ਹੁੰਦੀ ਹੈ ਭਾਵ ਸਿਰਫ਼ ਤਿੰਨ ਵੇਰ ਚੋਣਾਂ ਲਈ ਇਹ ਮਸ਼ੀਨ ਵਰਤੀ ਜਾਏਗੀ। ਕੀ ਇਹ ਖ਼ਰਚੀਲਾ ਪ੍ਰਬੰਧ ਨਹੀਂ ਹੋਏਗਾ ? ਉਂਜ ਵੀ ਜਦੋਂ ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਤੋਂ ਇਸ ਸਬੰਧੀ 2019 'ਚ ਰਾਏ ਮੰਗੀ ਸੀ ਤਾਂ ਕਾਂਗਰਸ, ਭਾਜਪਾ ਨੇ ਕੋਈ ਰਾਏ ਨਹੀਂ ਸੀ ਦਿੱਤੀ ਜਦਕਿ ਏਆਈਡੀਐਮਕੇ, ਸ਼੍ਰੋਮਣੀ ਅਕਾਲੀ ਦਲ(ਬਾਦਲ) ਐਸਪੀ, ਟੀਆਰਐਸ ਕੁੱਲ ਚਾਰ ਪਾਰਟੀਆਂ ਇਸ ਦੇ ਹੱਕ ਵਿੱਚ ਸਨ ਜਦਕਿ 9 ਸਿਆਸੀ ਪਾਰਟੀਆਂ ਟੀਐਮਸੀ, ਆਪ, ਡੀਐਮਕੇ, ਟੀਡੀਪੀ, ਸੀਪੀਆਈ, ਸੀਪੀਐਮ, ਜੇਡੀਐਸ, ਗੋਆ ਫਾਰਵਡ ਬਲੋਕ ਆਦਿ ਇਸ ਦੇ ਵਿਰੋਧ ਵਿੱਚ ਸਨ।

ਜੇਕਰ ਪਾਰਲੀਮੈਂਟ ਵਿੱਚ 18 ਤੋਂ 24 ਸਤੰਬਰ 2023 ਨੂੰ ਇਸ ਉੱਤੇ ਵਿਚਾਰ ਚਰਚਾ ਹੁੰਦੀ ਹੈ, ਕੋਵਿੰਦ ਕਮੇਟੀ ਵਲੋਂ ਸਿਫ਼ਾਰਸ਼ਾਂ ਨੂੰ ਬਾਅਦ ਵਿੱਚ ਪ੍ਰਵਾਨ ਕਰ ਲਿਆ ਜਾਂਦਾ ਹੈ ਅਤੇ

**(ਬਾਕੀ ਸਫ਼ਾ 31 'ਤੇ)**

# ਹਿੰਦੂ ਭਾਈਚਾਰੇ ਦੀ ਖ਼ਾਲਸਾ ਰਾਜ ਨੂੰ ਦੇਣ

**ਵਿਧਾਇਕ ਦੱਤ**

ਇਹ ਸਵਾਲ ਅਕਸਰ ਕੀਤਾ ਜਾਂਦਾ ਹੈ ਕਿ ਪੰਜਾਬੀ ਹਿੰਦੂ ਨੇ ਆਪਣੀ ਜਨਮ ਭੋਇੰ ਧਰਤ ਪੰਜਾਬ ਨਾਲ ਕੀ ਕੀਤਾ? ਇਸ ਦਾ ਜਵਾਬ ਥੋੜ੍ਹਾ ਲੰਮਾ ਹੈ ਅਤੇ ਇਸ ਨੂੰ ਵਿਸਤਾਰ ਨਾਲ ਦੱਸਿਆ ਜਾਣਾ ਚਾਹੀਦਾ ਹੈ।

ਜ਼ਿਆਦਾ ਪਿੱਛੇ ਜਾਣ ਦੀ ਲੋੜ ਨਹੀਂ ਹੈ ਸ਼ੁਰੂਆਤ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਹੀ ਕਰਦੇ ਹਾਂ ਜਿਸ ਨੂੰ ਪੰਜਾਬੀਆਂ ਦਾ ਆਪਣਾ ਰਾਜ ਵੀ ਕਿਹਾ ਜਾਂਦਾ ਹੈ। ਸੈਂਕੜੇ ਸਾਲ ਅਫ਼ਗਾਨੀ, ਤੁਰਕ ਤੇ ਪਸ਼ਤੂਨਾਂ ਦੀ ਹੁਕਮਰਾਨੀ ਹੇਠ ਰਹਿਣ ਤੋਂ ਬਾਅਦ ਇਕ ਛੋਟਾ ਜਿਹਾ ਵਕਫ਼ਾ ਸੀ ਜਦੋਂ ਇਸ ਧਰਤੀ ’ਤੇ ਪੰਜਾਬੀਆਂ ਦਾ ਆਪਣਾ ਰਾਜ ਸੀ। ਰਣਜੀਤ ਸਿੰਘ ਮਹਾਰਾਜਾ ਬਣਨ ਤੋਂ ਪਹਿਲਾਂ ਸੁੱਕਰਚੱਕੀਆ ਮਿਸਲ ਦੇ ਸਰਦਾਰ ਸਨ ਜਿਸ ਦੀ ਸਰਦਾਰੀ ਗੁੱਜਰਾਂਵਾਲਾ ਸ਼ਹਿਰ ਦੇ ਆਲੇ-ਦੁਆਲੇ ਦੇ ਇਲਾਕੇ ਵਿੱਚ ਸੀ।

ਲਾਹੌਰ ਸ਼ਹਿਰ ਵਿੱਚ ਭੰਗੀ ਮਿਸਲ ਦੇ ਸਰਦਾਰਾਂ ਦਾ ਰਾਜ ਸੀ ਜੋ ਆਪਸ ’ਚ ਹੀ ਲੜਦੇ ਰਹਿੰਦੇ ਸਨ ਜਿਸ ਕਰਕੇ ਸ਼ਹਿਰ ਦੀ ਸਿਆਸੀ ਤੇ ਆਰਥਿਕ ਸਥਿਤੀ ਬਦਹਾਲ ਸੀ। ਲਾਹੌਰ ਸ਼ਹਿਰ ਦੇ ਵਪਾਰੀਆਂ ਤੇ ਆਮ ਲੋਕਾਂ ਨੇ ਜਿਸ ਵਿੱਚ ਹਿੰਦੂ ਸਿੱਖ ਤੇ ਮੁਸਲਮਾਨ ਸਾਰੇ ਸਨ, ਰਲ ਕੇ ਰਣਜੀਤ ਸਿੰਘ ਨੂੰ ਲਾਹੌਰ ਸੱਦਿਆ। ਨਤੀਜਤਨ ਜਦੋਂ ਮਹਾਰਾਜਾ ਰਣਜੀਤ ਸਿੰਘ ਆਪਣੀ ਫ਼ੌਜ ਨਾਲ ਲਾਹੌਰ ਦੇ ਕਿਲ੍ਹੇ ’ਚ ਦਾਖ਼ਲ ਹੋਏ ਤਾਂ ਉਨ੍ਹਾਂ ਨੂੰ ਰਸਤੇ ’ਚ ਇਕ ਵੀ ਬੰਦਾ ਨਹੀਂ ਮਾਰਨਾ ਪਿਆ ਤੇ ਉਨ੍ਹਾਂ ਨੇ ਬਹੁਤ ਸ਼ਾਂਤਮਈ ਤਰੀਕੇ ਨਾਲ ਲਾਹੌਰ ਜਿੱਤ ਲਿਆ।

ਰਣਜੀਤ ਸਿੰਘ ਭਾਵੇਂ ਮਹਾਰਾਜਾ ਸਨ ਉਨ੍ਹਾਂ ਦੇ ਨੇੜਲੇ ਸਿਪਾਹਸਲਾਰਾਂ ਤੇ ਸਲਾਹਕਾਰਾਂ ਵਿੱਚ ਹਿੰਦੂ, ਮੁਸਲਮਾਨ, ਸਿੱਖ ਹਰ ਮਜ਼ਹਬ ਦੇ ਧਾਰਨੀ ਸਨ ਜਿਨ੍ਹਾਂ ’ਚ ਸਭ ਤੋਂ ਪਹਿਲਾ ਨੰਬਰ ਆਉਂਦਾ ਹੈ ਦੀਵਾਨ ਮੋਹਕਮ ਚੰਦ ਦਾ।

ਦੀਵਾਨ ਮੋਹਕਮ ਚੰਦ ਮਹਾਰਾਜਾ ਰਣਜੀਤ ਸਿੰਘ ਦੇ ਮੁਢਲੇ ਕਾਰਜਕਾਲ (1799-1816) ਵਿੱਚ ਉਨ੍ਹਾਂ ਦੇ ਸਭ ਤੋਂ ਨੇੜਲੇ ਸਲਾਹਕਾਰ ਤੇ ਸਿਰ ਕੱਢ ਜਰਨੈਲ ਸਨ ਜਿਨ੍ਹਾਂ ਨੇ ਸਿੱਖ ਰਾਜ ਨੂੰ ਗੁਜਰਾਤ, ਸਿਆਲਕੋਟ, ਕਾਂਗੜਾ, ਜਲੰਧਰ, ਚੰਬਾ, ਜਸਰੋਤਾ, ਬਰਸੋਲੀ, ਅਕਾਲਗੜ੍ਹ, ਧਰਮਕੋਟ, ਸ਼ਾਹਕੋਟ ਦੇ ਇਲਾਕੇ ਜਿੱਤ ਕੇ ਦਿੱਤੇ ਅਤੇ ਇਸ ਨਾਲ ਹੀ ਅਹਿਮਦ ਸ਼ਾਹ ਅਬਦਾਲੀ ਦੇ ਪੋਤੇ ਸ਼ਾਹ ਜ਼ਮਾਨ ਨੂੰ ਹਰਾਇਆ ਅਤੇ ਅਟਕ, ਹੈਦਰੂ, ਹਜ਼ਰੋ ਦੀਆਂ ਜੰਗਾਂ ਜਿੱਤੀਆਂ ਜਿਸ ਤੋਂ ਬਾਅਦ ਮਹਾਰਾਜਾ ਨੇ ਉਨ੍ਹਾਂ ਨੂੰ ਫਿਲੌਰ ਦਾ ਜਗੀਰਦਾਰ ਬਣਾਇਆ। ਦੀਵਾਨ ਮੋਹਕਮ ਚੰਦ ਹਿੰਦੂ ਖੱਤਰੀ ਪਰਿਵਾਰ ਵਿਚੋਂ ਸਨ ਅਤੇ ਸੰਨ 1750 ’ਚ ਵੈਸਾਖ ਮੱਲ ਦੇ ਘਰ ਪੈਦਾ ਹੋਏ ਸਨ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਤਿੰਨ ਪੁੱਤਰ ਦੀਵਾਨ ਮੋਤੀ ਰਾਮ, ਦੀਵਾਨ ਕਿਰਪਾ ਰਾਮ ਤੇ ਰਾਮ ਦਿਆਲ ਵੀ ਲਾਹੌਰ ਦਰਬਾਰ ਦੇ ਵਫ਼ਾਦਾਰ ਰਹੇ ਅਤੇ ਦਹਾਕਿਆਂ ਤੱਕ ਸ਼ਾਹੀ ਪਰਿਵਾਰ ਦੀ ਖ਼ਿਦਮਤ ਕੀਤੀ।



ਦੀਵਾਨ ਮੋਹਕਮ ਚੰਦ ਦੀ ਮੌਤ ਤੋਂ ਬਾਅਦ ਮਿਸਰ ਦੀਵਾਨ ਚੰਦ ਦੇ ਰੂਪ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਇੱਕ ਹੋਰ ਨਿਧੜਕ ਜਰਨੈਲ ਮਿਲਿਆ ਜੋ ਤਕਰੀਬਨ 10 ਸਾਲ (1816-1825) ਤੱਕ ਮਹਾਰਾਜਾ ਦਾ ਸਭ ਤੋਂ ਭਰੋਸੇਯੋਗ ਸਿਪਾਹਸਲਾਰ ਰਿਹਾ। ਦੀਵਾਨ ਮੋਹਕਮ ਚੰਦ ਨੇ ਭੱਕਰ, ਮਨਖੇੜਾ, ਲਈਆਹ, ਖਾਨਗੜ੍ਹ, ਮੰਜਗੜ੍ਹ ਦੇ ਇਲਾਕੇ ਜਿੱਤੇ ਅਤੇ ਮੁਲਤਾਨ ਤੇ ਕਸ਼ਮੀਰ ਵਰਗੇ ਮਹੱਤਵਪੂਰਨ ਇਲਾਕੇ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ ਦੀ ਝੋਲੀ ਪਾਏ। ਸੰਨ 1819 ਵਿੱਚ ਕਸ਼ਮੀਰ ਜਿੱਤਣ ਤੋਂ ਬਾਅਦ ਮਹਾਰਾਜਾ ਨੇ ਮਿਸਰ ਦੀਵਾਨ ਚੰਦ ਨੂੰ ਜ਼ਫਰ ਜੰਗ ਬਹਾਦਰ ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ। ਕਸ਼ਮੀਰ ਤੋਂ ਬਾਅਦ ਪੰਜਾਬੀ ਫ਼ੌਜ ਦੀ ਅਗਵਾਈ ਕਰਦੇ ਹੋਏ ਮਿਸਰ ਦੀਵਾਨ ਚੰਦ ਨੇ ਖ਼ੈਬਰ ਦੇ ਇਲਾਕੇ ਵੀ ਜਿੱਤੇ ਜਿਨ੍ਹਾਂ ਵਿੱਚ ਬੰਨੂ, ਨੌਸ਼ੇਰਾ, ਟੋਂਕ, ਪੱਖਲੀ ਦੀਆਂ ਜੰਗਾਂ ਮੁੱਖ ਸਨ ਜਿਨ੍ਹਾਂ ’ਚ ਪੰਜਾਬੀ ਫ਼ੌਜ ਨੇ ਪਠਾਨ ਫ਼ੌਜਾਂ ਨੂੰ ਲੱਕ ਤੋੜਵੀਂ ਹਾਰ ਦਿੱਤੀ ਤੇ ਖ਼ੈਬਰ ਪਾਰ ਤੋਂ ਆਉਣ ਵਾਲੇ ਹਮਲਾਵਰਾਂ ਦੇ ਮੂੰਹ ’ਤੇ ਦਰਵਾਜ਼ੇ ਹਮੇਸ਼ਾ ਲਈ ਬੰਦ ਕਰ ਦਿੱਤੇ।

ਮਿਸਰ ਦੀਵਾਨ ਚੰਦ ਦਾ ਜਨਮ ਪਿੰਡ ਗੋਂਦਲਾਵਾਲਾ (ਜ਼ਿਲ੍ਹਾ ਗੁੱਜਰਾਂਵਾਲਾ) ਦੇ ਬ੍ਰਾਹਮਣ ਪਰਿਵਾਰ ਵਿਚ ਹੋਇਆ ਸੀ ਅਤੇ ਉਸ ਦੀ ਮੌਤ ਤੋਂ ਬਾਅਦ ਪੰਜ ਪੁੱਤਰ ਮਿਸਰ ਬੇਲੀ ਰਾਮ, ਰੂਪ ਲਾਲ, ਰਾਮ ਕਿਸ਼ਨ, ਮੇਘ ਰਾਜ ਅਤੇ ਸੁੱਖ ਰਾਜ ਵੀ ਸ਼ਾਹੀ ਪਰਿਵਾਰ ਦੇ ਵਫ਼ਾਦਾਰ ਰਹੇ। ਮਿਸਰ ਬੇਲੀ ਰਾਮ ਵੀ ਲਾਹੌਰ ਦਰਬਾਰ ਦੀ ਸਿਆਸਤ ਦਾ ਇਕ ਮਹੱਤਵਪੂਰਨ ਕਿਰਦਾਰ ਹੈ। ਅਸਲ ਵਿੱਚ ਕੁੱਝ ਇਤਿਹਾਸਕਾਰਾਂ ਮੁਤਾਬਕ ਉਨ੍ਹਾਂ ਨੇ ਕੋਹਿਨੂਰ ਹੀਰਾ ਸਿੱਖ ਰਾਜ ਦੇ ਬਾਹਰ ਜਾਣ ਤੋਂ ਬਚਾਇਆ ਸੀ। ਅਸਲ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸੰਨ 1816 ਵਿੱਚ ਮਿਸਰ ਬੇਲੀ ਰਾਮ ਨੂੰ ਤੋਸ਼ਾਖਾਨੇ ਦਾ ਮੁਨਸ਼ੀ ਲਾਇਆ ਸੀ ਅਤੇ ਅਗਲੇ ਕੁਝ ਸਾਲਾਂ ’ਚ ਖ਼ਜ਼ਾਨਚੀ ਦੇ ਅਹੁਦੇ ਤੱਕ ਪੁੱਜੇ। ਮਿਸਰ ਬੇਲੀ ਰਾਮ ਬਹੁਤ ਅਨੁਸ਼ਾਸਿਤ ਸੁਭਾਅ ਦੇ ਮਾਲਕ ਸਨ ਜਿਸ ਕਰਕੇ ਉਨ੍ਹਾਂ ਦੇ ਲਾਹੌਰ ਦਰਬਾਰ ਦੇ ਕਈ ਵੱਡੇ ਅਹੁਦੇਦਾਰਾਂ ਨਾਲ ਖੜਕਦੀ ਸੀ ਜਿਨ੍ਹਾਂ ਵਿੱਚ ਲਹਿਣਾ ਸਿੰਘ ਮਜੀਠੀਆ, ਕੁੰਵਰ ਨੌਨਿਹਾਲ ਸਿੰਘ, ਧਿਆਨ ਸਿੰਘ ਡੋਗਰਾ ਪ੍ਰਮੁੱਖ ਸਨ। ਦਰਅਸਲ ਮਿਸਰ ਬੇਲੀ ਰਾਮ ਬਿਨਾਂ ਕਿਸੇ ਲਿਖ਼ਤੀ ਦਸਤਾਵੇਜ਼ ਜਾਂ ਸ਼ਾਹੀ ਹੁਕਮ ਦੇ ਸ਼ਾਹੀ ਖ਼ਜ਼ਾਨੇ ਵਿਚੋਂ ਇਕ ਸਿੱਕਾ ਵੀ ਨਹੀਂ ਸਨ ਦਿੰਦੇ ਜਦਕਿ ਇਹ ਸਾਰੇ ਅਹੁਦੇਦਾਰ ਖ਼ੁਦ ਨੂੰ ਕਈ ਵਾਰ ਸ਼ਾਹੀ ਹੁਕਮਾਂ ਤੋਂ ਉੱਪਰ ਵੀ ਸਮਝਦੇ ਸਨ ਜਿਸ ਕਰਕੇ ਕਈ ਵਾਰ ਇਨ੍ਹਾਂ ਨਾਲ ਮਿਸਰ ਬੇਲੀ ਰਾਮ ਦੀ ਬਹਿਸ ਵੀ ਹੋਈ ਸੀ। ਇੱਕ ਰਿਕਾਰਡ ਮੁਤਾਬਿਕ ਸਨ 1835 ਦੇ ਨੇੜੇ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਭਿਆਨਕ ਬਿਮਾਰੀ ਹੋ ਗਈ ਸੀ ਤਾਂ ਕਈ ਵੈਦ ਅਤੇ ਪੰਡਿਤਾਂ ਨੇ ਮਹਾਰਾਜਾ ਨੂੰ ਕੋਹਿਨੂਰ ਦਾ ਹੀਰਾ ਪੁਰੀ (ਉੜੀਸਾ) ਦੇ ਜਗਨ ਨਾਥ ਮੰਦਰ ਨੂੰ ਦਾਨ ਕਰਨ ਦੀ ਸਲਾਹ ਦਿੱਤੀ ਸੀ ਜੋ ਮਹਾਰਾਜਾ ਨੇ ਇਕ ਹੱਦ ਤੱਕ ਮੰਨ ਵੀ ਲਈ ਸੀ ਤਾਂ ਸ਼ਾਹੀ ਫ਼ਰਮਾਨ ਮਿਲਣ ’ਤੇ ਮਿਸਰ ਬੇਲੀ ਰਾਮ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕਿਹਾ ਸੀ ਕਿ ਸਿੰਘ ਸਾਹਿਬ ਇਹ ਹੀਰਾ ਸਰਕਾਰ-ਏ-ਖ਼ਾਲਸਾ ਦੀ ਅਮਾਨਤ ਹੈ ਤੇ ਜਾਤ ਵਜੋਂ ਮੈਂ ਖ਼ੁਦ ਵੀ ਬ੍ਰਾਹਮਣ ਹਾਂ ਤੇ ਜਾਣਦਾ ਹਾਂ ਇੰਝ ਕਿਸੇ ਮੰਦਰ ਨੂੰ ਹੀਰਾ ਦਾਨ ਕਰਨ ਨਾਲ ਕੋਈ ਬਿਮਾਰੀ ਠੀਕ ਨਹੀਂ ਹੁੰਦੀ ਤੇ ਜਿਸ ਕਿਸੇ ਨੇ ਵੀ ਤੁਹਾਨੂੰ ਇਹ ਸਲਾਹ ਦਿੱਤੀ ਹੈ ਉਹ ਸ਼ਰਾਰਤੀ ਅਨਸਰ ਸਿੱਖ ਰਾਜ ਤੋਂ ਹਰ ਹੀਲੇ ਕੋਹਿਨੂਰ ਖੋਹਣਾ ਚਾਹੁੰਦਾ ਹੈ। ਮਿਸਰ ਬੇਲੀ ਰਾਮ ਦੇ ਸਮਝਾਉਣ ’ਤੇ ਮਹਾਰਾਜਾ ਰਣਜੀਤ ਸਿੰਘ ਮੰਨ ਗਏ ਸਨ ਅਤੇ ਉਨ੍ਹਾਂ ਨੇ ਕੋਹਿਨੂਰ ਸੰਬੰਧਿਤ ਸ਼ਾਹੀ ਫ਼ਰਮਾਨ ਵਾਪਸ ਲੈ ਲਿਆ ਸੀ। ਮਿਸਰ ਬੇਲੀ ਰਾਮ ਦੀ ਧਿਆਨ ਸਿੰਘ ਡੋਗਰਾ ਦੇ ਪਰਿਵਾਰ ਨਾਲ ਨਹੀਂ ਬਣਦੀ ਸੀ ਅਤੇ ਰਾਜ ਦੇ ਅਖੀਰਲੇ ਦਿਨਾਂ ਵਿੱਚ ਹੀਰਾ ਸਿੰਘ ਡੋਗਰਾ ਨੇ ਬਜ਼ੁਰਗ ਹੋ ਚੁੱਕੇ ਮਿਸਰ ਬੇਲੀ ਰਾਮ ਨੂੰ ਕੈਦ ਕਰ ਲਿਆ ਸੀ ਅਤੇ ਉਸ ਦੇ ਘੋੜਿਆਂ ਦੇ ਅਸਤਬਲ ਵਿੱਚ ਹੀ ਮਿਸਰ ਬੇਲੀ ਰਾਮ ਦਾ ਕਤਲ ਹੋਇਆ ਸੀ।

ਮਿਸਰ ਖ਼ਾਨਦਾਨ ਤੋਂ ਇਲਾਵਾ ਦੀਵਾਨ ਸਾਵਨ ਮੱਲ ਚੋਪੜਾ ਤੇ ਉਨ੍ਹਾਂ ਦੇ ਪੁੱਤਰ ਮੂਲ ਰਾਜ ਨੇ ਵੀ ਆਖਰੀ ਸਾਹਾਂ ਤੱਕ ਲਾਹੌਰ ਦਰਬਾਰ ਦੀ ਖਿਦਮਤ ਕੀਤੀ। ਦੀਵਾਨ ਸਾਵਨ ਮੱਲ ਨੂੰ 1821 ’ਚ ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਦਾ ਸੂਬੇਦਾਰ ਥਾਪਿਆ ਅਤੇ ਆਪਣੇ ਕੁਸ਼ਲ ਰਾਜ ਪ੍ਰਬੰਧ ਨਾਲ ਉਸ ਨੇ ਮੁਲਤਾਨ ਨੂੰ ਇੱਕ ਵੱਡੀ ਮੰਡੀ ਵਜੋਂ ਉਭਾਰਿਆ ਜਿਸ ਜਿਥੇ ਕੱਪੜਿਆਂ ਤੋਂ ਇਲਾਵਾ ਮਸਾਲਿਆਂ ਦੇ ਨਾਲ-ਨਾਲ ਕਾਜੂ, ਬਦਾਮ, ਮੇਵੇ ਸਮੇਤ ਕਈ ਚੀਜ਼ਾਂ ਦਾ ਚੋਖਾ ਵਪਾਰ ਹੁੰਦਾ ਸੀ। ਹਾਲਾਂਕਿ ਮੁਲਤਾਨ ਬਹੁਤ ਪਹਿਲਾਂ ਤੋਂ ਹੀ ਕੰਧਾਰ-ਦਿੱਲੀ ਵਾਲੇ ਵਪਾਰ ਮਾਰਗ ਦਾ ਹਿੱਸਾ ਸੀ ਪਰ ਇੱਥੇ ਲੁੱਟ-ਮਾਰ ਤੇ ਝਗੜੇ ਹੋਣ ਕਰਕੇ ਜ਼ਿਆਦਾ ਤਰੱਕੀ ਨਹੀਂ ਹੋ ਸਕੀ ਸੀ। ਪਿਓ-ਪੁੱਤ ਦੀਵਾਨ ਸਾਵਨ ਮੱਲ-ਮੂਲਰਾਜ ਦੀ ਜੋੜੀ ਨੇ ਮੁਲਤਾਨ ਨੂੰ ਉਹ ਸ਼ਾਂਤੀ ਤੇ ਸਥਿਰਤਾ ਦਿੱਤੀ ਜਿਸ ਦੀ ਉੱਥੋਂ ਦੇ ਲੋਕਾਂ ਨੂੰ ਤੇ ਵਪਾਰੀ ਵਰਗ ਨੂੰ ਲੋੜ ਸੀ।

ਇਨ੍ਹਾਂ ਦੋਵਾਂ ਨੇ ਡੇਰਾ ਇਸਮਾਇਲ ਖ਼ਾਨ, ਡੇਰਾ ਗਾਜ਼ੀ ਖ਼ਾਨ, ਝੰਗ, ਸੁਜਾਬਾਦ, ਮੀਆਂਵਾਲੀ ਤੇ ਅੱਗੇ ਕਬੀਲਾਈ ਇਲਾਕੇ ਜਿੱਤ ਕੇ ਸੂਬਾ ਮੁਲਤਾਨ ਨਾਲ ਜੋੜੇ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਮਿਲਾਏ। ਦੀਵਾਨ ਸਾਵਨ ਮੱਲ ਕਰੀਬ 24 ਸਾਲ, ਮਤਲਬ ਸਨ 1844 ਤੱਕ ਮੁਲਤਾਨ ਦਾ ਸੂਬੇਦਾਰ ਰਿਹਾ .ਗ1844 ਦੇ ਰਿਕਾਰਡ ਮੁਤਾਬਿਕ ਸੂਬਾ ਮੁਲਤਾਨ ਤੋਂ ਸਰਕਾਰ-ਏ-ਖ਼ਾਲਸਾ ਨੂੰ ਸਾਲਾਨਾ 26 ਲੱਖ ਤੋਂ ਜ਼ਿਆਦਾ ਦਾ ਮਾਲੀਆ ਦਿੱਤਾ ਜਾਂਦਾ ਸੀ ਜੋ ਲਾਹੌਰ ਤੋਂ ਬਾਅਦ ਦੂਜੇ ਨੰਬਰ ’ਤੇ ਸੀ। ਇਤਿਹਾਸਕਾਰਾਂ ਨੇ (**ਬਾਕੀ ਸਫ਼ਾ 31 ’ਤੇ**)

# ਹੇਠਲੀਆਂ ਅਦਾਲਤਾਂ ’ਚ ਕੌਮੀ ਭਾਸ਼ਾ ਜਾਂ ਰਾਜ ਭਾਸ਼ਾ ਨੂੰ ਲਾਗੂ ਕੀਤਾ ਜਾਵੇ

**ਗਿਆਨ ਸਿੰਘ**
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ

ਭਾਰਤ ਦੇ ਸੰਵਿਧਾਨ ਅਨੁਸਾਰ ਹਰ ਦੇਸ਼ ਵਾਸੀ ਨੂੰ ਆਪਣੇ ਮੌਲਿਕ ਅਧਿਕਾਰਾਂ ਦੀ ਰਾਖੀ ਤੇ ਬੇਇਨਸਾਫ਼ੀ ਵਿਰੁੱਧ ਕਨੂੰਨੀ ਲੜਾਈ ਰਾਹੀਂ ਚਾਰਾਜੋਈ ਕਰਨ ਦਾ ਹੱਕ ਹੈ। ਹਰ ਨਾਗਰਿਕ ਅਦਾਲਤ ਤੱਕ ਨਹੀਂ ਪਹੁੰਚ ਕਰ ਸਕਦਾ। ਇਨਸਾਫ਼ ਲੈਣ ਲਈ ਸਮਾਜ ਦੇ ਕੁਝ ਵਰਗਾਂ ਲਈ ਆਰਥਿਕ ਤੰਗੀ ਹੋਣ ਕਰਕੇ ਅਦਾਲਤਾਂ ਤੱਕ ਪਹੁੰਚਣਾ ਔਖਾ ਸੀ। ਲੋਕਾਂ ਦੀ ਇਸ ਮੁਸ਼ਕਲ ਨੂੰ ਵੇਖਦਿਆਂ ‘ਮੁਫ਼ਤ ਕਾਨੂੰਨੀ ਸਹਾਇਤਾ’ ਸਕੀਮ ਕੌਮੀ ਪੱਧਰ ਤੋਂ ਲੈ ਕੇ ਰਾਜ, ਜ਼ਿਲ੍ਹਾ ਤੇ ਸਬ ਡਵੀਜ਼ਨ ਪੱਧਰ ਤੱਕ ਸ਼ੁਰੂ ਕੀਤੀ ਗਈ ਤਾਂ ਜੋ ਕੋਈ ਵੀ ਆਰਥਿਕ ਤੰਗੀ ਕਾਰਨ ਆਪਣੇ ਹੱਕਾਂ ਦੀ ਰਾਖੀ ਤੋਂ ਵਾਂਝਾ ਨਾ ਰਹੇ।

ਇਸ ਸਕੀਮ ਨੂੰ ਲਾਗੂ ਹੋਇਆਂ ਤਕਰੀਬਨ ਦੋ ਦਹਾਕਿਆਂ ਤੋਂ ਵਧੇਰੇ ਸਮਾਂ ਹੋ ਚੁੱਕਾ ਹੈ। ਇਸ ਦਾ ਮੁੱਖ ਮੰਤਵ ਲੋਕਾਂ ਨੂੰ ‘ਸਰਕਾਰੀ ਤੌਰ ’ਤੇ ਮੁਫ਼ਤ ਕਾਨੂੰਨੀ ਸਹਾਇਤਾ’ ਪ੍ਰਦਾਨ ਕਰ ਕੇ ਇਨਸਾਫ਼ ਦਿਵਾਉਣਾ ਹੈ। ਮੁਕੱਦਮਿਆਂ/ਝਗੜਿਆਂ ਦੇ ਪੱਕੇ ਹੱਲ ਅਤੇ ਮੁਕੱਦਮੇਬਾਜ਼ੀ ਤੋਂ ਮੁਕਤ ਕਰਨ ਲਈ ‘ਲੋਕ ਅਦਾਲਤਾਂ’ ਦਾ ਚਲਨ ਸ਼ੁਰੂ ਹੋਇਆ ਸੀ। ਲੋਕ ਅਦਾਲਤਾਂ ’ਚ ਮੁਕੱਦਮਿਆਂ/ ਝਗੜਿਆਂ ਦੇ ਹੱਲ ਲਈ/ ਰਾਜ਼ੀਨਾਮੇ ਕਰਵਾਉਣ ਲਈ ਸਮਾਜ ਸੇਵੀ ਸੰਸਥਾਵਾਂ/ਲੋਕਾਂ ਦੇ ਚੁਣੇ ਨੁਮਾਇੰਦਿਆਂ ਦੀਆਂ ਮੁਫ਼ਤ ਸੇਵਾਵਾਂ ਲੈਣੀਆਂ ਸ਼ੁਰੂ ਹੋਈਆਂ।

ਹੌਲੀ-ਹੌਲੀ ਲੋਕਾਂ ਵਿੱਚ ਲੋਕ ਅਦਾਲਤਾਂ/ਮੁਫ਼ਤ ਕਾਨੂੰਨੀ ਸਰਕਾਰੀ ਸਹਾਇਤਾ ਬਾਰੇ ਜਾਗ੍ਰਿਤੀ ਆਉਣੀ ਸ਼ੁਰੂ ਹੋਈ। ਇਸ ਸਕੀਮ ਦਾ ਪ੍ਰਚਾਰ ਤੇ ਪਸਾਰ ਹੋ ਰਿਹਾ ਹੈ। ਭਾਰਤ ਦੀਆਂ ਵੱਖ-ਵੱਖ ਅਦਾਲਤਾਂ ’ਚ ਲੰਬਿਤ ਮੁਕੱਦਮਿਆਂ/ਝਗੜਿਆਂ ਦੀ ਵੱਡੀ ਗਿਣਤੀ ਤੇ ਲੋਕਾਂ ਦੀ ਖੁਆਰੀ ਨੂੰ ਵੇਖਦਿਆਂ ਕੌਮੀ ਪੱਧਰ ਤੋਂ ਵੱਖ-ਵੱਖ ਸਮੇਂ ‘ਕੌਮੀ ਲੋਕ ਅਦਾਲਤਾਂ’ ਲਗਾਉਣ ਲਈ ਸੁਪਰੀਮ ਕੋਰਟ ਵੱਲੋਂ ਆਦੇਸ਼ ਜਾਰੀ ਕੀਤੇ ਜਾਂਦੇ ਹਨ।




ਜ਼ਿਲ੍ਹਾ ਪੱਧਰ ’ਤੇ ‘ਸਥਾਈ ਲੋਕ ਅਦਾਲਤਾਂ’ ਸਥਾਪਤ ਕੀਤੀਆਂ ਗਈਆਂ ਹਨ। ਜ਼ਿਲ੍ਹਾ ਪੱਧਰ ’ਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਪ੍ਰਧਾਨਗੀ ਹੇਠ ‘ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ’, ਰਾਜ ਪੱਧਰ ’ਤੇ ‘ਰਾਜ ਕਾਨੂੰਨੀ ਸੇਵਾਵਾਂ ਅਥਾਰਟੀਆਂ’ ਅਤੇ ਕੌਮੀ ਪੱਧਰ ’ਤੇ ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ’ ਸਥਾਪਤ ਕੀਤੀਆਂ ਗਈਆਂ ਹਨ। ਇਨ੍ਹਾਂ ਵੱਲੋਂ ਲੋੜਵੰਦ ਲੋਕਾਂ ਜਿਹੜੇ ਆਰਥਿਕ ਤੰਗੀ ਕਾਰਨ ਅਦਾਲਤਾਂ ਵਿੱਚ ਪਹੁੰਚ ਨਹੀਂ ਕਰ ਸਕਦੇ, ਉਨ੍ਹਾਂ ਨੂੰ ‘ਮੁਫ਼ਤ ਕਾਨੂੰਨੀ ਸਹਾਇਤਾ’ ਦੇਣ ਲਈ ਹੇਠਲੀਆਂ ਅਦਾਲਤਾਂ ਤੋਂ ਲੈ ਕੇ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਤੱਕ ਪੈਨਲਾਈਜ਼ ਕੀਤੇ ਵਕੀਲਾਂ ਦੀਆਂ ਸੇਵਾਵਾਂ ਪ੍ਰਦਾਨ ਕਰਵਾਈਆਂ ਜਾਂਦੀਆਂ ਹਨ। ਇਸ ਸਕੀਮ ਦਾ ਨਾਂ ‘ਮੁਫ਼ਤ ਕਾਨੂੰਨੀ ਸਹਾਇਤਾ’ ਹੋਣ ਕਰਕੇ ਕਈ ਵਾਰ ਲੋਕਾਂ ਵਿੱਚ ਯਕੀਨ ਜਿਹਾ ਨਹੀਂ ਬੱਝਦਾ। ਇਸ ਲਈ ਇਸ ਸਕੀਮ ਦਾ ਨਾਂ ਲੋੜਵੰਦ ਲੋਕਾਂ ਨੂੰ ‘ਸਰਕਾਰੀ ਕਾਨੂੰਨੀ ਸਹਾਇਤਾ’ ਹੋਣਾ ਚਾਹੀਦਾ ਹੈ। ਆਰੰਭ ਵਿੱਚ ‘ਮੁਫ਼ਤ ਕਾਨੂੰਨੀ ਸਹਾਇਤਾ’ ਪ੍ਰਦਾਨ ਕਰਨ ਲਈ ਆਮਦਨ ਦੀ ਹੱਦ ਬਹੁਤ ਘੱਟ ਸੀ ਜੋ ਸਮਾਂ ਬੀਤਣ ਦੇ ਨਾਲ ਵਧਾ ਕੇ ਤਿੰਨ ਲੱਖ ਰੁਪਏ ਸਾਲਾਨਾ ਕਰ ਦਿੱਤੀ ਗਈ ਹੈ। ਆਮਦਨ ਦੀ ਹੱਦ ਤੋਂ ਬਿਨਾਂ ਵੀ ਕੁਝ ਅਜਿਹੇ ਵਰਗ ਹਨ ਜਿਵੇਂ ਬਜ਼ੁਰਗ, ਵਿਧਵਾਵਾਂ ਤੇ ਕੈਦੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਰਾਹੀਂ ਵਕੀਲਾਂ ਦੀਆਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਇਸ ਸਕੀਮ ਰਾਹੀਂ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ‘ਵਕੀਲਾਂ ਦੇ ਪੈਨਲ’ ਬਣਾਏ ਜਾਂਦੇ ਹਨ।

ਉਨ੍ਹਾਂ ਵਿਚ ਉੱਚ ਕੋਟੀ ਦੇ ਵਕੀਲ ਆਪਣੀਆਂ ਸੇਵਾਵਾਂ ਪ੍ਰਦਾਨ ਕਰਨ ਤੋਂ ਕੰਨੀ ਕਤਰਾਉਂਦੇ ਹਨ। ਇਸ ਲਈ ਕੌਮੀ ਬਾਰ ਕੌਂਸਲ/ਰਾਜ ਪੱਧਰੀ ਬਾਰ ਕੌਂਸਲਾਂ/ ਜ਼ਿਲ੍ਹਾ ਬਾਰ ਐਸੋਸੀਏਸ਼ਨਾਂ ਸਵੈ-ਜ਼ਾਬਤਾ ਨਿਯਮ ਬਣਾ ਕੇ ਸਮਾਜ ਦੀ ਸੇਵਾ ਲਈ ਨਿਰਸਵਾਰਥ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਉੱਚ ਕੋਟੀ ਦੇ ਵਕੀਲਾਂ ਨੂੰ ਪ੍ਰੇਰਿਤ ਕਰ ਕੇ ਸੇਵਾਵਾਂ ਪ੍ਰਦਾਨ ਕਰਨ ਲਈ ਮਨਾਉਣ। ਹਰ ਵਕੀਲ ਲਈ ਸਾਲਾਨਾ ਕੁਝ ਕੇਸ ਮੁਫ਼ਤ ਕਾਨੂੰਨੀ ਸਹਾਇਤਾ ਅਧੀਨ ਨਿਸ਼ਚਤ ਕੀਤੇ ਜਾ ਸਕਦੇ ਹਨ। ਲੋਕ ਅਦਾਲਤਾਂ ਵਿੱਚ ਕਥਿਤ ਤੌਰ ’ਤੇ ਕੇਸਾਂ ਦੇ ਨਿਪਟਾਰੇ ਸਬੰਧੀ ਵਧੇਰੇ ਅੰਕੜੇ ਦਿਖਾ ਕੇ ਹਰ ਜ਼ਿਲ੍ਹੇ ਦੀ ਕੋਸ਼ਿਸ਼ ਹੁੰਦੀ ਹੈ ਕਿ ਪ੍ਰਸ਼ੰਸਾ ਪ੍ਰਾਪਤ ਕੀਤੀ ਜਾ ਸਕੇ। ਲੋਕ ਅਦਾਲਤਾਂ ਵਿੱਚ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨ ਵਾਲੇ ਮਹਿਕਮੇ, ਬੀਮਾ ਕੰਪਨੀਆਂ, ਬੈਂਕ ਲਾਭ ਉਠਾ ਜਾਂਦੇ ਹਨ। ਅਸਲ ਵਿੱਚ ਅਦਾਲਤਾਂ ਵਿੱਚ ਚੱਲ ਰਹੇ ਵਿਆਹ-ਸ਼ਾਦੀਆਂ ਦੇ ਮਾਮਲੇ, ਫ਼ੌਜਦਾਰੀ ਜਾਂ ਦੀਵਾਨੀ ਕੇਸਾਂ ਦਾ ਨਿਪਟਾਰਾ ਹੁੰਦਾ ਹੀ ਨਹੀਂ।

ਲੋਕ ਅਦਾਲਤਾਂ ਵਿੱਚ ਅਜਿਹੇ ਕੇਸ ਪੇਸ਼ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਦੋਹਾਂ ਧਿਰਾਂ ਦਰਮਿਆਨ ਪਹਿਲਾਂ ਹੀ ਰਾਜ਼ੀਨਾਮਾ ਹੋ ਚੁੱਕਾ ਹੁੰਦਾ ਹੈ। ਲੋਕਾਂ ਵਿੱਚ ਆਪਸੀ ਸਹਿਮਤੀ ਨਾਲ ਰਾਜ਼ੀਨਾਮਾ ਹੋਣ ਦੇ ਬਾਵਜੂਦ ਅਦਾਲਤਾਂ ਵਿੱਚ ਕੇਸ ਦਾ ਨਿਪਟਾਰਾ ਮੌਕੇ ’ਤੇ ਨਹੀਂ ਕੀਤਾ ਜਾਂਦਾ ਬਲਕਿ ਇਹ ਕੇਸ ਲੋਕ ਅਦਾਲਤਾਂ ਲਈ ਰੱਖ ਲਏ ਜਾਂਦੇ ਹਨ ਜਿਸ ਕਰਕੇ ਇਨ੍ਹਾਂ ਮੁਕੱਦਮਿਆਂ ਨੂੰ ਮਹੀਨਿਆਂ ਬੱਧੀ ਹੋਰ ਉਡੀਕ ਕਰਨੀ ਪੈਂਦੀ ਹੈ। ਲੋਕ ਅਦਾਲਤਾਂ ਦੇ ਨਾਮ ’ਤੇ ਲੋਕਾਂ ਉੱਪਰ ਵੱਡਾ ਆਰਥਿਕ ਬੋਝ ਪਾਇਆ ਜਾਂਦਾ ਹੈ ਜਦਕਿ ਇਨ੍ਹਾਂ ਅਦਾਲਤਾਂ ਦਾ ਆਮ ਲੋਕਾਂ ਨੂੰ ਬਹੁਤਾ ਲਾਭ ਨਹੀਂ ਮਿਲ ਰਿਹਾ।

ਅਦਾਲਤਾਂ ਵਿੱਚ ਹੋਣ ਵਾਲੇ ਰਾਜ਼ੀਨਾਮੇ ਨੂੰ ਉਸੇ ਵੇਲੇ ‘ਲੋਕ ਅਦਾਲਤ’ ਦੀ ਮੋਹਰ ਲਗਾ ਕੇ ਨਿਪਟਾਰਾ ਕਰ ਦਿੱਤਾ ਜਾਣਾ ਚਾਹੀਦਾ ਹੈ। ਲੋਕ ਅਦਾਲਤਾਂ ਵਿੱਚ ਸਮਝੌਤੇ ਲਈ ਵਕੀਲਾਂ ਦੀ ਥਾਂ ਤਜਰਬੇਕਾਰ ਸੇਵਾ ਮੁਕਤ ਅਧਿਕਾਰੀਆਂ, ਸਮਾਜ-ਸੇਵੀ ਸੰਸਥਾਵਾਂ, ਨਿਆਂਪਾਲਿਕਾ ਨਾਲ ਜੁੜੇ ਮਹੱਤਵਪੂਰਨ ਵਿਅਕਤੀਆਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਆਮ ਤੌਰ ’ਤੇ ਲੋਕ ਅਦਾਲਤਾਂ ਸ਼ਨਿੱਚਰਵਾਰ ਨੂੰ ਛੁੱਟੀ ਵਾਲੇ ਦਿਨ ਲਗਾਈਆਂ ਜਾਂਦੀਆਂ ਹਨ ਜਿਨ੍ਹਾਂ ਲਈ ਨਿਆਇਕ ਅਧਿਕਾਰੀਆਂ ਨੂੰ ਕੋਈ ਖ਼ਾਸ ਉਤਸ਼ਾਹ ਨਹੀਂ ਹੁੰਦਾ ਪਰ ਹੁਕਮ ਦੀ ਪਾਲਣਾ ਕਰਨੀ ਪੈਂਦੀ ਹੈ।

ਵਕੀਲ ਵੀ ਲੰਬੇ ਸਮੇਂ ਤੋਂ ਛੁੱਟੀ ਵਾਲੇ ਦਿਨ ਸ਼ਨਿੱਚਰਵਾਰ ਨੂੰ ਲੋਕ ਅਦਾਲਤ ਲਗਾਉਣ ਦਾ ਵਿਰੋਧ ਕਰਦੇ ਆ ਰਹੇ ਹਨ, ਇਸ ਨੁਕਤੇ ਨੂੰ ਵੀ ਵਿਚਾਰਿਆ ਜਾਣਾ ਚਾਹੀਦਾ ਹੈ। ਲੋਕ ਅਦਾਲਤ ਵਿੱਚ ਨਿਪਟਾਏ ਜਾਣ ਵਾਲੇ ਸਾਰੇ ਮੁਕੱਦਮਿਆਂ ਦਾ ਪੂਰਾ ਵੇਰਵਾ ‘ਕੇਸ ਦਾਇਰ ਕਰਨ ਤੋਂ ਲੈ ਕੇ ਨਿਪਟਾਰੇ ਤੱਕ’ ਦੇ ਰਿਕਾਰਡ ਲਈ ਪ੍ਰੋਫਾਰਮਾ ਹੋਣਾ ਚਾਹੀਦਾ ਹੈ।

ਕਈ ਬਾਰ ਐਸੋਸੀਏਸ਼ਨਾਂ ਮੰਗ ਕਰਦੀਆਂ ਆ ਰਹੀਆਂ ਹਨ ਕਿ ਲੋਕ ਅਦਾਲਤਾਂ ’ਚ ਫ਼ਰਜ਼ੀ ਅੰਕੜੇ ਦਿਖਾਉਣ ਦੀ ਥਾਂ ਦਹਾਕਿਆਂ ਤੋਂ ਅਦਾਲਤਾਂ ਵਿੱਚ ਰੁਲ ਰਹੇ ਗ਼ਰੀਬਾਂ ਨੂੰ ਰਾਹਤ ਦੇਣ ਲਈ ਅਦਾਲਤਾਂ ’ਚ ਲੋੜੀਂਦੇ ਅਮਲੇ ਦੀ ਤੁਰੰਤ ਭਰਤੀ ਕੀਤੀ ਜਾਵੇ ਤੇ ਅਦਾਲਤਾਂ, ਥਾਣਿਆਂ ਅਤੇ (**ਬਾਕੀ ਸਫ਼ਾ 31 ’ਤੇ**)



# ਕਿਤਾਬਾਂ ਬਨਾਮ ਪਾਠਕ

## ਪਾਠਕਾਂ ਦੇ ਹੱਥਾਂ ਦੀ ਛੋਹ ਨੂੰ ਤਰਸਦੀਆਂ ਨੇ ਕਿਤਾਬਾਂ

## ਪੰਜਾਬੀ ’ਚ ਲੇਖਕ ਜ਼ਿਆਦਾ ਅਤੇ ਪਾਠਕ ਘੱਟ ਦੀ ਹੁੰਦੀ ਹੈ ਚਰਚਾ

## ਟੀ.ਵੀ. ਚੈਨਲਾਂ ਕਰਕੇ ਵੀ ਕਿਤਾਬਾਂ ਦੀ ਅਹਿਮੀਅਤ ਘਟੀ




ਕੁੱਝ ਦਿਨ ਪਹਿਲਾਂ ਇੱਕ ਮਹਿਲਾ ਦੀ ਲਿਖੀ ਪੰਜਾਬੀ ਕਿਤਾਬ ਪੜ੍ਹਨ ਨੂੰ ਮਿਲੀ, ਉਹ ਸਾਰੀ ਕਿਤਾਬ ਪੜ੍ਹਕੇ ਪਤਾ ਹੀ ਨਹੀਂ ਲੱਗਿਆ ਕਿ ਇਸ ਵਿੱਚ ਇਹ ਉਭਰਦੀ ਲੇਖਿਕਾ ਕਹਿਣਾ ਕੀ ਚਾਹੁੰਦੀ ਹੈ? ਇਸ ਉਭਰਦੀ ਲੇਖਿਕਾ ਦੀ ਇਹ ਪਹਿਲੀ ਕਿਤਾਬ ਛਪੀ ਸੀ। ਜਿਸ ਵਿੱਚ ਅੱਧੇ ਹਿੱਸੇ ਵਿੱਚ ਕਹਾਣੀਆਂ ਸਨ ਅਤੇ ਅੱਧੇ ਹਿੱਸੇ ਵਿੱਚ ਕਵਿਤਾਵਾਂ ਸਨ। ਇਹ ਕਹਾਣੀਆਂ ਅਤੇ ਕਵਿਤਾਵਾਂ ਬਿਲਕੁਲ ਸਾਧਾਰਨ ਸਨ। ਇਸ ਦੇ ਬਾਵਜੂਦ ਇਸ ਕਿਤਾਬ ਵਿੱਚ ਉਭਰਦੀ ਲੇਖਿਕਾ ਬਾਰੇ ਦੋ ਤਿੰਨ ਲੇਖਕਾਂ ਵੱਲੋਂ ਜੋ ਵਿਚਾਰ ਦਿੱਤੇ ਗਏ ਸਨ, ਉਹਨਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਹ ਲੇਖਕਾ ਦੁਨੀਆਂ ਦੀ ਜਗਤ ਪ੍ਰਸਿੱਧ ਲੇਖਿਕਾ ਹੈ ਅਤੇ ਇਸ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ।



ਅਜਿਹੀਆਂ ਹੀ ਹੋਰ ਕਈ ਕਿਤਾਬਾਂ ਅਕਸਰ ਪੜ੍ਹਨ ਵੇਖਣ ਨੂੰ ਮਿਲਦੀਆਂ ਹਨ, ਜਿਨ੍ਹਾਂ ਵਿੱਚ ਮਿਆਰੀ ਕੁਝ ਵੀ ਨਹੀਂ ਹੁੰਦਾ। ਵੱਖ- ਵੱਖ ਅਖ਼ਬਾਰਾਂ ਵਾਲੇ ਅਕਸਰ ਨਵੀਆਂ ਕਿਤਾਬਾਂ ਮੈਨੂੰ ਰਿਵੀਊ ਲਿਖਣ ਲਈ ਭੇਜ ਦਿੰਦੇ ਹਨ ਜਾਂ ਕੁਝ ਉਭਰਦੇ ਲੇਖਕ ਵੀ ਆਪਣੀਆਂ ਕਿਤਾਬਾਂ ਦਾ ਰਿਵੀਊ ਲਿਖਣ ਲਈ ਕਿਤਾਬਾਂ ਭੇਜ ਦਿੰਦੇ ਹਨ ਜਿਨ੍ਹਾਂ ਵਿਚੋਂ ਕੁੱਝ ਕਿਤਾਬਾਂ ਤਾਂ ਬਹੁਤ ਮਿਆਰੀ ਅਤੇ ਜਾਣਕਾਰੀ ਭਰਪੂਰ ਹੁੰਦੀਆਂ ਹਨ, ਅਸਲ ਵਿੱਚ ਇਹਨਾਂ ਕਿਤਾਬਾਂ ਨੂੰ ਛਾਪਣ ਤੋਂ ਪਹਿਲਾਂ ਕਿਤਾਬਾਂ ਵਿਚਲਾ ਮੈਟਰ ਕਈ ਹੱਥਾਂ ਵਿਚੋਂ ਲੰਘਿਆ ਹੁੰਦਾ ਹੈ, ਜਿਸ ਕਾਰਨ ਇਹ ਮਿਆਰੀ ਹੁੰਦਾ ਹੈ। ਇਸ ਤੋਂ ਇਲਾਵਾ ਕਈ ਲੇਖਕਾਂ ਦੀਆਂ ਕਿਤਾਬਾਂ ਜਾਣਕਾਰੀ ਭਰਪੂਰ ਤਾਂ ਹੁੰਦੀਆਂ ਹਨ ਪਰ ਉਹਨਾਂ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ, ਜਿਸ ਕਰਕੇ ਮਹਿੰਗੀਆਂ ਕਿਤਾਬਾਂ ਨੂੰ ਕੋਈ ਖਰੀਦਦਾ ਨਹੀਂ। ਗੈਰ ਮਿਆਰੀ ਸਾਹਿਤ, ਅਜੀਬੋ ਗ਼ਰੀਬ ਗੱਲਾਂ ਲਿਖੀਆਂ ਹੋਣ, ਮਹਿੰਗੀ ਕੀਮਤ ਕਾਰਨ ਅਕਸਰ ਪੰਜਾਬੀ ਕਿਤਾਬਾਂ ਪਾਠਕਾਂ ਦ ਹੱਥਾਂ ਦੀ ਛੋਹ ਨੂੰ ਤਰਸ ਜਾਂਦੀਆਂ ਹਨ ਅਤੇ ਇਹ ਕਿਤਾਬਾਂ ਫਿਰ ਸ਼ੀਸ਼ਿਆਂ ਵਾਲੀ ਅਲਮਾਰੀ ਵਿੱਚ ਸਜਾਉਣ ਜੋਗੀਆਂ ਰਹਿ ਜਾਂਦੀਆਂ ਹਨ ਜਾਂ ਮੁਫ਼ਤ ਵੰਡਣ ਲਈ ਰਹਿ ਜਾਂਦੀਆਂ ਹਨ।



ਕੱਚ-ਘਰੜ ਕਿਤਾਬਾਂ ਦੇ ਹੋਣ ਕਾਰਨ ਕਈ ਵਾਰ ਚੰਗੇ ਮੈਟਰ ਵਾਲੀਆਂ ਅਨੇਕਾਂ ਲੇਖਕਾਂ ਦੀਆਂ ਕਿਤਾਬਾਂ ਵੀ ਪਾਠਕਾਂ ਦੀ ਪਹੁੰਚ ਤੋਂ ਦੂਰ ਰਹਿ ਜਾਂਦੀਆਂ ਹਨ। ਜਦੋਂ ਕੋਈ ਇਨਸਾਨ ਮੁੱਲ ਲੈ ਕੇ ਕਿਤਾਬ ਪੜ੍ਹਦਾ ਹੈ ਤਾਂ ਉਸ ਦੀ ਇੱਛਾ ਹੁੰਦੀ ਹੈ ਕਿ ਇਸ ਕਿਤਾਬ ਤੋਂ ਉਸ ਨੂੰ ਸਰਬਪੱਖੀ ਗਿਆਨ ਮਿਲੇ ਅਤੇ ਉਸ ਦਾ ਮਨੋਰੰਜਨ ਹੋਵੇ ਪਰ ਅਨੇਕਾਂ ਕਿਤਾਬਾਂ ਵਿੱਚ ਲੇਖਕਾਂ ਤੇ ਲੇਖਿਕਾਵਾਂ ਵੱਲੋਂ ਕੀਤੀਆਂ ਗਈਆਂ ਹਵਾ ਹਵਾਈ ਗੱਲਾਂ ਪਾਠਕਾਂ ਦੇ ਪੱਲੇ ਹੀ ਨਹੀਂ ਪੈਂਦੀਆਂ, ਜਿਸ ਕਾਰਨ ਪਾਠਕ ਅਜਿਹੀਆਂ ਕਿਤਾਬਾਂ ਵੱਲ ਵੇਖਦੇ ਵੀ ਨਹੀਂ। ਇਸ ਤੋਂ ਇਲਾਵਾ ਕਈ ਵਧੇਰੇ ਪੜ੍ਹੇ ਲਿਖੇ ਲੇਖਕ ਆਪਣੀਆਂ ਕਿਤਾਬਾਂ ਵਿੱਚ ਅਜਿਹੀ ਪੰਜਾਬੀ ਲਿਖੀ ਦਿੰਦੇ ਹਨ, ਜਿਸ ਵਿੱਚ ਹਿੰਦੀ,ਉਰਦੂ, ਅੰਗਰੇਜ਼ੀ ਦੇ ਔਖੇ ਸ਼ਬਦਾਂ ਦੀ ਭਰਮਾਰ ਹੁੰਦੀ ਹੈ, ਜਿਸ ਕਾਰਨ ਇਹ ਭਾਸ਼ਾ ਆਮ ਲੋਕਾਂ ਦੇ ਪੱਲੇ ਨਹੀਂ ਪੈਂਦੀ। ਇਸ ਤੋਂ ਇਲਾਵਾ ਅਜਿਹੀ ਭਾਸ਼ਾ ਲਿਖਣ ਵਾਲੇ ਲੇਖਕ ਤੇ ਲੇਖਿਕਾਵਾਂ ਦਾਅਵਾ ਕਰਦੇ ਹਨ ਕਿ ਪ੍ਰੋਫ਼ੈਸਰਾਂ ਅਤੇ ਜ਼ਿਆਦਾ ਪੜ੍ਹੇ ਲਿਖੇ ਲੋਕਾਂ ਦੀ ਭਾਸ਼ਾ ਵੱਖਰੀ ਹੁੰਦੀ ਹੈ। ਇਹ ਠੀਕ ਹੈ ਕਿ ਵਿਗਿਆਨੀਆਂ ਦੀ ਭਾਸ਼ਾ ਵੱਖਰੀ ਹੁੰਦੀ ਹੈ, ਪਰ ਪ੍ਰੋਫ਼ੈਸਰਾਂ ਜਾਂ ਪੜ੍ਹੇ ਲਿਖੇ ਲੋਕਾਂ ਵੱਲੋਂ ਵਰਤੀ ਜਾਂਦੀ ਭਾਸ਼ਾ ਜੇ ਆਮ ਵਿਅਕਤੀ ਦੇ ਸਮਝ ਹੀ ਨਹੀਂ ਪੈਣੀ ਤਾਂ ਇਹਨਾਂ ਦੀਆਂ ਲਿਖੀਆਂ ਕਿਤਾਬਾਂ ਕਿਸ ਨੇ ਪੜ੍ਹਨੀਆਂ ਹਨ?

ਇਸ ਤੋਂ ਇਲਾਵਾ ਟੀ.ਵੀ. ਚੈਨਲਾਂ ਦੀ ਭਰਮਾਰ ਕਾਰਨ ਵੀ ਪਾਠਕ ਕਿਤਾਬਾਂ ਤੋਂ ਦੂਰ ਹੋ ਗਏ ਹਨ।

ਅਕਸਰ ਪਾਠਕ ਕਹਿੰਦੇ ਹਨ ਕਿ ਕਿਤਾਬਾਂ ਦੀ ਭਾਸ਼ਾ ਅਜਿਹੀ ਹੋਵੇ ਜੋ ਕਿ ਉਹਨਾਂ ਦੀ ਸਮਝ ਵਿੱਚ ਆ ਜਾਵੇ। ਫਿਰ ਅਜਿਹੀਆਂ ਕਿਤਾਬਾਂ ਮਿਆਰੀ ਹੋਣ ਕਰਕੇ ਪਾਠਕਾਂ ਵੱਲੋਂ ਮੁੱਲ ਲੈ ਕੇ ਪੜ੍ਹੀਆਂ ਵੀ ਜਾਣਗੀਆਂ। ਭਾਵੇਂ ਅਕਸਰ ਵਿਅੰਗ ਵਿੱਚ ਕਿਹਾ ਜਾਂਦਾ ਹੈ ਕਿ ਪੰਜਾਬੀ ਵਿੱਚ ਲੇਖਕ ਜਿਆਦਾ ਹਨ ਅਤੇ ਪਾਠਕ ਘੱਟ, ਪਰ ਜੇ ਚੰਗਾ ਸਾਹਿਤ ਲੇਖਕਾਂ ਵੱਲੋਂ ਸਿਰਜਿਆ ਜਾਵੇਗਾ ਤਾਂ ਉਹਨਾਂ ਦੀਆਂ ਕਿਤਾਬਾਂ ਗਰਮ ਪਕੌੜਿਆਂ ਵਾਂਗ ਜ਼ਰੂਰ ਵਿਕਣਗੀਆਂ।

# ਬਦਲਦੀ ਜੀਵਨ ਸ਼ੈਲੀ ਦਾ ਸਿਹਤ ’ਤੇ ਪੈਂਦੈ ਮਾੜਾ ਅਸਰ



ਅੱਜ ਕਲ ਹਰ ਵਿਅਕਤੀ ਤਨਾਓ ਦਾ ਸ਼ਿਕਾਰ ਹੈ ਅਤੇ ਕਈ ਸਰੀਰਕ ਰੋਗ ਵੀ ਉਸ ਨੂੰ ਲੱਗੇ ਹੋਏ ਹਨ। ਇਸੇ ਕਰਕੇ ਤੰਦਰੁਸਤ ਲੋਕ ਬਹੁਤ ਘੱਟ ਦਿਖਾਈ ਦਿੰਦੇ ਹਨ। ਆਧੁਨਿਕਤਾ ਦੇ ਨਾਮ ਹੇਠ ਸਾਡੀ ਜੀਵਨ ਸ਼ੈਲੀ ਬਹੁਤ ਬਦਲ ਗਈ ਹੈ, ਜਿਸ ਕਾਰਨ ਵੀ ਅਨੇਕਾਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਵੱਧ ਰਹੀ ਮਹਿੰਗਾਈ ਕਾਰਨ ਹਰ ਵਿਅਕਤੀ ਨੂੰ ਲਗਾਤਾਰ 7-8 ਘੰਟੇ ਜਾਂ ਦੋ ਸ਼ਿਫ਼ਟਾਂ ਵਿੱਚ ਕੰਮ ਕਰਨਾ ਪੈਂਦਾ ਹੈ, ਜ਼ਿਆਦਾਤਰ ਲੋਕਾਂ ਨੂੰ ਕੁਰਸੀ ਤੇ ਲਗਾਤਾਰ ਬੈਠ ਕੇ ਕੰਮ ਕਰਨਾ ਪੈਂਦਾ ਹੈ, ਜਿਸ ਕਾਰਨ ਉਹਨਾਂ ਨੂੰ ਸਿਹਤ ਸਬੰਧੀ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਲਗਾਤਾਰ ਬੈਠ ਕੇ ਕੰਮ ਕਰਨ ਨਾਲ ਅਕਸਰ ਕਈ ਵਿਅਕਤੀਆਂ ਨੂੰ ਡਿਸਕ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ, ਜਾਂ ਉਹਨਾਂ ਦੀਆਂ ਲੱਤਾਂ ਵਿੱਚ ਦਰਦ ਹੋਣ ਲੱਗਦਾ ਹੈ। ਅਨੇਕਾਂ ਲੋਕ ਕਸਰਤ ਅਤੇ ਸੈਰ ਕਰ ਲੈਂਦੇ ਹਨ ਪਰ ਵੱਡੀ ਗਿਣਤੀ ਲੋਕ ਨਾ ਤਾਂ ਸੈਰ ਕਰਦੇ ਹਨ ਅਤੇ ਨਾ ਹੀ ਉਹ ਕਸਰਤ ਕਰਦੇ ਹਨ, ਜਿਸ ਕਾਰਨ ਉਹ ਤੰਦਰੁਸਤ ਨਹੀਂ ਰਹਿੰਦੇ। ਇਸ ਤੋਂ ਇਲਾਵਾ ਨੌਕਰੀਆਂ ਕਰਦੇ ਜ਼ਿਆਦਾਤਰ ਲੋਕ ਫਾਸਟ ਫੂਡ ਜਾਂ ਜੰਕ ਫੂਡ ਖਾਂਦੇ ਹਨ। ਇਹ ਫਾਸਟ ਫੂਡ ਤੇ ਜੰਕ ਫੂਡ ਵੀ ਸਿਹਤ ਲਈ ਨੁਕਸਾਨਦਾਇਕ ਹੁੰਦੇ ਹਨ। ਆਮ ਲੋਕਾਂ ਦੇ ਅੱਜ ਕਲ ਰੁਝੇਵੇਂ ਵੱਧ ਗਏ ਹਨ, ਜਿਸ ਕਾਰਨ ਸੈਰ ਅਤੇ ਕਸਰਤ ਕਰਨ ਦਾ ਉਹਨਾਂ ਨੂੰ ਸਮਾਂ ਨਹੀਂ ਮਿਲਦਾ ਜਾਂ ਫਿਰ ਆਲਸ ਕਾਰਨ ਵੱਡੀ ਗਿਣਤੀ ਲੋਕ ਕਸਰਤ ਤੇ ਸੈਰ ਨਹੀਂ ਕਰਦੇ। ਇਹ ਲੋਕ ਹਰ ਦਿਨ ਵਾਅਦਾ ਕਰਦੇ ਹਨ ਕਿ ਕੱਲ ਤੋਂ ਉਹ ਸੈਰ ਕਰਨੀ ਆਰੰਭ ਕਰ ਦੇਣਗੇ ਪਰ ਇਹਨਾਂ ਦੀ ਇਹ ਕੱਲ੍ਹ ਕਦੇ ਵੀ ਨਹੀਂ ਆਉਂਦੀ। ਇਸੇ ਆਲਸ ਕਾਰਨ ਇਹ ਲੋਕ ਅਕਸਰ ਬਿਮਾਰ ਰਹਿੰਦੇ ਹਨ।



ਵੱਡੀ ਗਿਣਤੀ ਲੋਕਾਂ ਦਾ ਹੁਣ ਖਾਣ ਪੀਣ ਵੀ ਬਦਲ ਗਿਆ ਹੈ ਅਤੇ ਉਹ ਸਿਹਤ ਲਈ ਖ਼ਤਰਨਾਕ ਸਮਾਨ ਵੀ ਅਕਸਰ ਸੁਆਦ ਦੇ ਲਾਲਚ ਵਿੱਚ ਖਾ ਜਾਂਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਲੋਕਾਂ ਦੀਆਂ ਸਰੀਰਕ ਗਤੀਵਿਧੀਆਂ ਵੀ ਘੱਟ ਗਈਆਂ ਹਨ, ਜਿਸ ਕਾਰਨ ਇਹ ਲੋਕ ਸਿਹਤਮੰਦ ਨਹੀਂ ਰਹਿੰਦੇ। ਵੱਡੀ ਗਿਣਤੀ ਲੋਕ ਪੈਸਾ ਕਮਾਉਣ ਦੇ ਚੱਕਰ ਵਿੱਚ ਆਪਣੀ ਸਿਹਤ ਦਾ ਨੁਕਸਾਨ ਕਰ ਲੈਂਦੇ ਹਨ, ਫਿਰ ਅਜਿਹੇ ਲੋਕਾਂ ਦੇ ਹੱਥਾਂ ਵਿੱਚ ਡਾਕਟਰ ਦੀਆਂ ਪਰਚੀਆਂ ਅਤੇ ਝੋਲੇ ਵਿੱਚ ਦਵਾਈਆਂ ਹੀ ਰਹਿ ਜਾਂਦੀਆਂ ਹਨ।

ਕਰੀ ਹਰ ਘਰ ਵਿੱਚ ਕੋਈ ਨਾ ਕੋਈ ਵਾਹਨ ਜ਼ਰੂਰ ਹੁੰਦਾ ਹੈ। ਕਈ ਲੋਕਾਂ ਕੋਲ ਤਾਂ ਦੋ ਜਾਂ ਤਿੰਨ ਤਿੰਨ ਵਾਹਨ ਵੀ ਹੁੰਦੇ ਹਨ। ਇਸ ਕਾਰਨ ਆਮ ਲੋਕਾਂ ਨੂੰ ਪੈਦਲ ਚੱਲਣ ਦਾ ਮੌਕਾ ਘੱਟ ਮਿਲਦਾ ਹੈ। ਪਹਿਲਾਂ ਲੋਕਾਂ ਕੋਲ ਸਿਰਫ਼ ਸਾਈਕਲ ਹੁੰਦੇ ਸਨ ਅਤੇ ਸਾਈਕਲ ਚਲਾਉਣ ਨਾਲ ਲੋਕਾਂ ਦੀ ਚੰਗੀ ਕਸਰਤ ਹੋ ਜਾਂਦੀ ਸੀ ਪਰ ਹੁਣ ਨੇੜੇ ਜਾਣ ਲਈ ਵੀ ਵਾਹਨਾਂ ਦੀ ਵਰਤੋ ਕੀਤੇ ਜਾਣ ਕਾਰਨ ਲੋਕਾਂ ਨੂੰ ਤੁਰਨ ਦਾ ਸਮਾਂ ਨਹੀਂ ਮਿਲਦਾ, ਜਿਸ ਕਾਰਨ ਆਮ ਲੋਕ ਜਲਦੀ ਬਿਮਾਰ ਹੋ ਜਾਂਦੇ ਹਨ।

ਕੁਝ ਸਮਾਂ ਪਹਿਲਾਂ ਤਕ ਲੋਕ ਆਮ ਬਿਮਾਰੀਆਂ ਨੂੰ ਘਰੇਲੂ ਨੁਸਖ਼ਿਆਂ ਨਾਲ ਠੀਕ ਕਰ ਲੈਂਦੇ ਸਨ ਅਤੇ ਲੋਕਾਂ ਨੂੰ ਆਮ ਜਿਹੀਆਂ ਬਿਮਾਰੀਆਂ ਹੀ ਹੁੰਦੀਆਂ ਸਨ ਪਰ ਬਦਲ ਰਹੀ ਜੀਵਨ ਸ਼ੈਲੀ ਕਾਰਨ ਆਮ ਲੋਕਾਂ ਨੂੰ ਬਿਮਾਰੀਆਂ ਵੀ ਖ਼ਤਰਨਾਕ ਕਿਸਮ ਦੀਆਂ ਹੁੰਦੀਆਂ ਹਨ। ਇਸ ਤਰਾਂ ਵੱਡੀ ਗਿਣਤੀ ਲੋਕਾਂ ਦੇ ਦਿਨ ਦੀ ਸ਼ੁਰੂ ਆਤ ਦਵਾਈਆਂ ਖਾਣ ਨਾਲ ਹੁੰਦੀ ਹੈ। ਕਸਰਤ ਨਾ ਕੀਤੇ ਜਾਣ ਕਾਰਨ ਕਈ ਵਿਅਕਤੀਆਂ ਦਾ ਸਰੀਰ ਅਕਸਰ ਥੁਲਥੁਲਾ ਹੋ ਜਾਂਦਾ ਹੈ। ਆਧੁਨਿਕ ਜੀਵਨ ਸ਼ੈਲੀ ਅਨੁਸਾਰ ਲੋਕਾਂ ਦਾ ਜੀਵਨ ਆਰਾਮਦਾਇਕ ਤਾਂ ਹੋ ਰਿਹਾ ਹੈ ਪਰ ਉਹਨਾਂ ਨੂੰ ਸਿਹਤ ਸਬੰਧੀ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵੱਡੀ ਗਿਣਤੀ ਲੋਕ ਭਾਵੇਂ ਸਵੇਰੇ ਜਾਂ ਸ਼ਾਮ ਵੇਲੇ ਸੈਰ ਕਰ ਲੈਂਦੇ ਹਨ ਪਰ ਕਈ ਵਿਅਕਤੀ ਏਨੇ ਜ਼ਿਆਦਾ ਆਲਸੀ ਹੁੰਦੇ ਹਨ ਕਿ ਉਹ ਬਿਲਕੁਲ ਵੀ ਸੈਰ ਨਹੀਂ ਕਰਦੇ ਜਿਸ ਕਰਕੇ ਉਹਨਾਂ ਦੇ ਸਰੀਰ ਵਿੱਚ ਰੋਗਾਂ ਨਾਲ ਲੜਨ ਦੀ ਸਮਰੱਥਾ ਘੱਟ ਜਾਂਦੀ ਹੈ (**ਬਾਕੀ ਸਫ਼ਾ 31 ’ਤੇ**)

# ਪੰਛੀਆਂ ਦੀ ਹੋਂਦ ਲਈ ਖ਼ਤਰਾ ਬਣੀ ਮੌਸਮੀ ਤਬਦੀਲੀ























## ਦਰਿਆਵਾਂ ਅਤੇ ਛੱਪੜਾਂ ਵਰਗੇ ਜਲ ਸਰੋਤਾਂ ਦੇ ਕੰਢੇ ਰਹਿਣ ਵਾਲੇ ਪੰਛੀਆਂ ਦੀ ਘਟ ਗਈ ਗਿਣਤੀ

ਮੌਸਮੀ ਤਬਦੀਲੀ ਨਾਲ ਜਿਥੇ ਇਨਸਾਨ ਪ੍ਰਭਾਵਿਤ ਹੋ ਰਹੇ ਹਨ, ਉਥੇ ਇਸਦਾ ਅਸਰ ਪੰਛੀਆਂ ’ਤੇ ਵੀ ਹੋ ਰਿਹਾ ਹੈ। ਇਨਸਾਨ ਵੱਲੋਂ ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਨਾਲ ਮੌਸਮੀ ਤਬਦੀਲੀ ਹੋ ਰਹੀ ਹੈ, ਜਿਸ ਦਾ ਪੰਛੀਆਂ ’ਤੇ ਬਹੁਤ ਮਾੜਾ ਅਸਰ ਹੋ ਰਿਹਾ ਹੈ ਅਤੇ ਪੰਛੀਆਂ ਦੀ ਗਿਣਤੀ ਘੱਟ ਰਹੀ ਹੈ। ਭਾਰਤ ਵਿੱਚ ਪਹਿਲਾਂ ਹਜਾਰਾਂ ਕਿਸਮਾਂ ਦੇ ਪੰਛੀ ਹੁੰਦੇ ਸਨ, ਜੋ ਕਿ ਮੌਸਮੀ ਤਬਦੀਲੀ ਕਾਰਨ ਕਾਫ਼ੀ ਘੱਟ ਗਏ। ਹੁਣ ਇਸ ਵੇਲੇ ਭਾਰਤ ਵਿੱਚ ਪੰਛੀਆਂ ਦੀਆਂ ਕਿਸਮਾਂ ਅਤੇ ਗਿਣਤੀ ਘੱਟ ਰਹੀ ਹੈ। ਇਸ ਤੋਂ ਇਲਾਵਾ ਕੁਝ ਲੋਕ ਪੰਛੀਆਂ ਦਾ ਸ਼ਿਕਾਰ ਕਰ ਲੈਂਦੇ ਹਨ, ਜਿਸ ਕਾਰਨ ਵੀ ਪੰਛੀਆਂ ਦੀ ਗਿਣਤੀ ਘੱਟ ਰਹੀ ਹੈ। ਪੰਛੀਆਂ ਦੀ ਗਿਣਤੀ ਘੱਟਣ ਦੇ ਅਨੇਕਾਂ ਕਾਰਨ ਹਨ, ਪਰ ਸਭ ਤੋਂ ਵੱਡਾ ਕਾਰਨ ਮਨੁੱਖ ਦਾ ਲਾਲਚ ਮੰਨਿਆ ਜਾਂਦਾ ਹੈ। ਮਨੁੱਖ ਨੇ ਲੱਕੜ ਲੈਣ ਲਈ ਦਰਖਤਾਂ ਦਾ ਸਫਾਇਆ ਕਰ ਦਿੱਤਾ, ਜਿਸ ਕਰਕੇ ਇਹਨਾਂ ਦਰਖਤਾਂ ਦੇ ਉਤੇ ਰਹਿਣ ਵਾਲੇ ਪੰਛੀ ਵੀ ਗਾਇਬ ਹੋ ਗਏ। ਅੱਜ ਭਾਵੇਂ ਲੋਕ ਨਵੇਂ ਰੁੱਖ ਲਗਾਉਂਦੇ ਹਨ ਅਤੇ ਰੁੱਖਾਂ ’ਤੇ ਪੰਛੀਆਂ ਲਈ ਨਕਲੀ ਆਲਣੇ ਰੱਖਦੇ ਹਨ।

‘ਸਟੇਟਸ ਆਫ਼ ਬਰਡਜ਼ ਐਟ ਨਾਈਟ – 2023’ ਰਿਪੋਰਟ ਦੇ ਨਤੀਜੇ ਨਾ ਸਿਰਫ਼ ਪੰਛੀਆਂ ਲਈ ਸਗੋਂ ਧਰਤੀ ’ਤੇ ਰਹਿਣ ਵਾਲੇ ਮਨੁੱਖਾਂ ਲਈ ਵੀ ਖ਼ਤਰੇ ਦੀ ਘੰਟੀ ਹਨ। ਪਿਛਲੇ 25 ਸਾਲਾਂ ਦੌਰਾਨ, ਸਾਡੀ ਪੰਛੀਆਂ ਦੀ ਵਿਭਿੰਨਤਾ ’ਤੇ ਵੱਡਾ ਹਮਲਾ ਹੋਇਆ ਹੈ, ਪੰਛੀਆਂ ਦੀਆਂ ਬਹੁਤ ਸਾਰੀਆਂ ਨਸਲਾਂ ਅਲੋਪ ਹੋ ਗਈਆਂ ਹਨ ਅਤੇ ਕਈਆਂ ਦੀ ਗਿਣਤੀ ਘੱਟ ਹੋ ਗਈ ਹੈ। ਪੰਛੀਆਂ ’ਤੇ ਮੰਡਰਾ ਰਿਹਾ ਇਹ ਖ਼ਤਰਾ ਸ਼ਿਕਾਰ ਨਾਲੋਂ ਵਿਕਾਸ ਦੇ ਨਵੇਂ ਸੰਕਲਪ ਕਾਰਨ ਹੈ। ਇੱਕ ਪਾਸੇ ਬਦਲਦੇ ਮੌਸਮ ਨੇ ਪੰਛੀਆਂ ਦੇ ਪ੍ਰਜਨਨ, ਪ੍ਰਵਾਸ ਅਤੇ ਰਹਿਣ-ਸਹਿਣ ’ਤੇ ਮਾੜਾ ਅਸਰ ਪਾਇਆ ਹੈ, ਉਥੇ ਹੀ ਦੂਜੇ ਪਾਸੇ ਵੱਧ ਫ਼ਸਲਾਂ ਦੇ ਲਾਲਚ ਕਾਰਨ ਖੇਤਾਂ ਵਿੱਚ ਪਾਈਆਂ ਕੀਟਨਾਸ਼ਕ ਦਵਾਈਆਂ, ਵਿਕਾਸ ਦੇ ਨਾਂ ’ਤੇ ਉਨ੍ਹਾਂ ਦੇ ਰਵਾਇਤੀ ਜੰਗਲਾਂ ਨੂੰ ਤਬਾਹ ਕੀਤਾ ਜਾ ਰਿਹਾ ਹੈ। ਕੁਦਰਤੀ ਵਾਤਾਵਰਨ ਦੀ ਘਾਟ ਕਾਰਨ ਉਨ੍ਹਾਂ ਦਾ ਸੁਭਾਅ ਬਦਲ ਗਿਆ ਹੈ। ਕਈ ਕਾਰਨ ਹਨ ਜਿਨ੍ਹਾਂ ਕਾਰਨ ਸਾਡੀਆਂ ਗਲੀਆਂ ਅਤੇ ਵਿਹੜਿਆਂ ਵਿੱਚ ਪੰਛੀਆਂ ਦੀਆਂ ਆਵਾਜ਼ਾਂ ਅਤੇ ਸੰਗੀਤਮਈ ਬੋਲ ਘੱਟ ਰਹੇ ਹਨ।

ਵਰਨਣਯੋਗ ਹੈ ਕਿ ਇਹ ਰਿਪੋਰਟ ਪੰਛੀਆਂ ਦੇ ਅਧਿਐਨ ਲਈ ਹਜ਼ਾਰਾਂ ਪੰਛੀ ਵਿਗਿਆਨੀਆਂ ਅਤੇ ਕੁਦਰਤ ਪ੍ਰੇਮੀਆਂ ਵੱਲੋਂ ਲਗਪਗ ਇੱਕ ਕਰੋੜ ਦੇ ਮੁਲਾਂਕਣ ਦੇ ਆਧਾਰ ’ਤੇ ਤਿਆਰ ਕੀਤੀ ਗਈ ਹੈ। ਇਸ ਦੇ ਲਈ 942 ਕਿਸਮਾਂ ਦੇ ਪੰਛੀਆਂ ਨੂੰ ਦੇਖਿਆ ਗਿਆ। ਇਨ੍ਹਾਂ ਵਿੱਚੋਂ 299 ਬਾਰੇ ਬਹੁਤ ਘੱਟ ਡੇਟਾ ਮਿਲ ਸਕਿਆ ਹੈ। ਬਾਕੀ 643 ਪ੍ਰਜਾਤੀਆਂ ਦੇ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਪੰਛੀਆਂ ਦੀਆਂ 64 ਕਿਸਮਾਂ ਤੇਜ਼ੀ ਨਾਲ ਘਟ ਰਹੀਆਂ ਹਨ, ਜਦੋਂ ਕਿ ਹੋਰ 78 ਕਿਸਮਾਂ ਦੀ ਗਿਣਤੀ ਘਟ ਰਹੀ ਹੈ। ਅੰਕੜੇ ਦੱਸਦੇ ਹਨ ਕਿ ਪੰਛੀਆਂ ਦੀਆਂ 189 ਕਿਸਮਾਂ ਨਾ ਤਾਂ ਘੱਟ ਰਹੀਆਂ ਹਨ ਅਤੇ ਨਾ ਹੀ ਵਧ ਰਹੀਆਂ ਹਨ, ਪਰ ਛੇਤੀ ਹੀ ਇਹ ਖ਼ਤਰੇ ਵਿੱਚ ਪੈ ਸਕਦੀਆਂ ਹਨ। ਇਸ ਅਧਿਐਨ ’ਚ ਪਾਇਆ ਗਿਆ ਕਿ ਰੈਪਟਰਸ ਯਾਨੀ ਕਿ ਝੂਟੇ ਮਾਰ ਕੇ ਸ਼ਿਕਾਰ ਕਰਨ ਵਾਲੇ ਪੰਛੀ ਤੇਜ਼ੀ ਨਾਲ ਘੱਟ ਰਹੇ ਹਨ। ਇਨ੍ਹਾਂ ਵਿੱਚ ਬਾਜ਼, ਉੱਲੂ ਆਦਿ ਸ਼ਾਮਲ ਹਨ। ਸਮੁੰਦਰੀ ਤੱਟ ’ਤੇ ਪਾਏ ਜਾਣ ਵਾਲੇ ਪੰਛੀਆਂ ਅਤੇ ਬੱਤਖਾਂ ਦੀ ਗਿਣਤੀ ਵੀ ਚਿੰਤਾਜਨਕ ਦਰ ਨਾਲ ਘਟ ਰਹੀ ਹੈ। ਵੈਸੇ ਵੀ ਦਰਿਆਵਾਂ ਅਤੇ ਛੱਪੜਾਂ ਵਰਗੇ ਜਲ ਸਰੋਤਾਂ ਦੇ ਕੰਢੇ ਰਹਿਣ ਵਾਲੇ ਪੰਛੀਆਂ ਦੀ ਗਿਣਤੀ ਘਟ ਗਈ ਹੈ। ਇਹ ਖੁਸ਼ੀ ਦੀ ਗੱਲ ਹੈ ਪਰ ਹੈਰਾਨੀ ਵਾਲੀ ਗੱਲ ਵੀ ਹੈ ਕਿ ਏਸ਼ੀਅਨ ਕੋਇਲ ਦੀ ਗਿਣਤੀ ਵਧ ਰਹੀ ਹੈ ਪਰ ਨੀਲਕੰਠ ਸਮੇਤ 14 ਅਜਿਹੇ ਪੰਛੀ ਹਨ, ਜਿਨ੍ਹਾਂ ਦੀ ਗਿਣਤੀ ਘਟਣ ਕਾਰਨ ਉਨ੍ਹਾਂ ਨੂੰ ਆਈਯੂਸੀਐਨ ਦੀ ਰੈੱਡ ਲਿਸਟ ਵਿੱਚ ਸ਼ਾਮਲ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ। ਖ਼ਤਰੇ ਵਿਚ ਪਏ ਜਾਂ ਖ਼ਤਰੇ ਵਿੱਚ ਪਏ ਜਾਨਵਰਾਂ ਨੂੰ ਰੈੱਡ ਲਿਸਟ ਵਿੱਚ ਰੱਖਿਆ ਗਿਆ ਹੈ। ਜੰਗਲਾਂ ਵਿੱਚ ਰਹਿਣ ਵਾਲੇ ਪੰਛੀਆਂ ਜਿਵੇਂ ਕਿ ਲੱਕੜਹਾਰੇ, ਤੋਤੇ, ਮਾਈਨਸ, ਤੋਤੇ ਦੀਆਂ ਕਈ ਕਿਸਮਾਂ ਆਦਿ ਦੀ ਗਿਣਤੀ ਵਿਚ ਗਿਰਾਵਟ ਨੂੰ ਸੰਘਣੇ ਜੰਗਲਾਂ ਵਿਚ ਕਮੀ ਨਾਲ ਜੋੜਿਆ ਜਾ ਰਿਹਾ ਹੈ। ਖੇਤਾਂ ਵਿੱਚ ਪਾਏ ਬਟੇਰ ਅਤੇ ਲਾਵੇ ਦਾ ਘਟਣਾ ਸਪੱਸ਼ਟ ਤੌਰ ’ਤੇ ਫਸਲ ਦੇ ਜ਼ਹਿਰੀਲੇ ਹੋਣ ਕਾਰਨ ਹੈ। ਸਮੁੰਦਰ ਕਿਨਾਰੇ ਪਾਏ ਜਾਣ ਵਾਲੇ ਪਲੋਵਰ ਜਾਂ ਚਿਖਲੀ, ਗੰਗਾ ਉਕਾਬ ਅਤੇ ਪਾਣੀ ਵਿੱਚ ਪਾਏ ਜਾਣ ਵਾਲੇ ਬਤਖਾਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਘਟ ਰਹੀ ਹੈ। ਇਸ ਦਾ ਮੁੱਖ ਕਾਰਨ ਸਮੁੰਦਰ ਅਤੇ ਤੱਟਵਰਤੀ ਖੇਤਰਾਂ ਵਿੱਚ ਪ੍ਰਦੂਸ਼ਣ ਅਤੇ ਬਹੁਤ ਜ਼ਿਆਦਾ ਉਦਯੋਗਿਕ ਅਤੇ ਆਵਾਜਾਈ ਦੀਆਂ ਗਤੀਵਿਧੀਆਂ ਹਨ। ਸੰਘਣੇ ਜੰਗਲਾਂ ਲਈ ਜਾਣੇ ਜਾਂਦੇ ਉੱਤਰ-ਪੂਰਬੀ ਰਾਜਾਂ ਵਿੱਚ ਪੰਛੀਆਂ ਦਾ ਸੰਕਟ ਹੈਰਾਨ ਕਰਨ ਵਾਲਾ ਹੈ। ਇੱਥੇ 66 ਪੰਛੀ ਭਾਈਚਾਰੇ ਲਗਭਗ ਅਲੋਪ ਹੋ ਚੁੱਕੇ ਹਨ। ਇਨ੍ਹਾਂ ਵਿੱਚੋਂ 23 ਅਰੁਣਾਚਲ ਪ੍ਰਦੇਸ਼, 22 ਅਸਾਮ, ਮਨੀਪੁਰ ਵਿੱਚ ਸੱਤ, ਮੇਘਾਲਿਆ ਵਿੱਚ ਤਿੰਨ, ਮਿਜ਼ੋਰਮ ਵਿੱਚ ਚਾਰ, ਨਾਗਾਲੈਂਡ ਵਿੱਚ ਪੰਜ ਅਤੇ ਤ੍ਰਿਪੁਰਾ ਵਿੱਚ ਦੋ ਖ਼ਤਰੇ ਵਾਲੇ ਪੰਛੀਆਂ, ਗ੍ਰੇਟ ਇੰਡੀਅਨ ਬਸਟਰਡ ਜਾਂ ਗੋਦਾਵਨ ਨੂੰ ਖ਼ਤਰੇ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਇੰਟਰਨੈਸ਼ਨਲ ਯੂਨੀਅਨ ਫਾਰ ਕੰਜ਼ਰਵੇਸ਼ਨ ਆਫ ਨੇਚਰ ਦੁਆਰਾ ਪੰਛੀ। 2011 ਵਿੱਚ, ਭਾਰਤੀ ਉਪ ਮਹਾਂਦੀਪ ਦੇ ਖੁਸ਼ਕ ਖੇਤਰਾਂ ਵਿੱਚ ਉਨ੍ਹਾਂ ਦੀ ਗਿਣਤੀ 250 ਸੀ, ਜੋ 2018 ਤੱਕ ਘਟ ਕੇ 150 ਰਹਿ ਗਈ। ਭਾਰਤ ਵਿੱਚ, ਰਾਜਸਥਾਨ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਬਸਟਰਡ ਪਾਏ ਜਾਂਦੇ ਹਨ। ਕਿਉਂਕਿ ਇਹ ਖੁਸ਼ਕ ਖੇਤਰ ਦਾ ਪੰਛੀ ਹੈ, ਇਸ ਲਈ ਜਿਵੇਂ-ਜਿਵੇਂ ਮਾਰੂਥਲ ਖੇਤਰਾਂ ਵਿੱਚ ਸਿੰਚਾਈ ਦਾ ਵਿਸਤਾਰ ਹੋਇਆ, ਇਸ ਦਾ ਖੇਤਰਫਲ ਸੁੰਗੜਦਾ ਗਿਆ। ਫਿਰ ਸਰਕਾਰੀ ਤਜਰਬੇ ਸੜਕਾਂ, ਕਾਰਖਾਨਿਆਂ ਅਤੇ ਬੰਜਰ ਇਲਾਕਿਆਂ ਤੋਂ ਉਨ੍ਹਾਂ ਦੇ ਕੁਦਰਤੀ ਨਿਵਾਸ ਸਥਾਨਾਂ ਨੂੰ ਹਰਿਆਲੀ ਵਿੱਚ ਤਬਦੀਲ ਕਰਨ ਲਈ ਸ਼ੁਰੂ ਕੀਤੇ ਗਏ, ਨਤੀਜਾ ਇਹ ਹੋਇਆ ਕਿ ਇਸ ਪੰਛੀ ਨੂੰ ਆਪਣੇ ਆਂਡੇ ਦੇਣ ਦੀ ਥਾਂ ਵੀ ਨਹੀਂ ਬਚੀ। ਫਿਰ ਇਸ ਦਾ ਸ਼ਿਕਾਰ ਹੋ ਗਿਆ। ਉਨ੍ਹਾਂ ਦੀ ਵੀ ਜੰਗਲ ’ਚ ਹਾਈ ਟੈਂਸ਼ਨ ਪਾਵਰ ਲਾਈਨਾਂ ’ਚ ਫਸ ਕੇ ਮੌਤ ਹੋ ਗਈ। ਕਾਰਬੇਟ ਫਾਊਂਡੇਸ਼ਨ ਨੇ ਕਈ ਕੇਸਾਂ ਦਾ ਦਸਤਾਵੇਜ਼ੀਕਰਨ ਕੀਤਾ ਹੈ ਜਿੱਥੇ ਬਿਜਲੀ ਦੀਆਂ ਲਾਈਨਾਂ ਬਸਟਰਡ ਦੇ ਨਿਵਾਸ ਸਥਾਨਾਂ ਅਤੇ ਉਹਨਾਂ ਦੇ ਪ੍ਰਵਾਸ ਰੂਟਾਂ ਵਿੱਚ ਬਣਾਈਆਂ ਗਈਆਂ ਹਨ। ਉਹਨਾਂ ਦੇ ਭਾਰੀ ਭਾਰ ਅਤੇ ਇੱਧਰ-ਉੱਧਰ ਜਾਣ ਲਈ ਸੀਮਤ ਥਾਂ ਦੇ ਕਾਰਨ, ਬਸਟਰਡਾਂ ਨੂੰ ਇਹਨਾਂ ਬਿਜਲੀ ਦੀਆਂ ਲਾਈਨਾਂ ਤੋਂ ਬਚਣ ਵਿੱਚ ਮੁਸ਼ਕਲ ਆਉਂਦੀਹੈ ਅਤੇ ਅਕਸਰ ਬਿਜਲੀ ਦਾ ਕਰੰਟ ਲੱਗ ਜਾਂਦਾ ਹੈ।

(ਬਾਕੀ ਸਫ਼ਾ 31 ’ਤੇ)







# ਖੇਤੀਬਾੜੀ, ਉਦਯੋਗ, ਜੰਗਲਾਤ ਅਤੇ ਪੁਲਿਸਿੰਗ ਵਿੱਚ ਡਰੋਨ ਤਕਨਾਲੋਜੀ ਦੀ ਅਹਿਮ ਭੂਮਿਕਾ

ਪ੍ਰੋ. ਬਲਵਿੰਦਰ ਸਿੰਘ

**ਭੂਮਿਕਾ** : ਡਰੋਨ ਇੱਕ ਮਨੁੱਖ-ਰਹਿਤ ਏਅਰਕਰਾਫਟ ਹੁੰਦਾ ਹੈ, ਜਿਸ ਵਿੱਚ ਕੋਈ ਮਨੁੱਖੀ ਪਾਇਲਟ, ਕਰਿਊ (ਅਮਲਾ) ਭਾਵ ਯਾਤਰੀ ਨਹੀਂ ਹੁੰਦੇ। ਡਰੋਨ ਦਾ ਆਕਾਰ ਖਿਡੌਣੇ ਹੈਲੀਕਾਪਟਰ ਵਰਗਾ ਹੁੰਦਾ ਹੈ। ਡਰੋਨਾਂ ਨੂੰ ਆਮ ਕਰਕੇ ਅਨਮੈਨਡ ਏਰੀਅਲ ਵਹੀਕਲਜ਼ (ਯੂਏਵੀਜ਼) ਜਾਂ ਅਨਮੈਨਡ ਏਅਰਕਰਾਫਟ ਸਿਸਟਮ ਕਹਿੰਦੇ ਹਨ। ਅਸਲ ਵਿੱਚ, ਡਰੋਨ ਇੱਕ ਉੱਡਣ ਵਾਲਾ ਰੋਬੋਟ ਹੁੰਦਾ ਹੈ ਜਿਸ ਨੂੰ ਪਾਇਲਟ ਦੁਆਰਾ ਰਿਮੋਟ ਨਾਲ ਦੂਰੋਂ ਕੰਟਰੋਲ ਕੀਤਾ ਜਾ ਸਕਦਾ ਹੈ ਜਾਂ ਇਸ ਦੇ ਅੰਦਰਲੇ ਸਿਸਟਮ ਵਿੱਚ ਲੱਗੇ ਸਾਫਟਵੇਅਰ ਨਾਲ ਕੰਟਰੋਲ ਕੀਤੇ ਫਲਾਈਟ ਪਲੇਨਸ ਦੀ ਮਦਦ ਨਾਲ ਆਪਣੇ ਆਪ ਉੱਡ ਸਕਦਾ ਹੈ, ਜਿਹੜੇ ਆਨਬੋਰਡ ਸੈਂਸਰਜ਼ ਅਤੇ ਗਲੋਬਲ ਪੁਜ਼ੀਸ਼ਨਿੰਗ ਸਿਸਟਮ (ਜੀਪੀਐਸ) ਨਾਲ ਕੰਮ ਕਰਦੇ ਹਨ।

**ਖੋਜ** : ਅਬਰਾਹਮ ਈ. ਕਾਰੇਮ ਨੂੰ ਅਨਮੈਨਡ ਏਰੀਅਲ ਵਹੀਕਲਜ਼ ਯਾਨੀ ਮਨੁੱਖ-ਰਹਿਤ ਹਵਾਈ ਵਾਹਨ, ਯੂਏਵੀ (ਡਰੋਨ) ਤਕਨਾਲੋਜੀ ਦਾ ਪਿਤਾਮਾ ਕਿਹਾ ਜਾਂਦਾ ਹੈ। ਉਸ ਦਾ ਜਨਮ 27 ਜੂਨ 1937 ਨੂੰ ਬਗਦਾਦ, ਇਰਾਕ ਵਿੱਚ ਹੋਇਆ। ਕੁਝ ਸਾਲਾਂ ਬਾਅਦ ਉਸ ਦਾ ਪਰਿਵਾਰ ਇਜ਼ਰਾਈਲ ਚਲਾ ਗਿਆ ਜਿੱਥੇ ਉਹ ਵੱਡਾ ਹੋਇਆ ਅਤੇ ਉੱਚ ਵਿੱਦਿਆ ਪ੍ਰਾਪਤ ਕੀਤੀ। ਬਚਪਨ ਤੋਂ ਹੀ ਉਸ ਦੀ ਦਿਲਚਸਪੀ ਵਿਗਿਆਨ ਅਤੇ ਤਕਨਾਲੋਜੀ ਵਿੱਚ ਸੀ। 14 ਸਾਲ ਦੀ ਉਮਰ ਵਿੱਚ ਹੀ ਉਸ ਨੇ ਏਅਰਕਰਾਫਟ ਮਾਡਲ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਉਸ ਨੇ ਟੈਕਨੀਆਨ-ਇਜ਼ਰਾਈਲ ਇੰਸਟੀਚਿਊਟ ਆਫ਼ ਟੈਕਨਾਲੋਜੀ ਤੋਂ ਏਅਰੋਨੋਟੀਕਲ ਇੰਜੀਨੀਅਰਿੰਗ ਵਿਚ ਗ੍ਰੈਜੂਏਸ਼ਨ ਪਾਸ ਕੀਤੀ। ਉਸ ਨੇ ਪਹਿਲਾ ਡਰੋਨ ਵਿਸ਼ਵ ਯੁੱਧ ਸਮੇਂ ਇਜ਼ਰਾਈਲੀ ਏਅਰ ਫੋਰਸ ਵਾਸਤੇ ਤਿਆਰ ਕੀਤਾ। ਐਂਬਰ ਉਸ ਦਾ ਪਹਿਲਾ ਸਭ ਤੋਂ ਵੱਧ ਸੰਵੇਦਨਸ਼ੀਲ ਡਰੋਨ ਸੀ। ਐਂਬਰ ਦੀ ਖੋਜ ਕਾਰਨ ਉਸ ਨੂੰ ਡਰੋਨ ਦਾ ਪਿਤਾਮਾ ਕਿਹਾ ਜਾਂਦਾ ਹੈ।

**ਸਿਧਾਂਤ** : ਡਰੋਨ ਦੇ ਹੇਠਲੇ ਪਾਸੇ ਉੱਚ ਫਲਿਊਡ ਦਬਾਅ ਅਤੇ ਪ੍ਰੋਪੈਲਰ ਦੇ ਸਿਖ਼ਰ ’ਤੇ ਘੱਟ ਦਬਾਅ ਉਤਾਂਹ ਵੱਲ ਬਲ ਪੈਦਾ ਕਰਦਾ ਹੈ ਜਿਸ ਨੂੰ ਲਿਫਟ ਕਿਹਾ ਜਾਂਦਾ ਹੈ। ਇਹ ਲਿਫਟ ਡਰੋਨ ਜਾਂ ਜਹਾਜ਼ ਦੇ ਭਾਰ ਨੂੰ ਚੁੱਕਣ ਲਈ ਜ਼ਿੰਮੇਵਾਰ ਹੁੰਦੀ ਹੈ। ਇਹ ਲਿਫਟ ਏਅਰਫਾਈਲ ਜਾਂ ਪ੍ਰੋਪੈਲਰ ਦੇ ਝੁਕਾਅ ’ਤੇ ਨਿਰਭਰ ਕਰਦੀ ਹੈ।

**ਮੁੱਖ ਭਾਗ** : ਡਰੋਨ ਵਿੱਚ ਬਹੁਤ ਯੰਤਰ ਲੱਗੇ ਹੁੰਦੇ ਹਨ ਜਿਵੇਂ ਇਲੈੱਕਟ੍ਰਾਨਿਕ ਸਪੀਡ ਕੰਟਰੋਲਰ, ਫਲਾਈਟ ਕੰਟਰੋਲਰ, ਜੀਪੀਐਸ ਮਡਿਊਲ, ਬੈਟਰੀ, ਐਨਟੀਨਾ, ਰਿਸੀਵਰ, ਕੈਮਰੇ, ਸੈਂਸਰਜ਼, ਐਕਸਲਰੋਮੀਟਰ (ਸਪੀਡ ਮਾਪਕ), ਐਲਟੀਮੀਟਰ (ਉਚਾਈ ਮਾਪਕ) ਆਦਿ।

**ਕਿਸਮਾਂ** : ਡਰੋਨ ਕਈ ਕਿਸਮਾਂ ਦੇ ਹੁੰਦੇ ਹਨ ਜਿਵੇਂ ਮਲਟੀ ਰੋਟਰ, ਫਿਕਸਡ ਵਿੰਗ, ਸਿੰਗਲ ਰੋਟਰ, ਹਾਈਬ੍ਰਿਡ ਵੀਟੀਓਐੱਲ ਆਦਿ।

ਕਾਰਜ ਵਿਧੀ : ਡਰੋਨ ਦੇ ਦੋ ਮੁਢਲੇ ਕਾਰਜ ਹੁੰਦੇ ਹਨ-ਫਲਾਈਟ ਮੋਡ ਅਤੇ ਨੇਵੀਗੇਸ਼ਨ। ਉੱਡਣ ਵਾਸਤੇ ਡਰੋਨ ਕੋਲ ਪਾਵਰ ਸ੍ਰੋਤ ਜਿਵੇਂ ਬੈਟਰੀ ਜਾਂ ਫਿਊਲ ਹੋਣਾ ਲਾਜ਼ਮੀ ਹੈ। ਇਨ੍ਹਾਂ ਵਿੱਚ ਰੋਟਰ, ਪ੍ਰੋਪੈਲਰ ਅਤੇ ਫਰੇਮ ਹੁੰਦਾ ਹੈ। ਡਰੋਨ ਦਾ ਫਰੇਮ ਹਲਕੇ ਕੰਪੋਸਟ ਮੈਟੀਰੀਅਲ ਦਾ ਬਣਿਆ ਹੁੰਦਾ ਹੈ। ਡਰੋਨ ਵਿੱਚ ਕੰਟਰੋਲਰ ਹੁੰਦਾ ਹੈ ਤਾਂ ਜੋ ਆਪ੍ਰੇਟਰ ਲਾਂਚ, ਨੇਵੀਗੇਟ ਅਤੇ ਲੈਂਡ ਕਰਵਾ ਸਕੇ।

ਗੈਸ ਨਾਲ ਚੱਲਣ ਵਾਲੇ ਡਰੋਨ ਵਿੱਚ ਅੰਦਰੂਨੀ ਦਾਹਣ ਇੰਜਣ ਅਤੇ ਫਿਊਲ ਟੈਂਕ ਹੁੰਦਾ ਹੈ। ਹਾਈਡਰੋਜਨ ਆਮ ਵਰਤਿਆ ਜਾਂਦਾ ਬਾਲਣ ਹੈ। ਆਕਸੀਜਨ ਹਵਾ ’ਚੋਂ ਲੈਂਦਾ ਹੈ। ਡਰੋਨ ’ਚ ਸਭ ਤੋਂ ਵੱਧ ਵਰਤਿਆ ਜਾਂਦਾ ਫਿਊਲ (ਬਾਲਣ) ਸੈੱਲ ਪ੍ਰੋਟੋਨ ਐਕਸਚੇਂਜ ਮੈਂਬਰੇਨ (ਪੀਈਐਮ) ਹੈ।

**ਉਪਯੋਗ** : ਡਰੋਨ ਦੀ ਵਰਤੋਂ ਉਥੇ ਬਹੁਤ ਹੀ ਲਾਹੇਵੰਦ ਹੁੰਦੀ ਹੈ ਜਿੱਥੇ ਮਨੁੱਖੀ ਜਾਨ ਨੂੰ ਖ਼ਤਰਾ ਹੋਵੇ। ਡਰੋਨਾਂ ਦੇ ਹਰ ਖੇਤਰ ਵਿਚ ਅਨੇਕਾਂ ਉਪਯੋਗ ਹਨ। ਰੱਖਿਆ ਖੇਤਰ ਤੋਂ ਲੈ ਕੇ ਖੇਤੀਬਾੜੀ, ਉਦਯੋਗ, ਜੰਗਲਾਤ ਅਤੇ ਪੁਲਿਸਿੰਗ ਵਿਚ ਡਰੋਨ ਤਕਨਾਲੋਜੀ ਅਹਿਮ ਭੂਮਿਕਾ ਨਿਭਾ ਰਹੀ ਹੈ।



* ਫ਼ੌਜ ਵਲੋਂ ਸਰਹੱਦ ’ਤੇ ਘੁਸਪੈਠ ਦੀ ਨਿਗਰਾਨੀ ਰੱਖਣ ਲਈ, ਜੰਗਲਾਂ ਵਿੱਚ ਲੁਕੇ ਅੱਤਵਾਦੀਆਂ ਦਾ ਪਤਾ ਲਗਾਉਣ ਲਈ ਡਰੋਨ ਦੀ ਵਰਤੋਂ ਕੀਤੀ ਜਾਂਦੀ ਹੈ। ਡਰੋਨ ਦੀ ਮਦਦ ਨਾਲ ਉਨ੍ਹਾਂ ਖੇਤਰਾਂ ਵਿੱਚ ਨਿਗਰਾਨੀ ਸੰਭਵ ਹੁੰਦੀ ਹੈ, ਜਿੱਥੇ ਸਿਪਾਹੀ ਸੁਰੱਖਿਅਤ ਪਹੁੰਚ ਨਹੀਂ ਸਕਦੇ। ਅਪਹੁੰਚ ਮਿਲਟਰੀ ਬੇਸ ’ਤੇ ਤੁਰੰਤ ਦਵਾਈਆਂ ਵਗੈਰਾ ਭੇਜਣ ਵਿੱਚ ਵੀ ਡਰੋਨ ਕੰਮ ਆਉਂਦਾਹੈ।

* ਖੇਤੀ ਖੇਤਰ ਵਿੱਚ ਡਰੋਨ ਤਕਨੀਕ ਦੀ ਵਰਤੋਂ ਕ੍ਰਾਂਤੀਕਾਰੀ ਨਤੀਜੇ ਲਿਆਉਣ ਵਿਚ ਸਮਰੱਥ ਹੈ। ਦੇਸ਼ ਦੀ ਖੇਤੀ ਵਿਵਸਥਾ ਵਿੱਚ ਡਰੋਨ ਤਕਨੀਕ ਨਾ ਸਿਰਫ ਫ਼ਸਲ ਦੀ ਗੁਣਵੱਤਾ ਵਧਾਉਣ ਵਿਚ ਸਗੋਂ ਗੜ੍ਹੇਮਾਰੀ ਅਤੇ ਹੜ੍ਹ ਦੀ ਆਫ਼ਤ ਵਿਚ ਨੁਕਸਾਨ ’ਚ ਗਿਰਦਾਵਰੀ ਅਤੇ ਬੀਮਾ ਦਾਅਵਿਆਂ ਨਾਲ ਨਜਿੱਠਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ। ਡਰੋਨ ਤਕਨੀਕ ਦਰਅਸਲ ਕਿਸਾਨਾਂ ਦੀ ਸਭ ਤੋਂ ਵੱਡੀ ਮਿੱਤਰ ਤਕਨੀਕ ਸਾਬਤ ਹੋ ਰਹੀ ਹੈ। ਕਿਸਾਨਾਂ ਲਈ ਡਰੋਨ ਬਹੁਤ ਉਪਯੋਗੀ ਹੁੰਦੇ ਹਨ। ਡਰੋਨ ਦੀ ਵਰਤੋਂ ਨਾਲ ਘੱਟ ਸਮੇਂ ਵਿੱਚ ਜ਼ਿਆਦਾ ਖੇਤਰ ਵਿੱਚ ਰਸਾਇਣਕ ਖਾਦਾਂ, ਮਾਈਕ੍ਰੋਨਿਊਟਰੀਐਂਟਸ, ਨੈਨੋ ਯੂਰੀਆ ਅਤੇ ਕੀਟਨਾਸ਼ਕ ਦਵਾਈਆਂ ਦਾ ਆਸਾਨੀ ਨਾਲ ਛਿੜਕਾਅ ਕੀਤਾ ਜਾ ਸਕਦਾ ਹੈ। ਡਰੋਨ ਦੀ ਮਦਦ ਨਾਲ ਬਿਜਾਈ ਲਈ ਬੀਜ ਨੂੰ ਛਿੜਕਾਅ ਕਰ ਕੇ ਖੇਤ ਵਿੱਚ ਖਿਲਾਰਨ ਦਾ ਕੰਮ ਕੀਤਾ ਜਾ ਸਕਦਾ ਹੈ। ਡਰੋਨ ਦੀ ਮੱਦਦ ਨਾਲ ਖੇਤ ਦੀ ਰਾਖੀ ਦਾ ਕੰਮ ਵੀ ਕੀਤਾ ਜਾ ਸਕਦਾ ਹੈ। ਡਰੋਨ ਦੀ ਵਰਤੋਂ ਨਾਲ ਘੱਟ ਮਿਹਨਤ ਅਤੇ ਘੱਟ ਸਮੇਂ ਵਿੱਚ ਜ਼ਿਆਦਾ ਕੰਮ ਕੀਤਾ ਜਾ ਸਕੇਗਾ।



ਡਰੋਨ ਦੀ ਮਦਦ ਨਾਲ ਖੇਤੀ ਲਾਗਤਾਂ ਨੂੰ ਘਟਾਇਆ ਜਾ ਸਕਦਾ ਹੈ। ਡਰੋਨ ਨਾਲ ਫ਼ਸਲਾਂ ਦੀ ਡੂੰਘੀ ਜਾਂਚ, ਕੀਟਨਾਸ਼ਕਾਂ ਦੀ ਸਹੀ ਵਰਤੋਂ ਅਤੇ ਫ਼ਸਲਾਂ ਦੀ ਸਿਹਤ, ਬਿਮਾਰੀ, ਖਾਦ ਦੀ ਮਾਤਰਾ, ਫ਼ਸਲ ਵੱਢਣ ਦੇ ਸਹੀ ਸਮੇਂ ਬਾਰੇ ਵੀ ਪਤਾ ਲੱਗ ਜਾਂਦਾ ਹੈ। ਇਸ ਨਾਲ ਪੈਦਾਵਾਰ ਅਤੇ ਪੋਸ਼ਣ ਵਧਾਉਣ ਵਿੱਚ ਮਦਦ ਮਿਲਦੀ ਹੈ। ਪਹਿਲਾਂ ਖੇਤੀ ਉਪਗ੍ਰਹਿਆਂ ਰਾਹੀਂ ਭੇਜੀਆਂ ਤਸਵੀਰਾਂ ’ਤੇ ਨਿਰਭਰ ਹੁੰਦੀ ਸੀ ਪੰਤੂ ਹੁਣ ਡਰੋਨ ਨਾਲ ਕੰਮ ਆਸਾਨ ਹੋ ਗਿਆ ਹੈ।

* ਡਰੋਨ ਤਕਨਾਲੋਜੀ ਨੂੰ ਕਾਨੂੰਨ ਵਿਵਸਥਾ ਕਾਇਮ ਰੱਖਣ ਵਿੱਚ ਵੀ ਵਰਤਿਆ ਜਾਂਦਾ ਹੈ।

* ਆਫ਼ਤਾਂ ਪ੍ਰਬੰਧਨ ਵਿਚ ਡਰੋਨ ਤਕਨਾਲੋਜੀ ਦੀ ਵਰਤੋਂ ਹੁੰਦੀ ਹੈ।

* ਬਿਜਲੀ ਘਰਾਂ ਦੀਆਂ ਹਾਈ ਟੈਂਸ਼ਨ ਤਾਰਾਂ ’ਤੇ ਡਰੋਨ ਉਡਾਉਣ ਅਤੇ ਉਨ੍ਹਾਂ ਦੀ ਵੀਡੀਓਗਰਾਫ਼ੀ ਅਤੇ ਫ਼ੋਟੋਗਰਾਫ਼ੀ ਤੋਂ ਨੁਕਸ ਦੀ ਸਥਿਤੀ ਦਾ ਪਤਾ ਲੱਗ ਜਾਂਦਾ ਹੈ ਜਿਸ ਨੂੰ ਜਲਦੀ ਠੀਕ ਕੀਤਾ ਜਾ ਸਕਦਾ ਹੈ। ਪਹਿਲਾਂ ਮੈਨੂਅਲ ਢੰਗ ਨਾਲ ਕੇਬਲਾਂ ਦੀ ਜਾਂਚ ਕਰਨ ਲਈ ਕਈ ਕਿਲੋਮੀਟਰ ਦਾ ਸਫਰ ਪੈਦਲ ਹੀ ਤੈਅ ਕਰਨਾ ਪੈਂਦਾ ਸੀ। ਡਰੋਨ ਦੀ ਵਰਤੋਂ ਨਾਲ ਸਮੇਂ ਦੀ ਬੱਚਤ ਹੁੰਦੀ ਹੈ ਅਤੇ ਸਮੱਸਿਆ ਦਾ ਹੱਲ ਵੀ ਛੇਤੀ ਹੋ ਜਾਂਦਾ ਹੈ।

* ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਦਵਾਈਆਂ ਭੇਜਣ ਲਈ ਡਰੋਨ ਦੀ ਵਰਤੋਂ ਬਹੁਤ ਲਾਹੇਵੰਦ ਹੁੰਦੀ ਹੈ। ਦੂਰ-ਦੁਰੇਡੇ ਦੇ ਖੇਤਰਾਂ ਵਿਚ ਡਰੋਨ ਰਾਹੀਂ ਖ਼ੂਨ ਦੀਆਂ ਥੈਲੀਆਂ ਦੀ ਸਪਲਾਈ ਕੀਤੀ ਜਾ ਸਕਦੀ ਹੈ। ਇਸ ਆਧੁਨਿਕ ਤਰੀਕੇ ਨਾਲ ਮਰੀਜ਼ਾਂ ਦੀ ਸਮੇਂ ਸਿਰ ਮੱਦਦ ਸੰਭਵ ਹੁੰਦੀ ਹੈ।

* ਬਾਗਬਾਨੀ, ਸਿਹਤ, ਸੜਕੀ ਸਤ੍ਹਾ ਦੀ ਜਾਂਚ, ਟੂਰਿਸਟਾਂ ਦੀ ਹਲਚਲ, ਗ਼ੈਰਕਾਨੂੰਨੀ ਮਾਈਨਿੰਗ, ਰੁੱਖਾਂ ਦੀ ਕਟਾਈ ਦੀ ਜਾਂਚ, ਬਰਫ਼ ਵਾਲੇ ਖੇਤਰਾਂ ਵਿਚ ਸਰਵੇਖਣ, ਟ੍ਰੈਫਿਕ ਮੋਨੀਟਰਿੰਗ, ਮੌਸਮ ਦੀ ਭਵਿੱਖਬਾਣੀ, ਵਾਤਾਵਰਣ ਮੋਨੀਟਰਿੰਗ, ਰਿਵਰ ਮੋਨੀਟਰਿੰਗ, ਜੰਗਲਾਤ ਸੁਰੱਖਿਆ, ਅੱਗ ਬਝਾਉਣ, ਨਿੱਜੀ ਵਰਤੋਂ, ਡਰੋਨ ਆਧਾਰਿਤ ਏਰੀਅਲ ਫ਼ੋਟੋਗਰਾਫੀ, ਵੀਡੀਓਗਰਾਫ਼ੀ, ਫ਼ਿਲਮ ਨਿਰਮਾਣ, ਡਲਿਵਰੀ (ਵੰਡ) ਸੇਵਾਵਾਂ, ਜੰਗਲੀ ਜੀਵਨ ਮੋਨੀਟਰਿੰਗ, ਹੈਲਥਕੇਅਰ, ਉਸਾਰੀ ਪ੍ਰਾਜੈਕਟ ਸਰਵੇਖਣ, ਹਵਾ ਜਾਂ ਪਾਣੀ ਦੀ ਗੁਣਵੱਤਾ ਪੜ੍ਹਤਾਂ ਲੈਣ, ਖੇਡ ਈਵੈਂਟ ਫੁਟੇਜ ਕਵਰ ਕਰਨ ਲਈ, ਬਾਹਰੀ ਪੁਲਾੜ, ਵਿਗਿਆਨਕ ਖੋਜ, ਜ਼ਮੀਨ ਅਤੇ ਘਰਾਂ ਦਾ ਸਰਵੇਖਣ, ਛੁਪੇ ਖੇਤਰ ਦੀ ਪੜਤਾਲ ਵਿਚ ਵੀ ਡਰੋਨ ਬਹੁਤ ਉਪਯੋਗੀ ਹੁੰਦਾ ਹੈ।

ਕੇਰਲ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਦੇ ਕੋਲ ਸੂਬੇ ਦੇ ਸਾਰੇ ਜ਼ਿਲ੍ਹਿਆਂ ’ਚ ਡਰੋਨ ਨਿਗਰਾਨੀ ਪ੍ਰਣਾਲੀ ਹੈ।

**ਭਵਿੱਖ** : ਭਾਰਤ ਵਿੱਚ ਡਰੋਨ ਦੀ ਵਰਤੋਂ ਨੂੰ ਤੇਜ਼ੀ ਨਾਲ ਹੁਲਾਰਾ ਦਿੱਤਾ ਜਾ ਰਿਹਾ ਹੈ। ਭਾਰਤ ਸੰਨ 2030 ਤੱਕ ਡਰੋਨ ਤਕਨਾਲੋਜੀ ਦਾ ਕੇਂਦਰ (ਹੱਬ) ਅਤੇ ਦੁਨੀਆ ਦੀ ਤੀਜੀ ਵੱਡੀ ਡਰੋਨ ਮਾਰਕੀਟ ਬਣ ਜਾਵੇਗਾ। ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਅਨੁਸਾਰ ਸਾਲ 2025 ਤੱਕ 1 ਲੱਖ ਡਰੋਨ ਪਾਇਲਟਾਂ ਦੀ ਲੋੜ ਪਵੇਗੀ। ਡਰੋਨ ਫਲਾਈਂਗ ਟ੍ਰੇਨਿੰਗ ਸਕੂਲ ਖੋਲ੍ਹੇ ਜਾ ਰਹੇ ਹਨ। ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਡਰੋਨ ਤਕਨੀਸ਼ੀਅਨ ਦੇ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ। ਖੇਤੀ ਬਾੜੀ ਵਿੱਚ ਡਰੋਨ ਦੀ ਵਰਤੋਂ ਨਾਲ ਪੇਂਡੂ ਖੇਤਰਾਂ ਵਿਚ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵਧਣਗੇ। ਖੇਤੀ ਖੇਤਰ ਵਿਚ ਸਹਿਕਾਰਤਾ ਅੰਦੋਲਨ ਤੋਂ ਬਾਅਦ ਡ੍ਰੋਨ ਕ੍ਰਾਂਤੀ ਨੇ ਵੀ ਨੌਜਵਾਨਾਂ ਦੀਆਂ ਉਮੀਦਾਂ ਨੂੰ ਜਗਾ ਦਿੱਤਾ ਹੈ। ਦੋ ਸਾਲਾਂ ਦੌਰਾਨ ਦੇਸ਼ ਵਿੱਚ ਘੱਟੋ ਘੱਟ ਇੱਕ ਲੱਖ ਖੇਤੀ ਡਰੋਨ ਪਾਇਲਟਾਂ ਦੀ ਜ਼ਰੂਰਤ ਪਵੇਗੀ ਕਿਉਂਕਿ ਖਾਦਾਂ ਦੇ ਤਰਲ ਰੂਪ ਦੀ ਤੇਜ਼ੀ ਨਾਲ ਵਰਤੋਂ ਵਧ ਰਹੀ ਹੈ। ਇਸ ਲਈ ਵੱਡੀ ਗਿਣਤੀ ਵਿੱਚ ਰਿਮੋਟ ਸਿੱਖੇ ਹੋਏ ਪਾਇਲਟਾਂ ਦੀ ਲੋੜ ਪਵੇਗੀ। ਖੇਤੀ ਡਰੋਨ ਸਿਖਲਾਈ ਕੇਂਦਰ ਖੋਲ੍ਹੇ ਜਾ ਰਹੇ ਹਨ ਅਤੇ ਇਸ ਖੇਤਰ ਵਿਚ ਰੁਜ਼ਗਾਰ ਵਧ ਰਿਹਾ ਹੈ। ਨਾਮੀ ਕੰਪਨੀਆਂ ਡਰੋਨ ਤਿਆਰ ਕਰ ਰਹੀਆਂ ਹਨ।

ਰੱਖਿਆ ਖੋਜ ਵਿਕਾਸ ਸੰਗਠਨ (ਡੀ.ਆਰ.ਡੀ.ਓ) ਨੇ ਭਾਰਤੀ ਸੈਨਾ ਲਈ ਪਹਿਲਾ ਡਰੋਨ ਯੂਏਵੀ ‘ਨਿਸ਼ਾਂਤ’ ਡਿਜ਼ਾਈਨ ਕੀਤਾ ਸੀ। ਭਾਰਤ ਵਿੱਚ ਇਨ੍ਹਾਂ ਦੀ ਵਰਤੋਂ ਡਾਇਰੈਕਟਰ ਜਨਰਲ ਸਿਵਲ ਏਵੀਏਸ਼ਨ (ਡੀਜੀਸੀਏ) ਅਧੀਨ ਹੁੰਦੀ ਹੈ। ਇਸ ਨੇ ਪਹਿਲੀ ਉਡਾਨ 1995 ਵਿਚ ਭਰੀ ਸੀ। ਘਟਕ ਨਵਾਂ ਵਿਕਸਿਤ ਡਰੋਨ ਹੈ।

ਵਰੁਨਾ ਭਾਰਤ ਦਾ ਪਹਿਲਾ ਯਾਤਰੂ ਡਰੋਨ ਹੈ। ਇਹ 130 ਕਿਲੋਗ੍ਰਾਮ ਭਾਰ ਚੁੱਕ ਸਕਦਾ ਹੈ। ਇਸ ਦੀ ਰੇਂਜ 25-30 ਕਿਲੋਮੀਟਰ ਹੈ।

**ਦੁਰਵਰਤੋਂ**

ਡਰੋਨ ਅਗਵਾ ਜਾਂ ਮੈਨੀਪੁਲੇਟ ਹੋ ਸਕਦੇ ਹਨ। ਹਵਾਈ ਅੱਡਿਆਂ/ਮਿਲਟਰੀ ਖੇਤਰਾਂ ’ਚ ਘੁਸ ਸਕਦੇ ਹਨ। ਤਸਕਰ ਹਥਿਆਰਾਂ ਜਾਂ ਨਸ਼ਿਆਂ ਦੀ ਤਸਕਰੀ ਲਈ ਡਰੋਨਾਂ ਦੀ ਵਰਤੋਂ ਕਰਦੇ ਹਨ। ਡਰੋਨ ਹਮਲੇ ਕਾਰਨ ਨੁਕਸਾਨ ਹੁੰਦਾ ਹੈ।

# ਪੰਜਾਬੀ ਪਰਵਾਸੀਆਂ ਦੇ ਝੰਡੇ ਕਦੋਂ ਤੱਕ ਝੂਲਣਗੇ ?



ਗੁਰਬਚਨ ਸਿੰਘ ਭੁੱਲਰ

ਇਸ ਗੱਲ ਦਾ ਬੜਾ ਮਾਣ ਕੀਤਾ ਜਾਂਦਾ ਹੈ ਕਿ ਸਾਡੇ ਪੰਜਾਬੀ ਦੁਨੀਆ ਦੇ ਬਹੁਤੇ ਦੇਸ਼ਾਂ ਵਿੱਚ ਪਹੁੰਚੇ ਹੋਏ ਹਨ ਅਤੇ ਉਹ ਜਿੱਥੇ ਵੀ ਜਾਂਦੇ ਹਨ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਆਪਣੇ ਨਾਲ ਲੈ ਕੇ ਜਾਂਦੇ ਹਨ। ਇੱਕ ਟੋਟਕਾ ਮਸ਼ਹੂਰ ਹੈ ਕਿ ਜਦੋਂ ਅਮਰੀਕੀ ਪੁਲਾੜ-ਯਾਤਰੀ ਚੰਦ ਉੱਤੇ ਪਹੁੰਚਣ ਵਾਲੇ ਪਹਿਲੇ ਮਨੁੱਖ ਹੋਣ ਦੇ ਦਾਅਵੇ ਨਾਲ ਉੱਤਰੇ, ਅੱਗੇ ਇੱਕ ਪੰਜਾਬੀ ਆਪਣੇ ਛੱਪਰ ਦੇ ਮੱਥੇ ਉੱਤੇ ਗੁਰਮੁਖੀ ਵਿੱਚ 'ਸ਼ੇਰੇ ਪੰਜਾਬ ਢਾਬਾ' ਲਿਖ ਕੇ ਬੈਠਾ ਪਕੌੜੇ ਤਲ਼ ਰਿਹਾ ਸੀ। ਕਿਹਾ ਜਾਂਦਾ ਹੈ, ਪੰਜਾਬੀ ਪਰਵਾਸੀਆਂ ਨੇ ਹਰ ਥਾਂ ਪੰਜਾਬੀਅਤ ਦੇ ਝੰਡੇ ਗੱਡ ਦਿੱਤੇ ਹਨ ਅਤੇ ਕਈ ਦੇਸ਼ਾਂ ਵਿੱਚ ਇਹਨੂੰ ਸਰਕਾਰੀ ਮਾਨਤਾ ਦੁਆ ਲਈ ਹੈ। ਉੱਥੇ ਉਹ, ਭਾਵੇਂ ਗੁਰਦੁਆਰਿਆਂ ਵਿੱਚ ਹੀ ਸਹੀ, ਅਗਲੀ ਪੀੜ੍ਹੀ ਨੂੰ ਪੰਜਾਬੀ ਪੜ੍ਹਾ ਰਹੇ ਹਨ। ਅਨੇਕ ਲੇਖਕ ਪੰਜਾਬੀ ਸਾਹਿਤ ਰਚ ਰਹੇ ਹਨ ਤੇ ਵੱਡੇ-ਵੱਡੇ ਸਾਹਿਤਕ ਸਮਾਗਮ ਹੁੰਦੇ ਹਨ। ਇਉਂ ਪੰਜਾਬੀ ਤਾਂ ਹੁਣ ਕੌਮਾਂਤਰੀ ਭਾਸ਼ਾ ਬਣ ਗਈ ਹੈ। ਇਹ ਗੱਲ ਆਮ ਕਰ ਕੇ ਸੋਚੀ ਹੀ ਨਹੀਂ ਜਾਂਦੀ ਕਿ ਇਹ ਸਭ ਕੁਛ ਕਿਹੜੇ ਪੰਜਾਬੀ ਕਰ ਰਹੇ ਹਨ! ਸ਼ਬਦ 'ਕੌਮਾਂਤਰੀ' ਨੂੰ ਵੀ ਕਈ ਪੰਜਾਬੀ ਦੱਬ-ਘੁੱਟ ਕੇ ਆਪਣੀ ਸੋਚ ਦੇ ਮੇਚ ਦਾ ਕਰ ਲੈਂਦੇ ਹਨ। ਇੱਕ ਵਾਰ ਕਿਸੇ ਨੇ ਕਿਸੇ ਨੂੰ 'ਕੌਮਾਂਤਰੀ ਕਵੀਸ਼ਰ' ਲਿਖਿਆ। ਮੈਂ ਪੁੱਛਿਆ, ਉਹ ਕੀ ਹੁੰਦਾ ਹੈ? ਉੱਤਰ ਮਿਲਿਆ, ਇਹ ਇੱਕ ਵਾਰ ਪਾਕਿਸਤਾਨ ਵਿੱਚ ਕਵੀਸ਼ਰੀ ਗਾ ਆਇਆ ਹੈ!

ਪਰਦੇਸ਼ਾਂ ਤੋਂ ਫੋਨ ਕਰਦੇ ਮਿਹਰਬਾਨ ਪਾਠਕਾਂ ਨੂੰ ਮੈਂ ਉਚੇਚਾ ਪੁੱਛਦਾ ਹਾਂ ਕਿ ਤੁਹਾਡੇ ਘਰ-ਪਰਿਵਾਰ ਵਿੱਚ ਪੰਜਾਬੀ ਅਖ਼ਬਾਰ ਕੌਣ-ਕੌਣ ਪੜ੍ਹਦਾ ਹੈ? ਸਭ ਦੇ ਜਵਾਬਾਂ ਵਿੱਚ ਸਾਂਝੀ ਗੱਲ ਇਹੋ ਹੁੰਦੀ ਹੈ ਕਿ ਪਰਿਵਾਰ ਦੇ ਇਧਰੋਂ ਗਏ ਵੱਡੇ ਜੀਅ ਹੀ ਨਜ਼ਰ ਮਾਰਦੇ ਹਨ। ਜੇ ਬੱਚਿਆਂ ਬਾਰੇ ਪੁੱਛੀਏ, ਜਵਾਬ ਮਿਲਦਾ ਹੈ, ਵਾਹਿਗੁਰੂ ਵਾਹਿਗੁਰੂ ਕਰੋ ਜੀ! ਪੜ੍ਹਨੇ ਤਾਂ ਦੂਰ ਦੀ ਗੱਲ ਹੈ, ਉਹ ਤਾਂ ਇਹਨਾਂ ਵੱਲ ਝਾਕਦੇ ਵੀ ਨਹੀਂ! ਜਿਹੜੇ ਲੋਕ ਉੱਧਰ ਜੰਮੀ ਪੀੜ੍ਹੀ ਨੂੰ ਘਰੇ ਜਾਂ ਗੁਰਦੁਆਰੇ ਵਿੱਚ ਪੰਜਾਬੀ ਸਿਖਾਉਣ-ਪੜ੍ਹਾਉਣ ਦੀ ਰੀਝ ਪਾਲ਼ਦੇ ਹਨ, ਉਹ ਬੱਚੇ ਦੇ ਵੱਡਾ ਹੋਣ ਦੇ ਨਾਲ ਹੀ ਨਿਹਫਲ ਹੋ ਜਾਂਦੀ ਹੈ। ਭਾਸ਼ਾ ਵਰਤਿਆਂ ਹੀ ਬੰਦੇ ਨਾਲ ਜੁੜੀ ਰਹਿ ਸਕਦੀ ਹੈ। ਅਣਵਰਤੀ ਭਾਸ਼ਾ ਦਾ ਸ਼ਬਦ-ਸਮੂਹ ਤੇ ਸੁਹੱਪਣ ਹੌਲ਼ੀ-ਹੌਲ਼ੀ ਮਨ ਵਿੱਚੋਂ ਕਿਰਦਾ ਜਾਂਦਾ ਹੈ। ਜਦੋਂ ਕੋਸ਼ਿਸ਼ਾਂ ਨਾਲ ਪੰਜਾਬੀ ਸਿਖਾਏ ਬੱਚਿਆਂ ਨੂੰ ਆਲੇ-ਦੁਆਲੇ, ਸਕੂਲ ਵਿੱਚ, ਦੋਸਤਾਂ ਨਾਲ, ਮਾਲਾਂ-ਬਜ਼ਾਰਾਂ ਵਿੱਚ ਪੰਜਾਬੀ ਬੋਲਣ ਦਾ ਮੌਕਾ ਨਹੀਂ ਮਿਲਦਾ, ਉਹਦੇ ਵਿੱਸਰਨ ਦਾ ਅਮਲ ਸ਼ੁਰੂ ਹੋ ਜਾਂਦਾ ਹੈ।



ਇੱਕ ਪਰਬਤ-ਲੜੀ ਦੀ ਮੂਹਰਲੀ ਪਹਾੜੀ ਉੱਤੇ ਬਣਿਆ ਹੋਣ ਸਦਕਾ ਸਾਨ ਹੋਜ਼ੇ ਦਾ ਗੁਰਦੁਆਰਾ ਤਾਂ ਖ਼ੂਬਸੂਰਤ ਹੈ ਹੀ, ਉੱਥੋਂ ਪੈਰਾਂ ਵਿੱਚ ਵਿਛੇ ਸਾਨ ਫ਼ਰਾਂਸਿਸਕੋ ਦਾ ਨਜ਼ਾਰਾ ਵੀ ਬੜਾ ਸੁੰਦਰ ਦਿਸਦਾ ਹੈ, ਖਾਸ ਕਰ ਕੇ ਰਾਤ ਨੂੰ। ਦੂਰ-ਦੂਰ ਤਕ ਸ਼ਹਿਰੀ ਰੌਸ਼ਨੀਆਂ ਜਿਵੇਂ ਸਮੁੰਦਰ ਵਿੱਚ ਲੱਖਾਂ ਦੀਵੇ ਤੈਰ ਰਹੇ ਹੋਣ। ਉੱਥੇ ਜਾਣ ਦਾ ਇੱਕ ਤੋਂ ਵੱਧ ਵਾਰ ਸਬੱਬ ਬਣਿਆ। ਜੇ ਭੋਜਨ ਦਾ ਵੇਲਾ ਹੁੰਦਾ, ਅਸੀਂ ਲੰਗਰ ਵੀ ਛਕਦੇ। ਇੱਕ ਦਿਨ ਪ੍ਰਸ਼ਾਦੇ ਵਰਤਾਉਂਦੀ 18-20 ਸਾਲ ਦੀ ਲੜਕੀ ਨੂੰ ਮੈਂ ਕਿਹਾ, ਬੇਟਾ, ਬੱਸ ਸਵਾ ਲੱਖ ਪ੍ਰਸ਼ਾਦਾ! ਉਹ ਬੋਲੀ, ਵ੍ਹਟ ਅੰਕਲ? ਮੈਂ ਆਪਣੀ ਭੁੱਲ ਸੋਧਦਿਆਂ ਕਿਹਾ, ਓਨਲੀ ਵਨ ਤੇ ਅੱਗੇ ਮੈਨੂੰ ਪ੍ਰਸ਼ਾਦੇ ਜਾਂ ਰੋਟੀ ਦੀ ਅੰਗਰੇਜ਼ੀ ਨਾ ਆਈ ਪਰ ਓਨਲੀ ਵਨ ਨੇ ਕੰਮ ਸਾਰ ਦਿੱਤਾ। ਇੱਕ ਹੋਰ ਦਿਨ ਅਸੀਂ ਉਸੇ ਗੁਰਦੁਆਰੇ ਵਿੱਚ ਗਏ ਤਾਂ ਲੰਗਰ ਕਿਸੇ ਪਰਿਵਾਰ ਵੱਲੋਂ ਸੀ। ਸੱਤ-ਅੱਠ ਸਾਲਾਂ ਦੀ ਉਮਰ ਦੇ ਇੱਕ ਬੱਚੇ ਕੋਲ ਪ੍ਰਸ਼ਾਦਿਆਂ ਦਾ ਛੋਟਾ ਜਿਹਾ ਛਾਬਾ ਸੀ ਅਤੇ ਇੱਕ ਬੱਚੀ ਕੋਲ ਛੋਟੀ ਜਿਹੀ ਬਾਲਟੀ ਵਿੱਚ ਸਬਜ਼ੀ ਸੀ। ਉਹ ਪੰਗਤ ਕੋਲੋਂ ਲੰਘਦੇ ਪ੍ਰਸ਼ਾਦਾ ਵਾਹਿਗੁਰੂ ਤੇ ਸਬਜ਼ੀ ਵਾਹਿਗੁਰੂ ਦੂਹਰਾ ਰਹੇ ਬੜੇ ਹੀ ਪਿਆਰੇ ਲਗਦੇ ਸਨ। ਸਾਨੂੰ ਖ਼ੁਸ਼ ਤੇ ਅਚੰਭਿਤ ਹੋ ਕੇ ਉਹਨਾਂ ਵੱਲ ਦੇਖਦਿਆਂ ਦੇਖ ਕੇ ਸਾਡੇ ਕੋਲ ਬੈਠਾ ਇੱਕ ਸੱਜਣ, ਸ਼ਾਇਦ ਇਹ ਸੋਚ ਕੇ ਕਿ ਅਸੀਂ ਉਹਨਾਂ ਦੀ ਪੰਜਾਬੀ ਤੋਂ ਪ੍ਰਭਾਵਿਤ ਹੋਏ ਹਾਂ, ਮੁਸਕਰਾਇਆ, ਬੱਸ ਜੀ, ਇਹਨਾਂ ਨੂੰ ਇੰਨੀ ਕੁ ਪੰਜਾਬੀ ਹੀ ਆਉਂਦੀ ਹੈ! ਫਰਰ-ਫਰਰ ਤਾਂ ਇਹ ਅੰਗਰੇਜ਼ੀ ਹੀ ਬੋਲਦੇ ਨੇ।

ਸਾਨੂੰ ਭਾਸ਼ਾ ਦੀ ਗਤੀ ਦੇ ਅਤੇ ਸਮਾਜ ਤੇ ਭਾਸ਼ਾ ਦੇ ਨਾਤੇ ਦੇ ਨੇਮਾਂ ਦੀ ਅਗਿਆਨਤਾ ਨਹੀਂ ਦਿਖਾਉਣੀ ਚਾਹੀਦੀ। ਪਰਦੇਸ਼ਾਂ ਵਿੱਚ ਪੰਜਾਬੀ ਨਾਲ ਕੇਵਲ ਉਹ ਲੋਕ ਜੁੜੇ ਹੋਏ ਹਨ ਜੋ ਉਮਰ ਦਾ ਪਹਿਲਾ ਹਿੱਸਾ ਇੱਧਰ ਬਿਤਾ ਕੇ ਗਏ ਹਨ। ਉਹਨਾਂ ਦੇ ਧੀਆਂ-ਪੁੱਤ ਉਹਨਾਂ ਨਾਲ ਵਾਹ ਕਾਰਨ ਪੰਜਾਬੀ ਸਮਝ ਤਾਂ ਲੈਂਦੇ ਹਨ, ਬੋਲਦੇ ਥਿੜਕ ਕੇ ਹਨ ਅਤੇ ਲੋੜ ਨਾ ਹੋਣ ਕਰਕੇ ਪੜ੍ਹਨ-ਲਿਖਣ ਦਾ ਤਾਂ ਸਵਾਲ ਹੀ ਨਹੀਂ। ਅੱਗੋਂ ਉਹਨਾਂ ਦੇ ਬੱਚੇ ਪੰਜਾਬੀ ਨਾਲੋਂ ਬਿਲਕੁਲ ਟੁੱਟ ਜਾਂਦੇ ਹਨ। ਇਹ ਕੋਈ ਅਣਹੋਣੀ ਨਹੀਂ, ਭਾਸ਼ਾ ਦਾ ਦਸਤੂਰ ਹੀ ਇਹ ਹੈ। ਕਿਸੇ ਦੇਸ਼ ਦੇ ਭਾਸ਼ਾਈ-ਸੱਭਿਆਚਾਰਕ ਸਮੁੰਦਰ ਵਿੱਚ ਬਾਹਰੋਂ ਜਾ ਕੇ ਪਈ ਕਿਸੇ ਭਾਸ਼ਾ ਦੀ ਛੋਟੀ ਜਿਹੀ ਨਦੀ ਤੋਂ ਸਦਾ ਵਾਸਤੇ ਆਪਣੀ ਵੱਖਰੀ ਹੋਂਦ ਬਣਾਈ ਰੱਖਣ ਦੀ ਆਸ ਕਰਨਾ ਸਿਆਣਪ ਨਹੀਂ। ਭਾਸ਼ਾ ਵਾਂਗ ਹੀ ਪੰਜਾਬੀ ਔਲਾਦਾਂ ਵੱਡਿਆਂ ਨਾਲ ਮਿਲ ਕੇ ਦੇਸੀ ਤਿਉਹਾਰ ਮਨਾਉਣ ਨਾਲੋਂ ਸਥਾਨਕ ਹਾਣੀਆਂ ਨਾਲ ਮਿਲ ਕੇ ਸਥਾਨਕ ਤਿਉਹਾਰ ਮਨਾਉਣ ਦਾ ਵਧੇਰੇ ਉਤਸ਼ਾਹ ਦਿਖਾਉਂਦੀਆਂ ਹਨ। ਸਥਾਨਕ ਲੋਕਾਂ ਨੂੰ ਵਿੰਗੇ-ਟੇਢੇ ਲਗਦੇ ਉਚਾਰਨ ਸੌਖੇ ਕਰਨ ਵਾਸਤੇ ਜਗਜੀਤ ਜੈਗ, ਹਰਭਜਨ ਹੈਰੀ ਤੇ ਸੁਖਮੰਦਰ ਸੈਮ ਹੋ ਜਾਂਦੇ ਹਨ।

ਕਾਫ਼ੀ ਪੁਰਾਣੀ ਗੱਲ ਹੈ, ਬਠਿੰਡਾ ਤੋਂ ਗੱਡੀ ਵਿੱਚ ਮੇਰੇ ਸਾਹਮਣੇ ਪੂਰੇ ਪੰਜਾਬੀ ਲਿਬਾਸ ਵਿੱਚ ਦੋ ਗੋਰਖਾ ਮੁਟਿਆਰਾਂ ਬੈਠੀਆਂ ਸਨ। ਸਾਰੇ ਰਾਹ ਉਹ ਆਪਸ ਵਿੱਚ ਨਾ ਸਿਰਫ਼ ਪੰਜਾਬੀ ਵਿੱਚ ਸਗੋਂ ਸਾਡੇ ਪਿੰਡਾਂ ਦੇ ਲਹਿਜ਼ੇ ਵਾਲੀ ਪੰਜਾਬੀ ਵਿੱਚ ਗੱਲਾਂ ਕਰਦੀਆਂ ਰਹੀਆਂ। ਸਬੱਬ ਨਾਲ ਉਹ ਵੀ ਮੇਰੇ ਸ਼ਹਿਰ ਰਾਮਪੁਰਾ ਫੂਲ ਹੀ ਉੱਤਰੀਆਂ। ਮੇਰੇ ਦੋਸਤ ਨੇ ਦੱਸਿਆ, ਉਹਨਾਂ ਦਾ ਨਿਪਾਲੀ ਪਿਤਾ ਜਵਾਨੀ ਵੇਲੇ ਤੋਂ ਉੱਥੇ ਸਰਕਾਰੀ ਹਸਪਤਾਲ ਵਿੱਚ ਸੇਵਾਦਾਰ ਲੱਗਿਆ ਹੋਇਆ ਸੀ ਤੇ ਉਹਦੇ ਬੱਚੀਆਂ-ਬੱਚੇ ਇੱਥੇ ਹੀ ਜੰਮੇ-ਪਲ਼ੇ ਸਨ। ਪੰਜਾਬ ਵਿੱਚ ਹੁਣ ਉੱਤਰ ਪਰਦੇਸ਼ੀਆਂ ਤੇ ਬਿਹਾਰੀਆਂ ਦਾ ਪੰਜਾਬੀ ਕਰਨ ਤੁਹਾਡੇ ਸਾਹਮਣੇ ਹੈ। ਇੱਕ ਵਾਰ ਮੈਂ ਖੇਤ ਵਿੱਚ ਰਹਿੰਦੇ ਇੱਕ ਰਿਸ਼ਤੇਦਾਰ ਦੇ ਘਰ ਗਿਆ। ਖੇਤ ਵਿੱਚ ਸਬਜ਼ੀਆਂ ਲਾਉਣ ਵਾਸਤੇ ਰੱਖਿਆ ਹੋਇਆ ਮਾਲੀ ਪਰਿਵਾਰ ਸਮੇਤ ਉਹਨਾਂ ਦੇ ਘਰ ਦੇ ਇੱਕ ਹਿੱਸੇ ਵਿੱਚ ਹੀ ਰਹਿ ਰਿਹਾ ਸੀ। ਉਹ ਕਈ ਸਾਲ ਤੋਂ ਪੰਜਾਬ ਦੇ ਕਿਸਾਨਾਂ ਦੇ ਖੇਤਾਂ ਵਿੱਚ ਹੀ ਕੰਮ ਕਰਦਾ ਸੀ। ਉਹਨਾਂ ਦੇ ਬੇਟਾ-ਬੇਟੀ ਸਰਕਾਰੀ ਸਕੂਲ ਵਿੱਚ ਪੜ੍ਹਦੇ ਸਨ। ਉਹ ਤੇ ਉਹਦੀ ਪਤਨੀ ਤਾਂ ਭੋਜਪੁਰੀ ਤੇ ਪੰਜਾਬੀ ਦੀ ਖਿਚੜੀ ਬੋਲਦੇ ਸਨ ਪਰ ਦੋਵੇਂ ਬੱਚੇ ਵਧੀਆ ਪੰਜਾਬੀ ਵਿੱਚ ਹੀ ਬੋਲ ਰਹੇ ਸਨ। ਅਨੇਕ ਉੱਤਰ ਪ੍ਰਦੇਸ਼ੀ ਤੇ ਬਿਹਾਰੀ ਉਹਨਾਂ ਨੂੰ ਗ਼ੈਰ-ਪੰਜਾਬੀ ਸਮਝ ਕੇ ਬੋਲੀ ਤੁਹਾਡੀ ਹਿੰਦੀ ਦਾ ਜਵਾਬ ਪੰਜਾਬੀ ਵਿੱਚ ਦਿੰਦੇ ਹਨ। ਕਈਆਂ ਨੇ ਕਿਸੇ ਬਾਹਰਲੇ ਦਖ਼ਲ ਜਾਂ ਦਬਾਅ ਤੋਂ ਬਿਨਾਂ, ਆਪਣੀ ਖ਼ੁਸ਼ੀ ਨਾਲ ਹੀ ਦਾੜ੍ਹੀ-ਕੇਸ ਰੱਖ ਲਏ ਹਨ ਤੇ ਪੱਗਾਂ ਬੰਨ੍ਹ ਲਈਆਂ ਹਨ।

> *ਭਾਸ਼ਾਈ-ਸੱਭਿਆਚਾਰਕ ਸੱਚ ਇਹੋ ਹੈ ਕਿ ਕਿਸੇ ਵੀ ਬਿਗਾਨੇ ਦੇਸ਼ ਵਿੱਚ ਪੰਜਾਬੀ ਭਾਸ਼ਾ ਦਾ ਜੀਵਤ ਰਹਿਣਾ ਸੰਭਵ ਨਹੀਂ। ਬੱਚੇ ਮਾਪਿਆਂ ਦੇ ਕਹਿਆਂ ਇੱਧਰਲੇ ਅਣਦੇਖੇ-ਅਣਜਾਣੇ ਕੁੜੀ-ਮੁੰਡੇ ਨਾਲ ਵਿਆਹ ਤੋਂ ਕੋਰੀ ਨਾਂਹ ਕਰ ਕੇ ਜਦੋਂ ਕਿਸੇ ਸਥਾਨਕ ਦੋਸਤ ਨਾਲ ਵਿਆਹ ਕਰਵਾ ਲੈਂਦੇ ਹਨ, ਉਹਨਾਂ ਦੇ ਗ਼ੈਰ-ਪੰਜਾਬੀ ਕਰਨ ਦਾ ਅਮਲ ਪੂਰਾ ਹੋ ਜਾਂਦਾ ਹੈ। ਉਹਨਾਂ ਦੇ ਬੱਚਿਆਂ ਦੇ ਨਾਂ ਵੀ ਗ਼ੈਰ-ਪੰਜਾਬੀ ਹੋ ਜਾਂਦੇ ਹਨ, ਬਹੁਤੀਆਂ ਸੂਰਤਾਂ ਵਿੱਚ ਸਹਿਜ-ਸੁਭਾਵਿਕ ਹੀ ਧਰਮ ਵੀ ਸਥਾਨਕ ਹੋ ਜਾਂਦਾ ਹੈ।*

ਜਿੱਥੋਂ ਤਕ ਪਰਦੇਸ਼ਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਕੂਲਾਂ ਵਿੱਚ ਪੰਜਾਬੀ ਪੜ੍ਹਾਏ ਜਾਣ, ਪੰਜਾਬੀਆਂ ਦੇ ਵਸੇਵੇ ਵਾਲੇ ਇਲਾਕਿਆਂ ਵਿੱਚ ਸੜਕਾਂ ਦੇ ਨਾਂ ਗੁਰਮੁਖੀ ਵਿੱਚ ਲਿਖੇ ਜਾਣ, ਆਦਿ ਦਾ ਸੰਬੰਧ ਹੈ, ਅਨੇਕ ਦੇਸ਼ ਅਜਿਹੇ ਹਨ ਜਿਨ੍ਹਾਂ ਵਿੱਚ ਕਿਸੇ ਭਾਸ਼ਾ ਲਈ ਅਜਿਹੀਆਂ ਸਹੂਲਤਾਂ ਹਾਸਲ ਕਰਨਾ ਕੋਈ ਅਲੋਕਾਰ ਜਾਂ ਔਖਾ ਕੰਮ ਨਹੀਂ। ਸਗੋਂ ਭਾਰਤ ਦੇ ਮੁਕਾਬਲੇ ਬਹੁਤ ਸੌਖਾ ਹੈ ਕਿਉਂਕਿ ਉੱਥੇ ਭਾਸ਼ਾ ਨੂੰ ਭਾਸ਼ਾ ਵਜੋਂ ਦੇਖਿਆ ਜਾਂਦਾ ਹੈ, ਸਾਡੇ ਵਾਂਗ ਕਿਸੇ ਧਾਰਮਿਕ, ਭੂਗੋਲਿਕ ਜਾਂ ਰਾਜਨੀਤਕ ਤਅੱਸਬ ਨਾਲ ਨਹੀਂ। ਪਰਦੇਸ਼ਾਂ ਵਿੱਚ ਜਿਨ੍ਹਾਂ ਪੰਜਾਬੀ ਸਾਹਿਤ ਸਭਾਵਾਂ ਦੀਆਂ ਬੈਠਕਾਂ ਦੀਆਂ ਖ਼ਬਰਾਂ ਅਤੇ ਸਮਾਗਮਾਂ ਦੀਆਂ ਤਸਵੀਰਾਂ ਛਪਦੀਆਂ ਹਨ, ਉਹਨਾਂ ਵਿੱਚ ਇਧਰੋਂ ਜਾ ਕੇ ਵਸੇ ਪੰਜਾਬੀ ਲੇਖਕ, ਉਹਨਾਂ ਦੇ ਪੰਜਾਬੀ ਦੋਸਤ-ਮਿੱਤਰ ਅਤੇ ਜੇ ਸਾਹਿਤ ਤੋਂ ਐਲਰਜੀ ਨਾ ਹੋਵੇ ਤਾਂ ਜੀਵਨ-ਸਾਥੀ ਸ਼ਾਮਲ ਹੁੰਦੇ ਹਨ। ਇਹਨਾਂ ਸਭ ਦੀ ਅਗਲੀ ਪੀੜ੍ਹੀ ਗ਼ੈਰਹਾਜ਼ਰ ਹੁੰਦੀ ਹੈ।

ਭਾਸ਼ਾਈ-ਸੱਭਿਆਚਾਰਕ ਸੱਚ ਇਹੋ ਹੈ ਕਿ ਕਿਸੇ ਵੀ ਬਿਗਾਨੇ ਦੇਸ਼ ਵਿੱਚ ਪੰਜਾਬੀ ਭਾਸ਼ਾ ਦਾ ਜੀਵਤ ਰਹਿਣਾ ਸੰਭਵ ਨਹੀਂ। ਬੱਚੇ ਮਾਪਿਆਂ ਦੇ ਕਹਿਆਂ ਇੱਧਰਲੇ ਅਣਦੇਖੇ-ਅਣਜਾਣੇ ਕੁੜੀ-ਮੁੰਡੇ ਨਾਲ ਵਿਆਹ ਤੋਂ ਕੋਰੀ ਨਾਂਹ ਕਰ ਕੇ ਜਦੋਂ ਕਿਸੇ ਸਥਾਨਕ ਦੋਸਤ ਨਾਲ ਵਿਆਹ ਕਰਵਾ ਲੈਂਦੇ ਹਨ, ਉਹਨਾਂ ਦੇ ਗ਼ੈਰਪੰਜਾਬੀ ਕਰਨ ਦਾ ਅਮਲ ਪੂਰਾ ਹੋ ਜਾਂਦਾ ਹੈ। ਉਹਨਾਂ ਦੇ ਬੱਚਿਆਂ ਦੇ ਨਾਂ ਵੀ ਗ਼ੈਰ-ਪੰਜਾਬੀ ਹੋ ਜਾਂਦੇ ਹਨ, ਬਹੁਤੀਆਂ ਸੂਰਤਾਂ ਵਿੱਚ ਸਹਿਜ-ਸੁਭਾਵਿਕ ਹੀ ਧਰਮ ਵੀ ਸਥਾਨਕ ਹੋ ਜਾਂਦਾ ਹੈ। ਦਸੰਬਰ 2012 ਵਿੱਚ ਥਾਈਲੈਂਡ ਦਾ ਰੱਖਿਆ ਮੰਤਰੀ ਸੁਕੁਮਪੋਲ ਸੁਵਾਨਤਾਤ ਭਾਰਤ ਆਇਆ ਤਾਂ ਸਾਡੇ ਉਸ ਸਮੇਂ ਦੇ ਰੱਖਿਆ ਮੰਤਰੀ ਏ. ਕੇ. ਐਂਟਨੀ ਨੇ ਸਰਕਾਰੀ ਗੱਲਬਾਤ ਤੋਂ ਪਹਿਲਾਂ ਕੈਮਰਿਆਂ ਵਾਸਤੇ ਹੱਥ ਘੁੱਟ ਕੇ ਸਦਭਾਵੀ ਗੱਲਾਂ ਕਰਦਿਆਂ ਕਿਹਾ, ਥਾਈਲੈਂਡ ਤੇ ਭਾਰਤ ਦੇ ਲੋਕਾਂ ਦਾ ਦੋਸਤੀ ਦਾ ਪੁਰਾਣਾ ਨਾਤਾ ਹੈ। ਥਾਈ ਨਾਂ, ਨੁਹਾਰ, ਦਿੱਖ ਅਤੇ ਭਾਸ਼ਾ ਵਾਲੇ ਮੰਤਰੀ ਨੇ ਹੱਸ ਕੇ ਉੱਤਰ ਦਿੱਤਾ, ਮੇਰਾ ਭਾਰਤ ਨਾਲ ਇਸ ਤੋਂ ਵੀ ਸੰਘਣਾ ਨਾਤਾ ਹੈ; ਮੇਰਾ ਦਾਦਾ ਪੰਜਾਬੀ ਸਿੱਖ ਸੀ।

ਸ਼ਹੀਦ ਗਹਿਲ ਸਿੰਘ ਛੱਜਲਵੱਡੀ ਦੇ ਤਾਏ ਦਾ ਪੁੱਤ ਭਰਾ ਦਲੀਪ ਸਿੰਘ ਸੌਂਦ ਪਰਿਵਾਰ ਨਾਲ ਮੁੜ ਆਉਣ ਦਾ ਇਕਰਾਰ ਕਰ ਕੇ ਅਮਰੀਕਾ ਪੜ੍ਹਨ ਗਿਆ, ਪਰ ਉੱਥੋਂ ਜੋਗਾ ਹੀ ਹੋ ਗਿਆ। ਆਖ਼ਰ ਉਹਨੇ ਵਿਤਕਰੇਬਾਜ਼ ਨੇਮਾਂ-ਕਾਨੂੰਨਾਂ ਦੀਆਂ ਸਭ ਰੋਕਾਂ-ਹੱਦਾਂ ਭੰਨ ਕੇ 1956 ਵਿੱਚ ਅਮਰੀਕੀ ਪਾਰਲੀਮੈਂਟ ਦਾ ਪਹਿਲਾ ਏਸ਼ੀਆਈ ਮੈਂਬਰ ਬਣਨ ਦਾ ਕ੍ਰਿਸ਼ਮਾ ਕਰਦਿਆਂ ਦੁਨੀਆ ਨੂੰ ਦੰਗ ਕਰ ਦਿੱਤਾ। ਉਹਨੇ ਆਵਾਸੀਆਂ ਦੇ ਰਾਹ ਦੀਆਂ ਕਾਨੂੰਨੀ ਰੋਕਾਂ ਹਟਵਾਉਣ ਵਿੱਚ ਤਾਂ ਵੱਡੀ ਭੂਮਿਕਾ ਨਿਭਾਈ ਹੀ, ਪਾਰਲੀਮੈਂਟ ਦੇ ਮੈਂਬਰ ਵਜੋਂ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਨਾਲ ਬਹੁਤ ਨਾਂ ਕਮਾਇਆ। ਲੰਮੀ ਬੀਮਾਰੀ ਮਗਰੋਂ ਉਹ 22 ਅਪਰੈਲ 1973 ਨੂੰ ਚਲਾਣਾ ਕਰ ਗਿਆ। 7 ਨਵੰਬਰ 2007 ਨੂੰ ਅਮਰੀਕੀ ਸੰਸਦ ਭਵਨ ਵਿੱਚ ਇਤਿਹਾਸ-ਸਿਰਜਕ ਮੈਂਬਰਾਂ ਦੀ ਗੈਲਰੀ ਵਿੱਚ ਉਹਦਾ ਚਿਤਰ ਲਾਇਆ ਗਿਆ। ਸਿਖਰੀ ਅਮਰੀਕੀ ਹਸਤੀਆਂ ਦੀ ਹਾਜ਼ਰੀ ਵਿੱਚ ਚਿਤਰ ਤੋਂ ਪਰਦਾ ਉਹਦੀ ਛੇ ਸਾਲ ਦੀ ਪੜਪੋਤੀ ਨੇ ਹਟਾਇਆ। ਸੌਂਦ ਦੇ ਪੁੱਤਾਂ-ਧੀਆਂ ਦੇ ਪਰਿਵਾਰਾਂ ਦੇ ਦਰਜਨਾਂ ਜੀਅ ਹਾਜ਼ਰ ਸਨ। ਪੁੱਤਾਂ ਵਾਲੇ ਪਾਸੇ ਅਮਰੀਕੀ ਨਾਂਵਾਂ ਨਾਲ ਸੌਂਦ ਹੋਣ ਤੋਂ ਇਲਾਵਾ ਉੱਥੇ ਦੋਵਾਂ ਪਾਸਿਆਂ ਦੇ ਪਰਿਵਾਰਾਂ ਵਿੱਚ ਪੰਜਾਬੀ ਅਤੇ ਪੰਜਾਬੀਅਤ ਦਾ ਰੰਗ ਕਿਤੇ ਰਾਈ-ਮਾਤਰ ਵੀ ਨਹੀਂ ਸੀ।

ਉੱਧਰ ਜੰਮੇ ਬੱਚੇ ਆਪਣੇ ਪੰਜਾਬੀ-ਭਾਰਤੀ ਹੋਣ ਦੀ ਕਲਪਨਾ ਨਹੀਂ ਕਰ ਸਕਦੇ। ਘਰ ਦੇ ਵੱਡੇ ਉਹਨਾਂ ਨੂੰ ਪੰਜਾਬ ਤੇ ਪੰਜਾਬੀਅਤ ਦੇ ਵਾਰਿਸ ਸਮਝਦੇ ਹਨ, ਉਹ ਆਪਣੇ ਆਪ ਨੂੰ ਜਨਮ ਵਾਲੇ ਦੇਸ਼ ਦੇ ਨਾਗਰਿਕ ਸਮਝਦੇ ਹਨ। ਇੱਕ ਸ਼ਾਮ ਖੇਡ-ਲੇਖਕ ਸਰਵਣ ਸਿੰਘ ਸਾਡੇ ਘਰ ਆਏ ਤਾਂ ਉਹਨਾਂ ਨਾਲ ਇੱਕ ਕੈਨੇਡਾ-ਵਾਸੀ ਦੋਸਤ ਤੇ ਉਹਦੇ ਦੋ ਜਵਾਨ ਬੇਟੇ ਸਨ। ਉਹ ਤਾਜ-ਮਹੱਲ ਦੇਖ ਕੇ ਆਏ ਸਨ। ਸੰਤੋਖ ਸਿੰਘ ਧੀਰ ਪਹਿਲਾਂ ਹੀ ਆਏ ਹੋਏ ਸਨ। ਖ਼ੁਸ਼ੀਆਂ-ਭਰਿਆ ਮਾਹੌਲ ਬਣ ਗਿਆ। ਮੈਂ ਦੇਖਿਆ, ਸਾਡੀ ਹਾਹਾ-ਹੋਹੋ ਵਿੱਚ ਦੋਵੇਂ ਮੁੰਡੇ ਨੀਵੀਂਆਂ ਪਾਈ ਬੈਠੇ ਸਨ। ਮੈਂ ਆਖਿਆ, ਬੇਟਾ, ਤੁਸੀਂ ਆਰਾਮ ਕਰਨਾ ਚਾਹੋਗੇ?

ਉਹਨਾਂ ਦੇ ਚਿਹਰੇ ਅਧਖਿੜੇ ਫੁੱਲਾਂ ਵਰਗੇ ਹੋ ਗਏ। ਕਮਰੇ ਵਿੱਚ ਲਿਜਾ ਕੇ ਮੈਂ ਉਹਨਾਂ ਨੂੰ ਚਾਹ-ਕੌਫ਼ੀ ਦੇ ਨਾਲ ਸਿਰ ਦੁਖਦੇ ਦੀ ਗੋਲ਼ੀ ਵੀ ਪੁੱਛੀ ਤਾਂ ਫੁੱਲ ਪੂਰੇ ਖਿੜ ਗਏ। ਜਦੋਂ ਮੈਂ ਮੁੜਿਆ, ਦੋਸਤ ਬੋਲਿਆ, ਏਨਾ ਖ਼ਰਚ ਕਰ ਕੇ ਮੈਂ ਇਹਨਾਂ ਨੂੰ

ਇਹਨਾਂ ਦਾ ਦੇਸ਼ ਦਿਖਾਉਣ ਲਿਆਇਆ ਹਾਂ, ਇਹ ਇਉਂ ਮੂੰਹ ਲਟਕਾਈ ਫਿਰਦੇ ਨੇ!

ਧੀਰ ਜੀ ਕਹਿੰਦੇ, ਭਾਈ, ਜਿਹੜਾ ਦੇਸ਼ ਤੂੰ ਇਹਨਾਂ ਨੂੰ ਦਿਖਾਉਣ ਲਿਆਇਆ ਹੈਂ, ਉਹ ਇਹਨਾਂ ਦਾ ਨਹੀਂ, ਤੇਰਾ ਦੇਸ਼ ਹੈ। ਜਦੋਂ ਇਹ ਆਪਣੇ ਦੇਸ਼ ਪਹੁੰਚੇ, ਮੌਜ ਨਾਲ ਸੁਖ ਦਾ ਸਾਹ ਲੈਣਗੇ।

(ਬਾਕੀ ਸਫ਼ਾ 31 'ਤੇ)



# ਦੁਨੀਆਂ ਦੇ ਸਭ ਤੋਂ ਅਜੀਬੋ-ਗਰੀਬ ਵਰਲਡ ਰਿਕਾਰਡ







ਦੋਸਤੋ, ਤੁਸੀਂ ਬਹੁਤ ਸਾਰੇ ਵਿਸ਼ਵ ਰਿਕਾਰਡਾਂ ਬਾਰੇ ਸੁਣਿਆ ਹੋਵੇਗਾ, ਜਿਨ੍ਹਾਂ ਵਿੱਚੋਂ ਕੁਝ ਬਹੁਤ ਖਤਰਨਾਕ ਹਨ ਅਤੇ ਕੁਝ ਬਹੁਤ ਮਜ਼ੇਦਾਰ ਹਨ। ਵਿਸ਼ਵ ਰਿਕਾਰਡ ਦੇਖਣਾ ਅਤੇ ਉਹਨਾਂ ਬਾਰੇ ਜਾਣਨਾ ਸੱਚਮੁੱਚ ਬਹੁਤ ਮਜ਼ੇਦਾਰ ਹੈ। ਜੇਕਰ ਤੁਸੀਂ ਆਪਣਾ ਨਾਂ ਵਿਸ਼ਵ ਰਿਕਾਰਡ 'ਚ ਦਰਜ ਕਰਵਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਕੁਝ ਅਜਿਹਾ ਕਰਨਾ ਪਵੇਗਾ ਜੋ ਅੱਜ ਤੱਕ ਕਿਸੇ ਵਿਅਕਤੀ ਨੇ ਨਹੀਂ ਕੀਤਾ ਹੈ। ਕੁਝ ਲੋਕ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿੱਚ ਆਪਣਾ ਨਾਂਅ ਦਰਜ ਕਰਵਾਉਣ ਲਈ ਆਪਣੀ ਜਾਨ ਖਤਰੇ ਵਿੱਚ ਪਾਉਂਦੇ ਹਨ। ਕੀ ਤੁਸੀਂ ਕਦੇ ਕਿਸੇ ਅਜਿਹੇ ਵਿਅਕਤੀ ਬਾਰੇ ਸੁਣਿਆ ਹੈ ਜਿਸ ਨੇ ਸਕੀਇੰਗ ਕਰਦੇ ਹੋਏ ਇੱਕ ਵੱਡੇ ਪਹਾੜ ਤੋਂ ਛਾਲ ਮਾਰ ਦਿੱਤੀ ਹੈ, ਕੀ ਤੁਸੀਂ ਕਦੇ ਅਜਿਹੇ ਵਿਅਕਤੀ ਬਾਰੇ ਸੁਣਿਆ ਹੈ ਜਿਸ ਨੇ ਬਿਨਾਂ ਰੱਸੀ ਅਤੇ ਸੁਰੱਖਿਆ ਦੇ ਇੱਕ ਵੱਡੇ ਪਹਾੜ ਤੋਂ ਛਾਲ ਮਾਰ ਦਿੱਤੀ ਹੈ, ਅੱਜ ਅਸੀਂ ਤੁਹਾਨੂੰ ਅਜਿਹੀਆਂ ਗੱਲਾਂ ਦੱਸਾਂਗੇ ਜਿਨ੍ਹਾਂ ਨੂੰ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ।

**ਬੈਰਲ ਰੋਲ**

ਦੋਸਤੋ, ਬ੍ਰਿਟੇਨ ਦੇ ਮਸ਼ਹੂਰ ਸਟੰਟਮੈਨ ਟੈਰੀ ਗ੍ਰਾਂਟ ਨੇ ਜੈਗੁਆਰ ਦੀ ਨਵੀਂ ਕਾਰ ਦੀ ਪ੍ਰਮੋਸ਼ਨਲ ਵੀਡੀਓ ਲਈ ਇੱਕ ਸਟੰਟ ਕੀਤਾ, ਜਿਸ ਨੇ ਇੱਕ ਵਿਸ਼ਵ ਰਿਕਾਰਡ ਬਣਾਇਆ। ਟੈਰੀ ਨੇ ਇਸ ਜੈਗੁਆਰ ਨਾਲ 15 ਮੀਟਰ ਲੰਬੀ ਛਾਲ ਮਾਰੀ ਅਤੇ ਇਸ ਵਿੱਚ ਉਸ ਨੇ 270 ਡਿਗਰੀ ਦਾ ਬੈਰਲ ਰੋਲ ਵੀ ਮਾਰਿਆ, ਜਿਸ ਨੇ ਇਤਿਹਾਸ ਰਚ ਦਿੱਤਾ। ਹਾਲਾਂਕਿ, ਇਹ ਇਕਲੌਤਾ ਰਿਕਾਰਡ ਨਹੀਂ ਹੈ ਜੋ ਟੈਰੀ ਨੇ ਆਪਣੇ ਨਾਮ ਕੀਤਾ ਹੈ, ਉਸ ਦੇ ਨਾਮ 21 ਗਿਨੀਜ਼ ਰਿਕਾਰਡ ਹਨ ਅਤੇ 2015 ਵਿੱਚ, ਉਸਨੇ 360 ਡਿਗਰੀ ਲੂਪ 'ਤੇ ਜੈਗੁਆਰ ਨੂੰ ਸਫਲਤਾਪੂਰਵਕ ਚਲਾ ਕੇ ਇਹ ਰਿਕਾਰਡ ਵੀ ਆਪਣੇ ਨਾਮ ਕੀਤਾ ਸੀ।

**ਦੋ ਪਹੀਆ ਕਾਰ ਸਟੰਟ**

ਚੀਨ ਵਿੱਚ ਰਹਿਣ ਵਾਲੇ ਲੀ ਲੋਂਗ ਨੇ ਹਾਲ ਹੀ ਵਿੱਚ ਇੱਕ ਅਜਿਹਾ ਸਟੰਟ ਕੀਤਾ ਹੈ ਜੋ ਵੱਡੇ ਸਟੰਟ ਕਲਾਕਾਰ ਵੀ ਨਹੀਂ ਕਰ ਸਕਦੇ। ਲੀ ਲੋਂਗ ਨੇ 32 ਇੰਚ ਚੌੜੇ ਪਲੇਟਫਾਰਮ 'ਤੇ ਸਿਰਫ ਦੋ ਪਹੀਆਂ 'ਤੇ ਕਾਰ ਚਲਾ ਕੇ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ। ਇਹ ਪਲੇਟਫਾਰਮ ਇੰਨਾ ਪਤਲਾ ਸੀ ਕਿ ਇਸ ਸਟੰਟ ਨੂੰ ਕਰਦੇ ਹੋਏ ਦੋ ਸਟੰਟਮੈਨ ਪਹਿਲਾਂ ਹੀ ਫੇਲ ਹੋ ਗਏ ਸਨ ਅਤੇ ਉਨ੍ਹਾਂ ਦੇ ਵਾਹਨ ਵੀ ਪਲਟ ਗਏ ਸਨ ਪਰ ਲੀ ਲੋਂਗ ਨੇ ਆਪਣੀ ਕਾਰ ਨੂੰ ਸ਼ੁਰੂ ਤੋਂ ਲੈ ਕੇ ਪਲੇਟਫਾਰਮ ਦੇ ਅੰਤ ਤੱਕ ਸੰਤੁਲਿਤ ਰੱਖਿਆ ਅਤੇ ਤੇਜ਼ ਰਫਤਾਰ ਦੇ ਬਾਵਜੂਦ ਉਹ ਇਸ ਸ਼ਾਨਦਾਰ ਸਟੰਟ ਨੂੰ ਸਫਲਤਾਪੂਰਵਕ ਕੱਢਣ ਵਿੱਚ ਕਾਮਯਾਬ ਰਿਹਾ। ਇਸ 100 ਮੀਟਰ ਲੰਬੇ ਪਲੇਟਫਾਰਮ 'ਤੇ ਇਸ ਤਰ੍ਹਾਂ ਗੱਡੀ ਚਲਾ ਕੇ ਲੀ ਲੋਂਗ ਨੇ ਨਾ ਸਿਰਫ ਆਪਣਾ ਨਾਂ ਗਿਨੀਜ਼ ਬੁੱਕ 'ਚ ਦਰਜ ਕਰਵਾਇਆ ਸਗੋਂ ਦੁਨੀਆ ਭਰ ਤੋਂ ਉਨ੍ਹਾਂ ਦੀ ਕਾਫੀ ਤਾਰੀਫ ਵੀ ਹੋਈ।

**ਸੰਤੁਲਨ ਕਲਾ**

ਵੀਅਤਨਾਮ ਦੇ ਸਰਕਸ ਵਿੱਚ ਕੰਮ ਕਰਨ ਵਾਲੇ ਗਿਆਨ ਭਰਾਵਾਂ ਨੇ ਸਪੇਨ ਵਿੱਚ ਅਜਿਹਾ ਸ਼ਾਨਦਾਰ ਸਟੰਟ ਕੀਤਾ ਕਿ ਉਹ ਹਮੇਸ਼ਾ ਯਾਦ ਰੱਖੇ ਜਾਣਗੇ। ਇਨ੍ਹਾਂ 'ਚੋਂ ਇਕ ਭਰਾ ਨੇ ਦੂਜੇ ਭਰਾ ਦੇ ਸਿਰ 'ਤੇ ਸੰਤੁਲਨ ਬਣਾਉਂਦੇ ਹੋਏ ਸਪੇਨ ਦੇ ਸੇਂਟ ਮੈਰੀ ਕੈਥੇਡ੍ਰਲ ਦੀਆਂ 90 ਪੌੜੀਆਂ ਚੜ੍ਹੀਆਂ ਅਤੇ ਉਹ ਵੀ ਸਿਰਫ 52 ਸਕਿੰਟਾਂ 'ਚ, ਜੋ ਆਪਣੇ ਆਪ 'ਚ ਕਿਸੇ ਚਮਤਕਾਰ ਤੋਂ ਘੱਟ ਨਹੀਂ ਸੀ। ਇਨ੍ਹਾਂ ਭਰਾਵਾਂ ਨੇ ਇਸ ਕਾਰਨਾਮੇ ਨੂੰ ਇੰਨੀ ਆਸਾਨੀ ਨਾਲ ਪੂਰਾ ਕੀਤਾ ਜਿਵੇਂ ਇਹ ਉਨ੍ਹਾਂ ਦੀ ਰੋਜ਼ਾਨਾ ਦੀ ਰੁਟੀਨ ਹੋਵੇ। ਵਿਸ਼ਵ ਭਰ ਵਿੱਚ ਵੀਅਤਨਾਮ ਦਾ ਨਾਮ ਰੌਸ਼ਨ ਕਰਨ ਵਾਲੇ ਇਨ੍ਹਾਂ ਗਿਆਨ ਭਰਾਵਾਂ ਨੇ ਨਾ ਸਿਰਫ਼ ਇਹ ਵਿਸ਼ਵ ਰਿਕਾਰਡ ਜਿੱਤਿਆ ਹੈ ਸਗੋਂ ਦੁਨੀਆਂ ਭਰ ਦੇ ਲੋਕਾਂ ਦਾ ਦਿਲ ਵੀ ਜਿੱਤ ਲਿਆ ਹੈ।

**ਨਾਰੀਅਲ ਸਮੈਸ਼ਰ**

ਭਾਰਤ ਦੇ ਅਭਿਸ਼ ਡੋਮਿਨਿਕ ਨੇ ਇੱਕ ਮਿੰਟ ਵਿੱਚ ਸਭ ਤੋਂ ਵੱਧ ਨਾਰੀਅਲ ਤੋੜਨ ਦਾ ਵਿਸ਼ਵ ਰਿਕਾਰਡ ਬਣਾਇਆ ਹੈ। ਉਸਨੇ ਸਿਰਫ 1 ਮਿੰਟ 'ਚ ਆਪਣੇ ਹੱਥਾਂ ਨਾਲ 122 ਨਾਰੀਅਲ ਤੋੜੇ, ਜਿਸ ਰਫਤਾਰ ਨਾਲ ਉਹ ਨਾਰੀਅਲ ਤੋੜ ਰਿਹਾ ਸੀ, ਉਸ ਤੋਂ ਇੰਝ ਲੱਗਦਾ ਸੀ ਜਿਵੇਂ ਕੋਈ ਗੁਬਾਰੇ ਫੂਕ ਰਿਹਾ ਹੋਵੇ। ਨਾਰੀਅਲ ਵਰਗੀ ਸਖ਼ਤ ਚੀਜ਼ ਨੂੰ ਇੰਨੀ ਆਸਾਨੀ ਨਾਲ ਤੋੜਨਾ ਕੋਈ ਆਸਾਨ ਕੰਮ ਨਹੀਂ ਹੈ। ਪਰ



ਸਲਾਮ ਹੈ ਅਭੀਸ਼ ਨੂੰ ਜਿਸ ਨੇ ਇਹ ਬਹੁਤ ਹੀ ਔਖਾ ਸਟੰਟ ਕਰਕੇ ਇਹ ਵਿਸ਼ਵ ਰਿਕਾਰਡ ਆਪਣੇ ਨਾਮ ਕੀਤਾ ਅਤੇ ਭਾਰਤ ਦਾ ਨਾਮ ਵੀ ਦੁਨੀਆਂ ਭਰ ਵਿੱਚ ਉੱਚਾ ਕੀਤਾ।

**ਬਾਸਕਟਬਾਲ ਬਨਾਮ ਟੂਥਬ੍ਰਸ਼**

ਕੀ ਤੁਸੀਂ ਕਦੇ ਬਾਸਕਟਬਾਲ ਨੂੰ ਦੰਦਾਂ ਦੇ ਬੁਰਸ਼ 'ਤੇ ਨੱਚਦੇ ਦੇਖਿਆ ਹੈ? ਜੇ ਨਹੀਂ ਤਾਂ ਪੰਜਾਬ ਦੇ ਰਹਿਣ ਵਾਲੇ ਸੰਦੀਪ ਸਿੰਘ ਨੂੰ ਮਿਲੋ। ਜਿਸ ਨੇ 53 ਸੈਕਿੰਡ ਤੱਕ ਆਪਣੇ ਮੂੰਹ ਵਿੱਚ ਰੱਖੇ ਟੂਥਬਰਸ਼ ਉੱਤੇ ਬਾਸਕਟਬਾਲ ਘੁੰਮਾਇਆ ਅਤੇ ਇੱਕ ਨਵਾਂ ਵਿਸ਼ਵ ਰਿਕਾਰਡ ਬਣਾਇਆ। ਇਸ ਗੇਂਦ ਨੂੰ ਸਪਿਨ ਕਰਦੇ ਸਮੇਂ ਉਸ ਦੀ ਇਕਾਗਰਤਾ ਇੰਨੀ ਲਾਜਵਾਬ ਸੀ ਕਿ ਉਹ ਆਸ-ਪਾਸ ਖੜ੍ਹੇ ਲੋਕਾਂ ਤੋਂ ਬਿਲਕੁਲ ਵੀ ਪਰੇਸ਼ਾਨ ਨਹੀਂ ਹੋਇਆ ਅਤੇ ਆਪਣੇ ਆਪ ਨੂੰ ਇਕ ਜਗ੍ਹਾ 'ਤੇ ਕੇਂਦਰਿਤ ਕਰਕੇ ਉਸ ਨੇ ਇਹ ਰਿਕਾਰਡ ਬਣਾਇਆ।

**ਸਭ ਤੋਂ ਤੇਜ਼ ਸਕੇਟਬੋਰਡ**

ਕਾਇਲ ਵਿਸਟਰ ਉਹ ਵਿਅਕਤੀ ਹੈ ਜਿਸਨੇ ਦੁਨੀਆ ਦਾ ਸਭ ਤੋਂ ਤੇਜ਼ ਸਕੇਟਬੋਰਡਰ ਹੋਣ ਦਾ ਵਿਸ਼ਵ ਰਿਕਾਰਡ ਬਣਾਇਆ ਹੈ। ਕਯਾਲ ਨੇ 144 ਕਿਲੋਮੀਟਰ ਪ੍ਰਤੀ ਘੰਟਾ ਦੀ ਖਤਰਨਾਕ ਰਫਤਾਰ ਨਾਲ ਆਪਣਾ ਸਕੇਟਬੋਰਡ ਚਲਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਜਿੱਥੇ ਅਸੀਂ ਇੰਨੀ ਤੇਜ਼ੀ ਨਾਲ ਕਾਰ ਚਲਾਉਣ ਤੋਂ ਵੀ ਡਰਦੇ ਹਾਂ, ਉੱਥੇ ਕਾਇਲ ਨੇ ਇਹ ਸ਼ਾਨਦਾਰ ਰਿਕਾਰਡ ਕਾਇਮ ਕੀਤਾ ਹੈ। ਇਹੀ ਗੱਲ ਉਨ੍ਹਾਂ ਦੇ ਸੁਰੱਖਿਆ ਉਪਾਵਾਂ ਬਾਰੇ ਦੱਸੀ ਜਾਣੀ ਚਾਹੀਦੀ ਹੈ, ਉਨ੍ਹਾਂ ਨੇ ਇਸ ਰਾਈਡ ਨੂੰ ਕਰਦੇ ਸਮੇਂ ਕਿਸੇ ਕਿਸਮ ਦੀ ਸੁਰੱਖਿਆ ਨਹੀਂ ਰੱਖੀ।

**ਸਭ ਤੋਂ ਉੱਚੀ ਸਕੀ ਜੰਪ**

ਦੁਨੀਆ ਦੀ ਸਭ ਤੋਂ ਉੱਚੀ ਸਕੀ ਜੰਪ ਲਗਾਉਣ ਦਾ ਰਿਕਾਰਡ ਜੈਮੀ ਪੀਅਰੇ ਦੇ ਨਾਮ ਬਰਕਰਾਰ ਹੈ, ਇਸ ਵਿਅਕਤੀ ਨੇ ਬਿਨਾਂ ਕੁਝ ਸੋਚੇ 250 ਫੁੱਟ ਉੱਚੀ ਚੱਟਾਨ ਤੋਂ ਸਕੀਇੰਗ ਕਰਦੇ ਹੋਏ ਬਿਨਾਂ ਪੈਰਾਸ਼ੂਟ ਦੇ ਛਾਲ ਮਾਰ ਦਿੱਤੀ। ਜਿਸ ਰਫਤਾਰ ਨਾਲ ਉਹ ਡਿੱਗ ਰਿਹਾ ਸੀ, ਉਸ ਨਾਲ ਇਹ ਤੈਅ ਸੀ ਕਿ ਉਸ ਨੂੰ ਗੰਭੀਰ ਸੱਟਾਂ ਲੱਗ ਜਾਣਗੀਆਂ ਪਰ ਕੁਝ ਮਾਮੂਲੀ ਸੱਟਾਂ ਝੱਲਣ ਤੋਂ ਬਾਅਦ ਵੀ ਉਸ ਨੇ ਇਹ ਸ਼ਾਨਦਾਰ ਵਿਸ਼ਵ ਰਿਕਾਰਡ ਹਾਸਲ ਕੀਤਾ। ਇਸ ਰਿਕਾਰਡ ਨੂੰ ਅੱਜ ਤੱਕ ਕੋਈ ਨਹੀਂ ਤੋੜ ਸਕਿਆ ਹੈ ਅਤੇ ਭਵਿੱਖ ਵਿੱਚ ਸ਼ਾਇਦ ਹੀ ਕੋਈ ਇਸ ਨੂੰ ਤੋੜ ਸਕੇਗਾ।

**ਪੈਰਾਸ਼ੂਟ ਤੋਂ ਬਿਨਾਂ ਛਾਲ**

ਦੋਸਤੋ, ਕੀ ਤੁਸੀਂ ਵਿਸ਼ਵਾਸ ਕਰ ਸਕਦੇ ਹੋ ਕਿ ਇੱਕ ਵਿਅਕਤੀ ਨੇ 25000 ਫੁੱਟ ਦੀ ਉਚਾਈ ਤੋਂ ਛਾਲ ਮਾਰੀ ਹੈ, ਉਹ ਵੀ ਹਵਾਈ ਜਹਾਜ ਤੋਂ ਜਿਵੇਂ ਕਿ ਇਹ ਕੁਝ ਵੀ ਨਹੀਂ ਹੈ। ਅੱਜ ਤੱਕ ਕਿਸੇ ਨੇ ਪੈਰਾਸ਼ੂਟ ਦੀ ਮਦਦ ਤੋਂ ਬਿਨਾਂ ਇੰਨੀ ਉਚਾਈ ਤੋਂ ਛਾਲ ਨਹੀਂ ਮਾਰੀ ਸੀ। ਤੁਸੀਂ ਹੀ ਸੋਚੋ, ਜੇਕਰ ਉਸ ਨੂੰ ਕੁਝ ਹੋ ਗਿਆ ਹੁੰਦਾ ਤਾਂ ਉਸ ਦੀਆਂ ਹੱਡੀਆਂ ਵੀ ਨਾ ਮਿਲਣੀਆਂ ਸਨ, ਪਰ ਉਹ ਇਹ ਕਾਰਨਾਮਾ ਕਰਨ ਵਿਚ ਸਫਲ ਰਿਹਾ।

**ਬਰੇਕਿੰਗ ਸਟੋਨ**

ਕੀ ਕੋਈ ਵਿਅਕਤੀ ਸੈਂਕੜੇ ਪੱਥਰ ਵਰਗੀਆਂ ਟਾਈਲਾਂ ਨੂੰ ਕੁਝ ਸਕਿੰਟਾਂ ਵਿੱਚ ਤੋੜ ਸਕਦਾ ਹੈ, ਉਹ ਵੀ ਆਪਣੇ ਸਿਰ ਨਾਲ, ਕੀ ਤੁਸੀਂ ਸੋਚਦੇ ਹੋ ਕਿ ਇਹ ਸੰਭਵ ਹੈ? ਇਹ ਬਹੁਤ ਮੁਸ਼ਕਲ ਕੰਮ ਸੀ ਪਰ ਦੋਸਤੋ, ਤੁਹਾਨੂੰ ਦੱਸ ਦੇਈਏ ਕਿ ਬੋਸਨੀਆ ਦੇ ਇੱਕ ਚੈਂਪੀਅਨ ਲੜਕੇ ਨੇ ਵੀ ਇਹ ਮੁਕਾਮ ਹਾਸਲ ਕੀਤਾ ਹੈ, ਇਸ 16 ਸਾਲ ਦੇ ਲੜਕੇ ਨੇ ਆਪਣੇ ਸਿਰ ਨਾਲ ਇੱਕ-ਇੱਕ ਕਰਕੇ ਸਾਰੇ ਪੱਥਰ ਤੋੜ ਦਿੱਤੇ ਸਨ। ਇਸ ਨੇ ਵਿਚਕਾਰਲੇ ਸਾਰੇ ਪੱਥਰ ਤੋੜ ਦਿੱਤੇ ਸਨ ਇਸ ਬੱਚੇ ਨੇ ਸਿਰਫ 35 ਸਕਿੰਟਾਂ ਵਿੱਚ ਆਪਣੇ ਸਿਰ ਨਾਲ 111 ਪੱਥਰ ਦੀਆਂ ਟਾਈਲਾਂ ਤੋੜ ਦਿੱਤੀਆਂ ਅਤੇ ਇਹ ਅਜੇ ਵੀ ਇੱਕ ਵਿਸ਼ਵ ਰਿਕਾਰਡ ਹੈ।

**ਉੱਡਣ ਵਾਲਾ ਆਦਮੀ**

ਦੋਸਤੋ,



ਹੁਣ ਅਸੀਂ ਤੁਹਾਨੂੰ ਇੱਕ ਅਜਿਹੇ ਸ਼ਖ਼ਸ ਨਾਲ ਜਾਣੂ ਕਰਵਾਉਣ ਜਾ ਰਹੇ ਹਾਂ, ਜਿਸ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਨਸਾਨ ਹਵਾ ਵਿੱਚ ਵੀ ਉੱਡ ਸਕਦਾ ਹੈ। ਇਨਸਾਨ ਹਵਾ ਵਿੱਚ ਵੀ ਉੱਡ ਸਕਦਾ ਹੈ। ਉਸ ਨੇ ਫਲਾਈਟ ਤੋਂ ਛਾਲ ਮਾਰੀ ਸੀ ਅਤੇ ਉਚਾਈ 2400 ਫੁੱਟ ਦੇ ਕਰੀਬ ਸੀ ਪਰ



ਦੋਸਤੋ, ਕਮਾਲ ਦੀ ਗੱਲ ਇਹ ਸੀ ਕਿ ਉਸ ਨੇ ਕੋਈ ਪੈਰਾਸ਼ੂਟ ਨਹੀਂ ਲਗਾਇਆ। ਉਸ ਨੇ ਸਿਰਫ ਵਿੰਗਸੂਟ ਪਹਿਨਿਆ ਸੀ, 2400 ਫੁੱਟ ਦੀ ਉਚਾਈ ਤੋਂ ਛਾਲ ਮਾਰਨਾ ਕਿਸੇ ਲਈ ਵੀ ਆਸਾਨ ਕੰਮ ਨਹੀਂ ਹੈ ਪਰ ਜਿਸ ਢੰਗ ਨਾਲ ਉਸ ਨੇ ਇਹ ਕੰਮ ਕੀਤਾ ਹੈ, ਉਸ ਨੂੰ ਸ਼ਾਇਦ ਹੀ ਕੋਈ ਭੁੱਲ ਸਕੇ। ਕੀ ਕੋਈ ਕਹਿ ਸਕਦਾ ਹੈ ਕਿ ਇੰਨੀ ਉਚਾਈ ਤੋਂ ਛਾਲ ਮਾਰਨ ਵਾਲਾ ਵਿਅਕਤੀ ਬਿਨਾਂ ਕਿਸੇ ਸੁਰੱਖਿਆ ਉਪਕਰਨ ਦੇ ਬਚ ਸਕਦਾ ਹੈ, ਉਹ ਬਚ ਗਿਆ ਅਤੇ ਇਤਿਹਾਸ ਵੀ ਰਚਿਆ।

**ਬਰਫ ਦੀ ਛਾਲ**

ਦੋਸਤੋ, ਬਰਫ ਦੀ ਗੇਮ ਖੇਡਣ ਦਾ ਆਪਣਾ ਹੀ ਮਜ਼ਾ ਹੈ ਪਰ ਅਸੀਂ ਤੁਹਾਨੂੰ ਇਹ ਵੀ ਦੱਸ ਦੇਈਏ ਕਿ ਇਸ ਗੇਮ ਵਿੱਚ ਕਈ ਲੋਕ ਆਪਣੀ ਜਾਨ ਗੁਆ ਲੈਂਦੇ ਹਨ। ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇੱਕ 22 ਸਾਲ ਦੇ ਲੜਕੇ ਨੇ ਆਪਣੀ ਜਾਨ ਖਤਰੇ ਵਿੱਚ ਪਾ ਕੇ 37 ਫੁੱਟ ਦੀ ਉਚਾਈ ਤੋਂ ਛਾਲ ਮਾਰ ਦਿੱਤੀ। ਇਹ ਕਿੱਥੇ ਜਾਏ, ਜੇ ਕੋਈ ਆਪਣੇ ਸਰੀਰ ਨੂੰ ਬਰਫ਼ 'ਤੇ ਬੰਨ੍ਹਦੇ ਹੋਏ 20 ਫੁੱਟ ਵੀ ਛਾਲ ਮਾਰਦਾ ਹੈ, ਤਾਂ ਇਹ ਬਹੁਤ ਚੰਗੀ ਗੱਲ ਹੈ। ਪਰ ਦੋਸਤੋ, 37 ਫੁੱਟ ਦੀ ਉਚਾਈ ਤੋਂ ਛਾਲ ਮਾਰ ਕੇ ਉਸ ਨੇ ਉਹ ਕਰ ਦਿਖਾਇਆ ਜਿਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ।

**ਵ੍ਹੀਲਚੇਅਰ ਸਟੰਟ**

ਦੋਸਤੋ, ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇੱਕ ਲੜਕਾ ਵ੍ਹੀਲਚੇਅਰ 'ਤੇ ਬੈਠ ਕੇ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਹੈ, ਉਸਨੇ ਉਸੇ ਵ੍ਹੀਲਚੇਅਰ ਨੂੰ ਆਪਣੀ ਜ਼ਿੰਦਗੀ ਬਣਾ ਲਿਆ ਹੈ। ਅਸੀਂ ਤੁਹਾਨੂੰ ਇਕ ਅਜਿਹੇ ਸ਼ਖਸ ਬਾਰੇ ਦੱਸਾਂਗੇ, ਜਿਸ ਨੇ ਵ੍ਹੀਲਚੇਅਰ 'ਤੇ ਬੈਠ ਕੇ ਇਕ ਤੋਂ ਵੱਧ ਗੇਮਾਂ ਦਿਖਾਈਆਂ ਹਨ ਅਤੇ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਉਹ ਜਿਸ ਵੀ ਟੂਰਨਾਮੈਂਟ ਵਿੱਚ ਹਿੱਸਾ ਲੈਂਦਾ ਹੈ, ਉਸ ਨੇ ਅੱਜ ਤੱਕ ਕਦੇ ਨਹੀਂ ਹਾਰਿਆ ਹੈ। ਪਰ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਵ੍ਹੀਲਚੇਅਰ 'ਤੇ ਬੈਠ ਕੇ ਉਹ ਅਜਿਹਾ ਕਾਰਨਾਮਾ ਕਰ ਦੇਵੇਗਾ ਜੋ ਅੱਜ ਤੱਕ ਕਿਸੇ ਨੇ ਨਹੀਂ ਦੇਖਿਆ ਸੀ, ਜਿਸ ਨੂੰ ਕਰਨ ਦੀ ਕਿਸੇ ਨੇ ਸੋਚਣ ਦੀ ਵੀ ਹਿੰਮਤ ਨਹੀਂ ਕੀਤੀ ਸੀ।

**ਡਰੈਗਨ ਚੈਲੇਂਜ**

2018 ਵਿੱਚ, ਕੰਪਨੀ ਨੇ ਵਿਸ਼ਵ ਪ੍ਰਸਿੱਧ ਕਾਰ ਰੇਂਜ ਰੋਵਰ ਦੀ ਮਾਰਕੀਟਿੰਗ ਕਰਨ ਲਈ ਆਪਣੇ ਨਵੇਂ ਸਪੋਰਟਸ ਮਾਡਲ ਦੀ ਸ਼ਕਤੀ ਅਤੇ ਹੈਂਡਲਿੰਗ ਦਿਖਾਉਣ ਲਈ ਇੱਕ ਵਿਸ਼ਵ ਰਿਕਾਰਡ ਬਣਾਇਆ। ਬਹੁਤ ਹੀ ਘੱਟ ਸਮੇਂ ਵਿੱਚ, ਉਸਨੇ ਇੱਕ ਰੇਂਜ ਰੋਵਰ ਵਿੱਚ ਨਾ ਸਿਰਫ ਇਸ ਪਹਾੜੀ ਸੜਕ ਨੂੰ ਪਾਰ ਕੀਤਾ ਬਲਕਿ 999 ਪੌੜੀਆਂ ਵੀ ਚੜ੍ਹੀਆਂ। ਇਹ ਪੌੜੀਆਂ ਬਹੁਤ ਖੜ੍ਹੀਆਂ ਸਨ ਪਰ ਇਸ 'ਤੇ ਕਾਰ ਚਲਾਉਣਾ ਬਹੁਤ ਮੁਸ਼ਕਲ ਸੀ। ਉਸ ਨੇ ਇਹ ਪੂਰਾ ਸਫ਼ਰ 22 ਮਿੰਟ 41 ਸੈਕਿੰਡ ਵਿੱਚ ਪੂਰਾ ਕੀਤਾ।

**ਸਭ ਤੋਂ ਉੱਚੀ ਸਲੈਗਲਾਈਨ**

ਸਲੈਗ ਲਾਈਨ ਅੱਜਕੱਲ੍ਹ ਬਹੁਤ ਮਸ਼ਹੂਰ ਖੇਡ ਬਣ ਗਈ ਹੈ। ਇਸ ਵਿੱਚ ਦੋ ਉੱਚੇ ਪਹਾੜਾਂ ਜਾਂ ਖੰਭਿਆਂ ਵਿਚਕਾਰ ਇੱਕ ਰੱਸੀ ਬੰਨ੍ਹੀ ਜਾਂਦੀ ਹੈ ਅਤੇ ਇਸ ਨੂੰ ਪੈਦਲ ਪਾਰ ਕਰਨਾ ਪੈਂਦਾ ਹੈ। ਅਜਿਹੀ ਹੀ ਇੱਕ ਸਲੈਗ ਲਾਈਨਿੰਗ ਨੂੰ ਫ੍ਰੀ ਸੋਲੋ ਸਲੈਗ ਲਾਈਨਿੰਗ ਕਿਹਾ ਜਾਂਦਾ ਹੈ। ਇਸ ਵਿੱਚ ਸਲੈਗ ਲਾਈਨਰ ਇੱਕ ਰੱਸੀ ਉੱਤੇ ਚੱਲਦਾ ਹੈ ਅਤੇ ਉਹ ਵੀ ਬਿਨਾਂ ਕਿਸੇ ਸੁਰੱਖਿਆ ਉਪਕਰਨ ਦੇ, ਯਾਨੀ ਜੇਕਰ ਕੋਈ ਮਾਮੂਲੀ ਜਿਹੀ ਗਲਤੀ ਹੋ ਜਾਵੇ ਤਾਂ ਇਹ ਸਿੱਧਾ ਹਜ਼ਾਰਾਂ ਫੁੱਟ ਹੇਠਾਂ ਚਲਾ ਜਾਂਦਾ ਹੈ। ਫਿਡੀਕਨ ਇੱਕ ਅਜਿਹਾ ਪਰਬਤਾਰੋਹ ਹੈ ਜਿਸ ਨੇ 2009 ਵਿੱਚ ਸਲੈਗ ਲਾਈਨਿੰਗ ਸ਼ੁਰੂ ਕੀਤੀ ਅਤੇ ਸਖ਼ਤ ਮਿਹਨਤ ਕਰਦੇ ਰਹੇ ਅਤੇ ਕਈ ਮੁਸ਼ਕਲ ਚੁਣੌਤੀਆਂ ਨੂੰ ਪਾਰ ਕਰਦੇ ਰਹੇ। 24 ਅਗਸਤ, 2016 ਨੂੰ, ਉਸਨੇ ਇੱਕ ਉੱਚੇ ਝਰਨੇ 'ਤੇ 400 ਮੀਟਰ ਦੀ ਉਚਾਈ 'ਤੇ ਬੰਨ੍ਹੀ ਹੋਈ 72 ਮੀਟਰ ਲੰਬੀ ਰੱਸੀ 'ਤੇ ਚੱਲਿਆ ਅਤੇ ਬਿਨਾਂ ਕਿਸੇ ਸੁਰੱਖਿਆ ਉਪਕਰਨ ਦੇ ਇਸ ਚੁਣੌਤੀ ਨੂੰ ਪਾਰ ਕੀਤਾ। ਦੋ ਚੱਟਾਨਾਂ ਦੇ ਵਿਚਕਾਰ 400 ਮੀਟਰ ਦੀ ਉਚਾਈ 'ਤੇ ਰੱਸੀ 'ਤੇ ਚੱਲਣਾ ਅਤੇ ਉਹ ਵੀ ਬਿਨਾਂ ਕਿਸੇ ਸਾਜ਼-ਸਾਮਾਨ ਦੇ ਕਾਫ਼ੀ ਹਿੰਮਤ ਵਾਲਾ ਰਿਕਾਰਡ ਹੈ।

# ਇਸਰੋ

## ਸਫ਼ਲਤਾ ਦਾ ਨਵਾਂ ਇਤਿਹਾਸ ਲਿਖਣ ਦੇ ਹੈ ਸਮਰੱਥ




ਚੰਦਰਯਾਨ-3 ਦੀ ਸਫਲਤਾ ਦੀ ਗੂੰਜ ਪੂਰੀ ਦੁਨੀਆਂ 'ਚ ਸੁਣਾਈ ਦਿੱਤੀ ਹੈ। ਦੇਸ਼ ਭਰ ਵਿੱਚ ਦੀਵਾਲੀ ਵਰਗੇ ਜਸ਼ਨ ਮਨਾਏ ਗਏ ਪਰ ਇਸ ਇਤਿਹਾਸਕ ਸਫ਼ਲਤਾ ਪਿੱਛੇ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦਾ ਇਤਿਹਾਸਕ ਸੰਘਰਸ਼ ਛੁਪਿਆ ਹੋਇਆ ਹੈ। ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਜਿਸ ਦੀਆਂ ਪ੍ਰਾਪਤੀਆਂ ਨੂੰ ਪੂਰੀ ਦੁਨੀਆ ਸਵੀਕਾਰ ਕਰ ਰਹੀ ਹੈ, ਉਸ ਦੇ ਵਿਗਿਆਨੀ ਕਦੇ ਸਾਇਕਲਾਂ ਅਤੇ ਬੈਲ ਗੱਡੀਆਂ 'ਤੇ ਰਾਕੇਟ ਲੈ ਕੇ ਲਾਂਚ ਸਾਈਟ ਤੱਕ ਜਾਂਦੇ ਸਨ। ਇਸਰੋ ਦੇ ਵਿਗਿਆਨੀਆਂ ਨੇ ਸੰਘਰਸ਼ ਦਾ ਅਜਿਹਾ ਦੌਰ ਦੇਖਿਆ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦਾ ਰਹੇਗਾ। ਦੂਜੇ ਵਿਸ਼ਵ ਯੁੱਧ ਤੋਂ ਬਾਅਦ ਰੂਸ ਅਤੇ ਅਮਰੀਕਾ ਪੁਲਾੜ ਦਾ ਸਿਕੰਦਰ ਬਣਨ ਲਈ ਬੇਤਾਬ ਹੋ ਗਏ ਸਨ। ਦੋਵੇਂ ਦੇਸ਼ ਇੱਕ ਦੂਜੇ ਨੂੰ ਪਿੱਛੇ ਛੱਡਣ ਲਈ ਪਾਣੀ ਵਾਂਗ ਪੈਸਾ ਵਹਾ ਰਹੇ ਸਨ। ਰੂਸ ਨੇ ਪਹਿਲੀ ਵਾਰ 1957 ਵਿੱਚ ਪੁਲਾੜ ਵਿੱਚ ਕਦਮ ਰੱਖਿਆ ਸੀ। ਇਸ ਤੋਂ ਬਾਅਦ ਅਮਰੀਕਾ ਨੇ ਵੀ ਰੂਸ ਦਾ ਪਿੱਛਾ ਕੀਤਾ ਅਤੇ ਚੰਦਰਮਾ 'ਤੇ ਪਹੁੰਚ ਗਿਆ। 1969 'ਚ ਅਮਰੀਕਾ ਨੇ ਅਪੋਲੋ-11 ਮਿਸ਼ਨ 'ਤੇ 2 ਲੱਖ ਕਰੋੜ ਰੁਪਏ ਖਰਚ ਕੀਤੇ ਸਨ। ਜਦੋਂ ਕਿ ਮੰਗਲ 'ਤੇ ਜਾਣ ਲਈ ਭਾਰਤ ਨੂੰ 7 ਰੁਪਏ ਪ੍ਰਤੀ ਕਿਲੋਮੀਟਰ ਦਾ ਖਰਚਾ ਆਉਂਦਾ ਹੈ। ਆਮ ਤੌਰ 'ਤੇ ਆਟੋ ਦਾ ਕਿਰਾਇਆ ਇਸ ਤੋਂ ਵੱਧ ਹੁੰਦਾ ਹੈ, ਮੰਗਲਯਾਨ ਦੀ ਕੀਮਤ ਸਿਰਫ਼ 400 ਕਰੋੜ ਰੁਪਏ ਸੀ। ਚੰਦਰਯਾਨ-3 ਦੀ ਕੀਮਤ ਮਿਸ਼ਨ ਇੰਪੌਸੀਬਲ 7 ਦੀ ਲਾਗਤ ਦਾ ਸਿਰਫ਼ ਇੱਕ ਚੌਥਾ ਹਿੱਸਾ ਹੈ, ਯਾਨੀ ਕਿ 25 ਫ਼ੀਸਦੀ।

ਸੰਘਰਸ਼ ਦੀ ਕਹਾਣੀ ਉਸ ਸੁਨਹਿਰੀ ਵਰਤਮਾਨ ਦੀ ਇੱਕ ਮਿਸਾਲ ਹੈ ਜੋ ਅੱਜ ਭਾਰਤ ਦੀ ਪੁਲਾੜ ਦੌੜ ਵਿੱਚ ਦੇਖਣ ਨੂੰ ਮਿਲ ਰਿਹਾ ਹੈ। ਇਸ ਪੁਲਾੜ ਦੌੜ ਵਿੱਚ ਭਾਰਤ ਦੀ ਜਿੱਤ ਦਾ ਝੰਡਾ ਲਹਿਰਾ ਰਹੇ ਭਾਰਤੀ ਵਿਗਿਆਨੀਆਂ ਨੇ ਅਜਿਹੇ ਦਿਨ ਵੀ ਦੇਖੇ ਹਨ ਜਦੋਂ ਕੇਰਲ ਦੇ ਇੱਕ ਮੱਛੀ ਫੜਨ ਵਾਲੇ ਪਿੰਡ ਥੰਬਾ ਵਿੱਚ ਇੱਕ ਚਰਚ ਦੇ ਸਾਹਮਣੇ ਇੱਕ ਖਾਲੀ ਥਾਂ ਤੋਂ ਇੱਕ ਰਾਕੇਟ ਲਾਂਚ ਕੀਤਾ ਗਿਆ ਸੀ। ਚਰਚ ਦੇ ਬਿਸ਼ਪ ਦੇ ਘਰ ਨੂੰ ਇੱਕ ਪ੍ਰਯੋਗਸ਼ਾਲਾ ਬਣਾ ਦਿੱਤਾ ਗਿਆ ਸੀ. ਇਸ ਤੋਂ ਵੀ ਦਿਲਚਸਪ ਗੱਲ ਇਹ ਹੈ ਕਿ ਭਾਰਤ



ਪਹਿਲਾਂ ਰਾਕੇਟ ਲਈ ਲਾਂਚਿੰਗ ਪੈਡ ਵਜੋਂ ਨਾਰੀਅਲ ਦੇ ਦਰਖਤਾਂ ਦੀ ਵਰਤੋਂ ਕਰਦਾ ਸੀ। ਸਾਡੇ ਵਿਗਿਆਨੀਆਂ ਦਾ ਆਪਣਾ ਦਫ਼ਤਰ ਨਹੀਂ ਸੀ, ਉਹ ਕੈਥੋਲਿਕ ਚਰਚ ਸੇਂਟ ਮੈਰੀ ਦੇ ਮੁੱਖ ਦਫ਼ਤਰ ਵਿੱਚ ਬੈਠ ਕੇ ਸਾਰੀ ਵਿਉਂਤਬੰਦੀ ਕਰਦੇ ਸਨ। ਹੁਣ ਇਸਰੋ ਦੇ ਪੂਰੇ ਭਾਰਤ ਵਿੱਚ 13 ਕੇਂਦਰ ਹਨ। ਪੁਲਾੜ ਦੀ ਦੁਨੀਆ ਵਿੱਚ ਭਾਰਤ ਦੀ ਯਾਤਰਾ ਕੇਰਲ ਦੇ ਤੱਟ ਤੋਂ ਦੂਰ ਥੰਬਾ ਤੋਂ ਸ਼ੁਰੂ ਹੋਈ ਸੀ। ਭਾਰਤ ਨੇ ਆਪਣਾ ਪਹਿਲਾ ਸਾਊਂਡਿੰਗ ਰਾਕੇਟ 21 ਨਵੰਬਰ 1963 ਨੂੰ ਲਾਂਚ ਕੀਤਾ ਸੀ। ਉਸ ਸਮੇਂ, ਦੁਨੀਆਂ ਦੇ ਕਿਸੇ ਵੀ ਦੇਸ਼ ਨੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਇੱਕ ਦਿਨ ਭਾਰਤ ਪੁਲਾੜ ਵਿੱਚ ਇਸ ਤਰੀਕੇ ਨਾਲ ਉਡਾਣ ਭਰੇਗਾ ਜੋ ਸਾਰਿਆਂ ਲਈ ਇੱਕ ਮਿਸਾਲ ਬਣ ਜਾਵੇਗਾ। ਉਸ ਸਮੇਂ ਦੇਸ਼ ਵਿੱਚ ਆਵਾਜਾਈ ਦੇ ਸਾਧਨ ਵੀ ਨਹੀਂ ਸਨ। ਜਿਸ ਕਾਰਨ ਰਾਕੇਟ ਦੇ ਹਿੱਸੇ ਨੂੰ ਸਾਈਕਲ ਦੀ ਮਦਦ ਨਾਲ ਲਾਂਚਿੰਗ ਵਾਲੀ ਥਾਂ 'ਤੇ ਪਹੁੰਚਾਇਆ ਗਿਆ। ਪਹਿਲੇ ਰਾਕੇਟ ਦੇ ਹਿੱਸੇ ਵੀ ਸਾਈਕਲਾਂ 'ਤੇ ਲਿਜਾਏ ਗਏ ਸਨ।

ਕੋਈ ਸਮਾਂ ਸੀ ਜਦੋਂ ਸਾਧਨਾਂ ਦੀ ਘਾਟ ਕਾਰਨ ਬਲਦ ਗੱਡੀਆਂ ਰਾਹੀਂ ਰਾਕਟਾਂ ਦੀ ਢੋਆ-ਢੁਆਈ ਵੀ ਕੀਤੀ ਜਾਂਦੀ ਸੀ। 1981 ਵਿੱਚ, ਇਸਰੋ ਨੂੰ ਇੱਕ ਸੰਚਾਰ ਉਪਗ੍ਰਹਿ ਲਈ ਇੱਕ ਟੈਸਟ ਕਰਵਾਉਣਾ ਪਿਆ ਅਤੇ ਪੇਲੋਡ ਨੂੰ ਚੁੱਕਣ ਲਈ ਬੈਲ ਗੱਡੀਆਂ ਦੀ ਮਦਦ ਲੈਣੀ ਪਈ। ਇਸ ਤੋਂ ਇਲਾਵਾ ਭਾਰਤ ਦੇ ਪਹਿਲੇ ਰਾਕੇਟ ਦੇ ਲਾਂਚ ਸਮੇਂ ਭਾਰਤੀ ਵਿਗਿਆਨੀ ਹਰ ਰੋਜ਼ ਤਿਰੂਵਨੰਤਪੁਰਮ ਤੋਂ ਬੱਸਾਂ ਵਿੱਚ ਆਉਂਦੇ ਅਤੇ ਰੇਲਵੇ ਸਟੇਸ਼ਨ 'ਤੇ ਦੁਪਹਿਰ ਦਾ ਖਾਣਾ ਖਾਂਦੇ ਸਨ। ਇਸਰੋ ਦੀ ਸਥਾਪਨਾ ਡਾ. ਵਿਕਰਮ ਸਾਰਾਭਾਈ ਦੁਆਰਾ 15 ਅਗਸਤ 1969 ਨੂੰ, ਥੁੰਬਾ, ਕੇਰਲ ਤੋਂ ਪਹਿਲੇ ਰਾਕੇਟ ਲਾਂਚ ਕੀਤੇ ਜਾਣ ਤੋਂ 6 ਸਾਲ ਬਾਅਦ ਕੀਤੀ ਗਈ ਸੀ। ਭਾਰਤ ਵਿੱਚ ਪੁਲਾੜ ਖੋਜ ਲਈ ਭਾਰਤੀ ਰਾਸ਼ਟਰੀ ਕਮੇਟੀ ਦੀ ਸਥਾਪਨਾ ਪਹਿਲੀ ਵਾਰ 1962 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਅਤੇ ਉਨ੍ਹਾਂ ਦੇ ਨਜ਼ਦੀਕੀ ਸਹਿਯੋਗੀ ਅਤੇ ਵਿਗਿਆਨੀ ਵਿਕਰਮ ਸਾਰਾਭਾਈ ਦੇ ਯਤਨਾਂ ਰਾਹੀਂ ਕੀਤੀ ਗਈ ਸੀ, ਜਿਸ ਦੇ ਚੇਅਰਮੈਨ ਵਿਕਰਮ ਸਾਰਾਭਾਈ ਸਨ। ਬਾਅਦ ਵਿੱਚ, 1969 ਵਿੱਚ ਸੁਤੰਤਰਤਾ ਦਿਵਸ 'ਤੇ, ਡਾ: ਵਿਕਰਮ ਸਾਰਾਭਾਈ ਨੇ ਭਾਰਤੀ ਰਾਸ਼ਟਰੀ ਕਮੇਟੀ ਦੀ ਥਾਂ 'ਤੇ ਭਾਰਤੀ ਪੁਲਾੜ ਖੋਜ ਸੰਸਥਾ ਦੀ ਸਥਾਪਨਾ ਕੀਤੀ। ਡਾਕਟਰ ਵਿਕਰਮ ਸਾਰਾਭਾਈ ਨੂੰ ਭਾਰਤੀ ਪੁਲਾੜ ਪ੍ਰੋਗਰਾਮ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ।

(ਬਾਕੀ ਸਫ਼ਾ 30 'ਤੇ)

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਲੋਕਤੰਤਰ ਦੀ ਜੀਵਨ ਸ਼ਕਤੀ ਹਨ ਚੋਣਾਂ



## ਦੇਸ਼ ਦੇ ਲੋਕਤੰਤਰ ਦਾ ਬਹੁਤ ਨੁਕਸਾਨ ਕਰ ਰਹੀ ਹੈ ਰਿਉੜੀਆਂ ਨੂੰ ਵੰਡਣ ਦੀ ਰਾਜਨੀਤੀ

**ਲਲਿਤ ਗਰਗ**

ਜੇਕਰ ਹਕੀਕਤ ਵਿੱਚ ਦੇਖਿਆ ਜਾਵੇ ਤਾਂ ਲੋਕਤੰਤਰ ਇੱਕ ਅਰਥਵਿਵਸਥਾ ਦੇ ਰੂਪ ਵਿੱਚ ਰਹਿੰਦਾ ਹੈ, ਜਿਸ ਕੋਲ ਜਿੰਨਾ ਪੈਸਾ ਹੁੰਦਾ ਹੈ, ਓਨੀ ਹੀ ਜ਼ਿਆਦਾ ਵੋਟ ਉਹ ਖਰੀਦ ਸਕਦਾ ਹੈ। ਸਾਰੀਆਂ ਪਾਰਟੀਆਂ ਜਨਤਾ ਨਾਲ ਜੁੜੇ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਦੇ ਨਾਂ ’ਤੇ ਨਹੀਂ, ਸਗੋਂ ਪੈਸੇ ਦੇ ਆਧਾਰ ’ਤੇ ਚੋਣਾਂ ਜਿੱਤਣਾ ਚਾਹੁੰਦੀਆਂ ਹਨ।

ਪੰਜ ਸੂਬਿਆਂ ’ਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ, ਸਿਆਸੀ ਪਾਰਟੀਆਂ ਆਪਣੀ ਹੈਸੀਅਤ ਤੋਂ ਅੱਗੇ ਵੱਧ ਰਹੀਆਂ ਹਨ ਅਤੇ ਜਨਤਾ ਨੂੰ ਮੁਫ਼ਤ ਸਫ਼ਰ ਅਤੇ ਸਹੂਲਤਾਂ ਦੇਣ ਦੇ ਵਾਅਦਿਆਂ ਦਾ ਡੱਬਾ ਖੋਲ੍ਹ ਰਹੀਆਂ ਹਨ। ਸੁਧਾਰ ਇਨ੍ਹਾਂ ਚੋਣਾਂ ਵਿੱਚ ਵੀ ਕੋਈ ਨਜ਼ਰ ਨਹੀਂ ਆ ਰਿਹਾ, ਜਿੱਤਣ ਵਾਲੇ ਉਮੀਦਵਾਰ ਅਜੇ ਵੀ ਸਿਆਸੀ ਪਾਰਟੀਆਂ ਦੀ ਚੋਣ ਪ੍ਰਕਿਰਿਆ ਵਿੱਚ ਹਾਵੀ ਹਨ, ਪੈਸੇ ਦੀ ਤਾਕਤ ਇੱਕ ਵਾਰ ਫਿਰ ਦਿਖਾਈ ਦੇਵੇ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਯੋਗਤਾ ਅਤੇ ਪ੍ਰਾਪਤੀਆਂ ਇੱਕ ਵਾਰ ਫਿਰ ਹਵਾ ਵਿੱਚ ਹੋਣਗੀਆਂ। ਸਵਾਲ ਇਹ ਹੈ ਕਿ ਚੋਣ ਸੁਧਾਰਾਂ ਦੀ ਪ੍ਰਕਿਰਿਆ ਕਦੋਂ ਤਕ ਜ਼ੋਰਦਾਰ ਢੰਗ ਨਾਲ ਅੱਗੇ ਵਧੇਗੀ, ਚੋਣਾਂ ਲੋਕਤੰਤਰ ਦੀ ਜੀਵਨ ਸ਼ਕਤੀ ਹਨ। ਇਹ ਕੌਮੀ ਚਰਿੱਤਰ ਦਾ ਪ੍ਰਤੀਬਿੰਬ ਹੈ। ਲੋਕਤੰਤਰ ਦੀਆਂ ਸਿਹਤਮੰਦ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਚੋਣਾਂ ਦੀ ਤੰਦਰੁਸਤੀ, ਪਾਰਦਰਸ਼ਤਾ ਅਤੇ ਸ਼ੁੱਧਤਾ ਜ਼ਰੂਰੀ ਹੈ। ਲੋਕਤੰਤਰ ਦੀਆਂ ਜੜ੍ਹਾਂ ਉਦੋਂ ਖੋਖਲੀਆਂ ਹੋ ਜਾਂਦੀਆਂ ਹਨ ਜਦੋਂ ਚੋਣਾਂ ਦੀ ਪ੍ਰਕਿਰਿਆ ਗਲਤ ਹੋ ਜਾਂਦੀ ਹੈ।

ਚੋਣ ਪ੍ਰਕਿਰਿਆ ਮਹਿੰਗੀ ਅਤੇ ਪੈਸੇ ਦਾ ਦਬਦਬਾ ਹੋਣ ਕਾਰਨ ਇਹ ਤਰਕਹੀਣ ਅਤੇ ਲੋਕਤੰਤਰ ਦੀ ਆਤਮਾ ਦੀ ਉਲੰਘਣਾ ਹੈ। ਕਰੋੜਾਂ ਰੁਪਏ ਦੀ ਮਹਿੰਗੀ ਚੋਣ, ਚੰਗੇ ਲੋਕਾਂ ਦੇ ਲੋਕ ਨੁਮਾਇੰਦੇ ਬਣਨ ਦੇ ਰਾਹ ਬੰਦ ਕਰ ਦਿੰਦੀ ਹੈ ਅਤੇ ਪੈਸੇ ਦੀ ਤਾਕਤ ਅਤੇ ਕਾਰੋਬਾਰੀਆਂ ਲਈ ਰਾਹ ਖੋਲ੍ਹਦੀ ਹੈ। ਹਾਲ ਹੀ ਦੇ ਸਾਲਾਂ ਵਿੱਚ ਚੋਣ ਸੁਧਾਰਾਂ ਦੀ ਦਿਸ਼ਾ ਵਿੱਚ ਜਿੰਨੇ ਵੀ ਕਦਮ ਚੁੱਕੇ ਗਏ ਹਨ, ਉਨ੍ਹਾਂ ਵਿੱਚ ਸਿਆਸੀ ਪਾਰਟੀਆਂ ਦੀ ਬਜਾਏ ਸੁਪਰੀਮ ਕੋਰਟ ਜਾਂ ਚੋਣ ਕਮਿਸ਼ਨ ਨੇ ਸਭ ਤੋਂ ਅਹਿਮ ਭੂਮਿਕਾ ਨਿਭਾਈ ਹੈ। ਚੋਣ ਕਮਿਸ਼ਨ ਭਾਰਤ ਵਿੱਚ ਲੋਕ ਪ੍ਰਤੀਨਿਧਤਾ ਐਕਟ, 1951 ਦੇ ਤਹਿਤ ਚੋਣਾਂ ਕਰਵਾਉਂਦਾ ਹੈ। ਸਾਲ 1990 ਵਿੱਚ ਜਦੋਂ ਟੀ.ਐਨ.ਸ਼ੇਸ਼ਨ ਨੂੰ ਦੇਸ਼ ਦਾ ਮੁੱਖ ਚੋਣ ਕਮਿਸ਼ਨਰ ਬਣਾਇਆ ਗਿਆ ਤਾਂ ਉਨ੍ਹਾਂ ਨੇ ਚੋਣ ਸੁਧਾਰਾਂ ਵੱਲ ਕਦਮ ਪੁੱਟੇ ਜਿਨ੍ਹਾਂ ਨੂੰ ਅਸੰਭਵ ਮੰਨਿਆ ਜਾ ਰਿਹਾ ਸੀ। ਸੇਸ਼ਨ ਚੋਣ-ਸੁਧਾਰਾਂ ਦੇ ਪ੍ਰੇਰਕ ਬਣੇ ਅਤੇ ਉਨ੍ਹਾਂ ਨੇ ਕ੍ਰਾਂਤੀਕਾਰੀ ਕਦਮ ਚੁੱਕ ਕੇ ਦੇਸ਼ ਨੂੰ ਪਹਿਲੀ ਵਾਰ ਇਹ ਅਹਿਸਾਸ ਕਰਵਾਇਆ ਕਿ ਚੋਣ ਕਮਿਸ਼ਨ ਨਾਂ ਦੀ ਤਾਕਤਵਰ ਸੰਸਥਾ ਹੈ, ਜੋ ਬੰਦੂਕਾਂ ਦੇ ਬਲਬੂਤੇ ਬੂਥਾਂ ਨੂੰ ਲੁੱਟਣ ਵਾਲੇ ਅਪਰਾਧੀ ਅਨਸਰਾਂ ਨੂੰ ਨੱਥ ਪਾ ਸਕਦੀ ਹੈ। ਉਦੋਂ ਹੀ ਪਤਾ ਲੱਗਾ ਕਿ ਚੋਣ ਪ੍ਰਸ਼ਾਸਨ ਕਿੰਨਾ ਸਖ਼ਤ ਅਤੇ ਅਨੁਸ਼ਾਸਿਤ ਹੋ ਸਕਦਾ ਹੈ।

ਸੇਸ਼ਨ ਤੋਂ ਬਾਅਦ ਚੋਣ ਕਮਿਸ਼ਨ ਸਰਗਰਮ ਹੋ ਗਿਆ ਹੈ, ਪਰ ਸੇਸ਼ਨ ਵਰਗੇ ਪ੍ਰਭਾਵੀ ਕਦਮ ਚੁੱਕਣ ਦੀ ਕਮੀ ਅਜੇ ਵੀ ਦਿਖਾਈ ਦੇ ਰਹੀ ਹੈ। ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਅਰਵਿੰਦ ਕੇਜਰੀਵਾਲ, ਮੱਧ ਪ੍ਰਦੇਸ਼ ਵਿੱਚ ਸ਼ਿਵਰਾਜ ਸਿੰਘ ਚੌਹਾਨ ਅਤੇ ਰਾਜਸਥਾਨ ਵਿੱਚ ਅਸ਼ੋਕ ਗਹਿਲੋਤ ਨੇ ਰਿਊੜੀਆਂ ਨੂੰ ਮੁਫ਼ਤ ਵੰਡਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਪੈਸੇ ਦੀ ਤਾਕਤ ਅਤੇ ਬਾਹੂਬਲੀ ਤੋਂ ਬਾਅਦ ਇਨ੍ਹਾਂ ਸਾਲਾਂ ਵਿੱਚ ਵੱਧ ਤੋਂ ਵੱਧ ਮੁਫ਼ਤ ਸਹੂਲਤਾਂ ਦੇਣ ਦੇ ਐਲਾਨ ਸਮੁੱਚੇ ਲੋਕਤੰਤਰੀ ਸਿਸਟਮ ਨੂੰ ਦੂਸ਼ਿਤ ਕਰਨ ਦਾ ਕਾਰਨ ਬਣ ਰਹੇ ਹਨ। ਅਜਿਹੀ ਬੁਰਾਈ ਅਤੇ ਵਿਗਾੜ ਨੂੰ ਦੇਖ ਕੇ ਅੱਖਾਂ ਬੰਦ ਕਰਨਾ ਜਾਂ ਕੰਨਾਂ ਵਿੱਚ ਉਂਗਲਾਂ ਪਾਉਣਾ ਕੌਮ ਪ੍ਰਤੀ ਲੋਕਾਂ ਦੀ ਉਦਾਸੀਨਤਾ ਦਾ ਪ੍ਰਤੀਕ ਹੈ, ਲੋੜ ਹੈ ਇਸ ਵਿਰੁੱਧ ਲੋਕ ਚੇਤਨਾ ਜਗਾਉਣ ਦੀ। ਇਹ ਸਮੱਸਿਆ ਜਾਂ ਵਿਗਾੜ ਕਿਸੇ ਇੱਕ ਸੂਬੇ ਦੀ ਨਹੀਂ, ਸਗੋਂ ਸਮੁੱਚੇ ਦੇਸ਼ ਦੀ ਜਮਹੂਰੀ ਸਮੱਸਿਆ ਹੈ।




ਸਾਲ 2015 ਵਿੱਚ ਚੋਣ ਕਮਿਸ਼ਨ ਨੇ ਆਪਣੀ ਚੋਣ ਗਾਈਡ ਲਾਈਨ ਵਿੱਚ ਕਿਹਾ ਸੀ ਕਿ ਸਿਆਸੀ ਪਾਰਟੀਆਂ ਵੱਲੋਂ ਚੋਣ ਮੈਦਾਨ ਵਿੱਚ ਉੱਤਰਨ ਸਮੇਂ ਵੋਟਰਾਂ ਨਾਲ ਜੋ ਵਾਅਦੇ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਇਹ ਵੀ ਦੱਸਣਾ ਹੋਵੇਗਾ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਕਿਸ ਸਰੋਤ ਤੋਂ ਇਨ੍ਹਾਂ ਨੂੰ ਪੂਰਾ ਕਰਨਗੇ। ਅਜਿਹੀ ਗਾਇਨੀ ਲਾਈਨ ਕਿੱਥੇ ਵੇਖੀ ਜਾਂਦੀ ਹੈ? ਪੰਜ ਰਾਜਾਂ ਵਿੱਚ ਹੋਣ ਜਾ ਰਹੀਆਂ ਆਮ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਦੇ ਮੱਦੇ-ਨਜ਼ਰ ਚੋਣ ਕਮਿਸ਼ਨ ਨੂੰ ਘੱਟੋ-ਘੱਟ ਇਸ ਵਾਰ ਆਪਣੇ ਦਿਸ਼ਾ-ਨਿਰਦੇਸ਼ਾਂ ਨੂੰ ਸਖ਼ਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਕਿਉਂਕਿ ਰਾਜਨੀਤੀ ਵਿੱਚ ਸੇਵਾ ਜ਼ਿਆਦਾਤਰ ਦਿਖਾਵੇ ਵਾਲੀ ਹੋ ਗਈ ਹੈ, ਇਸ ਲਈ ਇਕੋ ਇਕ ਮਨੋਰਥ ਵਿਅਕਤੀਗਤ ਅਤੇ ਪਾਰਟੀ ਪੱਧਰ ’ਤੇ, ਸੱਤਾ ਹਾਸਲ ਕਰਨਾ ਹੈ। ਮੁਫ਼ਤ ਵੰਡਣ ਜਾਂ ਫਾਲਤੂ ਸਹੂਲਤਾਂ ਦੇ ਐਲਾਨ ਪਿੱਛੇ ਵੀ ਇਹੀ ਮਨੋਰਥ ਹੈ। ਆਖ਼ਰ ਇਸ ਸਾਰੀ ਪ੍ਰਕਿਰਿਆ ਵਿੱਚ ਨੁਕਸਾਨ ਜਨਤਾ ਦਾ ਹੀ ਹੁੰਦਾ ਹੈ। ਆਖ਼ਰ ਇਹ ਲੋਕ ਹੀ ਹਨ ਜੋ ਕਈ ਤਰ੍ਹਾਂ ਦੇ ਨਵੇਂ ਟੈਕਸਾਂ ਅਤੇ ਮਹਿੰਗਾਈ ਦੇ ਬੋਝ ਹੇਠ ਦੱਬੇ ਹੋਏ ਹਨ। ਹੁਣ ਲੋੜ ਬਣ ਗਈ ਹੈ ਕਿ ਚੋਣ ਕਮਿਸ਼ਨ 2015 ਦੇ ਆਪਣੇ ਦਿਸ਼ਾ-ਨਿਰਦੇਸ਼ਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਦਿਸ਼ਾ ਵਿੱਚ ਅੱਗੇ ਵਧੇ। ਸਿਆਸੀ ਪਾਰਟੀਆਂ ਨੂੰ ਜਨਤਾ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਜੋ ਵਾਅਦੇ ਕਰ ਰਹੇ ਹਨ, ਉਨ੍ਹਾਂ ਨੂੰ ਉਹ ਕਿਸ ਸਰੋਤ ਤੋਂ ਪੂਰਾ ਕਰਨਗੇ। ਫਿਰ ਵੋਟਰ ਵੀ ਫਾਇਦਾ ਜਾਂ ਨੁਕਸਾਨ ਸਮਝ ਸਕੇਗਾ। ਫਿਰ ਸ਼ਾਇਦ ਉਹ ਵੀ ਵੋਟ ਪਾਉਣ ਵੇਲੇ ਆਪਣੀ ਜ਼ਮੀਰ ’ਤੇ ਭਰੋਸਾ ਕਰਨ ਵੱਲ ਵਧਣਾ ਸ਼ੁਰੂ ਕਰ ਸਕਦਾ ਹੈ।



ਚੋਣਾਂ ਵਿੱਚ ਪੈਸੇ ਦੀ ਤਾਕਤ ਦੀ ਵੱਧ ਰਹੀ ਵਰਤੋਂ ਅਤੇ ਔਰਤਾਂ ਨੂੰ ਮੁਫ਼ਤ ਵੰਡਣ ਦਾ ਭ੍ਰਿਸ਼ਟ ਅਤੇ ਪੱਖਪਾਤੀ ਅਮਲ ਚਿੰਤਾ ਦਾ ਕਾਰਨ ਹੋਣਾ ਚਾਹੀਦਾ ਹੈ। ਕੀ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਤੇ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਵਧਦੀ ਮਹਿੰਗਾਈ, ਬੇਰੁਜ਼ਗਾਰੀ, ਖੜੋਤ ਕਾਰੋਬਾਰ ਅਤੇ ਜੀਵਨ ਸੰਕਟ ਦੇ ਹੱਲ ਲਈ ਕੋਈ ਆਦਰਸ਼ ਪੇਸ਼ ਕਰ ਸਕਣਗੀਆਂ? ਇਸ ਗੱਲ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਿਹੜੇ ਲੋਕ ਚੋਣ ਜਿੱਤਣ ਲਈ ਇੰਨਾ ਖਰਚ ਕਰ ਸਕਦੇ ਹਨ, ਉਹ ਜਿੱਤਣ ਤੋਂ ਬਾਅਦ ਕੀ ਕਰਨਗੇ, ਪਹਿਲਾਂ ਆਪਣੀ ਜੇਬ ਭਰਨਗੇ, ਆਮ ਜਨਤਾ ’ਤੇ ਆਰਥਿਕ ਦਬਾਅ ਪਾਉਣਗੇ। ਮੁੱਖ ਗੱਲ ਇਹ ਹੈ ਕਿ ਇਹ ਸਾਰਾ ਪੈਸਾ ਕਿੱਥੋਂ ਆਉਂਦਾ ਹੈ? ਇੰਨੇ ਪੈਸੇ ਕੌਣ ਦਿੰਦਾ ਹੈ? ਅਮੀਰ ਲੋਕ ਆਪਣਾ ਖ਼ਜ਼ਾਨਾ ਖੋਲ੍ਹਦੇ ਹਨ, ਬਹੁਤ ਸਾਰੀਆਂ ਕੰਪਨੀਆਂ ਹਨ ਜੋ ਇਨ੍ਹਾਂ ਸਾਰੀਆਂ ਚੋਣ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਚੰਦੇ ਦੇ ਰੂਪ ਵਿੱਚ ਪੈਸਾ ਦਿੰਦੀਆਂ ਹਨ। ਜੇਕਰ ਹਕੀਕਤ ਵਿੱਚ ਦੇਖਿਆ ਜਾਵੇ ਤਾਂ ਲੋਕਤੰਤਰ ਇੱਕ ਅਰਥਵਿਵਸਥਾ ਦੇ ਰੂਪ ਵਿੱਚ ਰਹਿੰਦਾ ਹੈ, ਜਿਸ ਕੋਲ ਜਿੰਨਾ ਪੈਸਾ ਹੁੰਦਾ ਹੈ, ਓਨੀ ਹੀ ਜ਼ਿਆਦਾ ਵੋਟ ਉਹ ਖਰੀਦ ਸਕਦਾ ਹੈ। ਸਾਰੀਆਂ ਪਾਰਟੀਆਂ ਜਨਤਾ ਨਾਲ ਜੁੜੇ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਦੇ ਨਾਂ ’ਤੇ ਨਹੀਂ, ਸਗੋਂ ਪੈਸੇ ਦੇ ਆਧਾਰ ’ਤੇ ਚੋਣਾਂ ਜਿੱਤਣਾ ਚਾਹੁੰਦੀਆਂ ਹਨ। ਕੋਈ ਵੀ ਇਮਾਨਦਾਰੀ ਅਤੇ ਸੇਵਾ ਭਾਵਨਾ ਨਾਲ ਚੋਣ ਨਹੀਂ ਲੜਨਾ ਚਾਹੁੰਦਾ। ਸਿਆਸੀ ਖਿਡਾਰੀ ਸੱਤਾ ਦੀ ਦੌੜ ਵਿੱਚ ਇੰਨੇ ਰੁੱਝੇ ਹੋਏ ਹਨ ਕਿ ਉਨ੍ਹਾਂ ਲਈ ਵਿਕਾਸ, ਲੋਕ ਸੇਵਾ, ਸੁਰੱਖਿਆ, ਮਹਾਂਮਾਰੀ, ਅੱਤਵਾਦ, ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਗੱਲ ਕਰਨੀ ਅਰਥਹੀਣ ਹੋ ਗਈ ਹੈ। ਸਾਰੀਆਂ ਪਾਰਟੀਆਂ ਜਨਤਾ ਨੂੰ ਗੁੰਮਰਾਹ ਕਰਦੀਆਂ ਨਜ਼ਰ ਆ ਰਹੀਆਂ ਹਨ। ਸਾਰੀਆਂ ਪਾਰਟੀਆਂ ਨੋਟਾਂ ਦੇ ਬਦਲੇ ਵੋਟਾਂ ਚਾਹੁੰਦੀਆਂ ਹਨ। ਰਾਜਨੀਤੀ ਹੁਣ ਵਪਾਰ ਬਣ ਗਈ ਹੈ। ਜ਼ਿੰਦਗੀ ਦੀਆਂ ਸਾਰੀਆਂ ਕਦਰਾਂ-ਕੀਮਤਾਂ ਨੂੰ ਚਕਨਾਚੂਰ ਕਰ ਦਿੱਤਾ ਗਿਆ ਹੈ, ਪੈਸੇ ਅਤੇ ਨਿੱਜੀ ਹਿੱਤਾਂ ਲਈ ਸੱਤਾ ਪ੍ਰਾਪਤੀ ਸਭ ਤੋਂ ਵੱਡਾ ਟੀਚਾ ਬਣ ਗਿਆ ਹੈ, ਭਾਵੇਂ ਉਹ ਵਿਧਾਨ ਸਭਾ ਚੋਣਾਂ ਦੀ ਗੱਲ ਹੋਵੇ ਜਾਂ ਲੋਕ ਸਭਾ ਚੋਣਾਂ। ਪਰ ਇਸ ਤਰ੍ਹਾਂ ਜਮਹੂਰੀਅਤ ਦੀ ਆਤਮਾ ਦੀ ਹੀ ਉਲੰਘਣਾ ਹੁੰਦੀ ਹੈ, ਇਸ ਸਭ ਤੋਂ ਉੱਨਤ ਅਤੇ ਆਦਰਸ਼ ਸ਼ਾਸਨ ਪ੍ਰਣਾਲੀ ’ਤੇ ਕਈ ਸਵਾਲੀਆ ਨਿਸ਼ਾਨ ਖੜ੍ਹੇ ਹੁੰਦੇ ਹਨ।

ਆਉਣ ਵਾਲੀਆਂ ਚੋਣਾਂ ਦੀ ਸਭ ਤੋਂ ਵੱਡੀ ਵਿਡੰਬਨਾ ਅਤੇ ਵਿਅੰਗ ਇਹ ਹੈ ਕਿ ਇਹ ਚੋਣਾਂ ਆਰਥਿਕ ਅਸਮਾਨਤਾ ਦੇ ਪਾੜੇ ਨੂੰ ਪੂਰਾ ਕਰਨ ਦੀ ਬਜਾਏ ਹੋਰ ਵਧਾਉਣ ਵਾਲੀਆਂ ਸਾਬਤ ਹੋਣਗੀਆਂ, ਕਿਉਂਕਿ ਇਹ ਚੋਣਾਂ ਹੁਣ ਤੱਕ ਦੀਆਂ ਸਭ ਤੋਂ ਮਹਿੰਗੀਆਂ ਹੋਣ ਜਾ ਰਹੀਆਂ ਹਨ, ਇਸ ਲਈ ਇਨ੍ਹਾਂ ਚੋਣਾਂ ਤੋਂ ਪਹਿਲਾਂ ਜਿਸ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਜਾਂ ਐਲਾਨੀਆ ਜਾਣਗੀਆਂ, ਉਹ ਨਵੀਆਂ ਸਰਕਾਰਾਂ ਲਈ ਵੱਡੀ ਚੁਣੌਤੀ ਹੋਵੇਗੀ। ਇਹ ਸੰਭਵ ਹੈ ਕਿ ਅਜਿਹੇ ਅਤਿਕਥਨੀ ਐਲਾਨ ਕਰਨ ਅਤੇ ਮੁਫ਼ਤ ਵੰਡਣ ਵਾਲੀਆਂ ਪਾਰਟੀਆਂ ਦੁਆਰਾ ਸਰਕਾਰਾਂ ਬਣਾਈਆਂ ਜਾਣ। ਪਰ ਸਵਾਲ ਇਹ ਹੈ ਕਿ ਉਹ ਇਨ੍ਹਾਂ ਭਰੋਸੇ ਅਤੇ ਐਲਾਨਾਂ ਨੂੰ ਪੂਰਾ ਕਰਨ ਲਈ ਪੈਸਾ ਕਿੱਥੋਂ ਲਿਆਉਣਗੇ? ਜਿਵੇਂ ਹੀ ਆਮ ਆਦਮੀ ਪਾਰਟੀ ਮੁਫ਼ਤ ਦੇ ਵਾਅਦੇ ਨਾਲ ਪੰਜਾਬ ਵਿੱਚ ਸੱਤਾ ਵਿੱਚ ਆਈ ਹੈ, ਇਸ ਦੇ ਬੋਰਡਾਂ ਅਤੇ ਕਾਰਪੋਰੇਸ਼ਨਾਂ ਨੂੰ ਹੁਣ ਫੰਡਾਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਿੱਲੀ ਦਾ ਵੀ ਇਹੀ ਹਾਲ ਹੈ। ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ ਵਿੱਚ ਸਾਲਾਂ ਤੋਂ ਨਵੀਆਂ ਬੱਸਾਂ ਨਹੀਂ ਆਈਆਂ, ਸੜਕਾਂ ਦਾ ਬੁਰਾ ਹਾਲ ਹੈ ਅਤੇ ਨਿਗਮ ਨੂੰ ਕਰੀਬ 45 ਹਜ਼ਾਰ ਕਰੋੜ ਦਾ ਘਾਟਾ ਝੱਲਣਾ ਪੈ ਰਿਹਾ ਹੈ। ਦਿੱਲੀ ਜਲ ਬੋਰਡ ਵੀ ਸੱਤਰ ਹਜ਼ਾਰ ਕਰੋੜ ਦੇ ਘਾਟੇ ਵਿੱਚ ਹੈ। ਪੰਜਾਬ ਵਿੱਚ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨਾ ਵੀ ਔਖਾ ਹੋ ਗਿਆ ਹੈ। ਜਦੋਂ ਕਿ ਸੱਤਾਧਾਰੀ ਪਾਰਟੀ ਨੇ ਚੋਣ ਲੜਨ ਸਮੇਂ ਇਹ ਵਾਅਦਾ ਕੀਤਾ ਸੀ। ਹਿਮਾਚਲ ਵਿੱਚ ਵੀ ਕਾਂਗਰਸ ਔਰਤਾਂ ਨੂੰ ਬੁਢਾਪਾ ਪੈਨਸ਼ਨ ਅਤੇ ਮਹੀਨੇਵਾਰ ਭੱਤਾ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ। ਪਰ ਵਧਦੇ ਵਿੱਤੀ ਬੋਝ ਕਾਰਨ ਵਾਅਦਿਆਂ ਨੂੰ ਲਾਗੂ ਕਰਨਾ ਔਖਾ ਹੁੰਦਾ ਜਾ ਰਿਹਾ ਹੈ। ਕਾਂਗਰਸ ਨੇ ਮਈ ਵਿੱਚ ਕਰਨਾਟਕ ਵਿਧਾਨ ਸਭਾ ਚੋਣਾਂ ਵਿੱਚ ਪੰਜ ਗਾਰੰਟੀਆਂ ਦਾ ਵਾਅਦਾ ਕਰਕੇ ਜਿੱਤ ਹਾਸਲ ਕੀਤੀ ਸੀ। ਪਰ ਹੁਣ ਗਾਰੰਟੀ ਪੂਰੀ ਕਰਨੀ ਔਖੀ ਹੁੰਦੀ ਜਾ ਰਹੀ ਹੈ। ਜੇਕਰ ਆਮ ਵਿਕਾਸ ਲਈ ਫੰਡਾਂ ਦੀ ਘਾਟ ਹੈ ਤਾਂ ਇਨ੍ਹਾਂ ਸੁਨਹਿਰੀ ਸੁਪਨਿਆਂ ਦੇ ਐਲਾਨਾਂ ਨੂੰ ਰੂਪ ਦੇਣ ਅਤੇ ਪੂਰਾ ਕਰਨ ਲਈ ਫੰਡ ਕਿੱਥੋਂ ਆਉਣਗੇ? ਆਖ਼ਰ ਕਦੋਂ ਤੱਕ ਚੋਣਾਂ ਅਜਿਹੀਆਂ ਗੜਬੜੀਆਂ ’ਤੇ ਸਵਾਰ ਹੁੰਦੀਆਂ ਰਹਿਣਗੀਆਂ?

# 22 ਮੰਜੀਆਂ (ਉਪਦੇਸ਼ਕ ਗੱਦੀਆਂ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਕਿਸੇ ਵੀ ਸਮਾਜਿਕ ਪ੍ਰਬੰਧ ਜਾਂ ਧਰਮ ਨੂੰ ਕਾਇਮ ਰਹਿਣ ਲਈ ਉਹਨਾਂ ਸਮਾਜਿਕ ਕਦਰਾਂ ਕੀਮਤਾਂ ਦੀ ਸੰਭਾਲ ਕਰਨੀ ਪੈਂਦੀ ਹੈ, ਜਿਸ ਦੇ ਸਹਾਰੇ ਉਹ ਕਾਇਮ ਹੈ। ਚੱਜ ਆਚਾਰ ਦਾ ਤੱਤ ਉਹ ਮਨੋਰਥ ਹੈ, ਜੋ ਇਸ ਪ੍ਰਬੰਧ ਨੂੰ ਤੋਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੀ ਭਲਾਈ ਦੇ ਸੰਕਲਪ ਨੂੰ ਤੋਰਨ ਲਈ ਪਹਿਲੀ ਉਦਾਸੀ ਵਿੱਚ ਹਿੰਦੂ ਪੁਰਬਾਂ ਸਮੇਂ ਭਾਰਤ ਦੇ ਸਾਰੇ ਹਿੰਦੂ ਤੀਰਥਾਂ ਵਿਖੇ ਆਪਣਾ ਪ੍ਰਚਾਰ ਕਾਇਮ ਰੱਖਣ ਲਈ ਕਈ ਥਾਈਂ ਪ੍ਰਚਾਰ ਕੇਂਦਰ ਬਣਾਏ ਅਤੇ ਯੋਗ ਸਿੱਖ ਪ੍ਰਚਾਰਕ ਥਾਪੇ, ਪ੍ਰਚਾਰਕ ਨੇ ਗੁਰ ਉਪਦੇਸ਼ ਸਰਵਣ ਕਰਾਉਣ ਵੇਲੇ ਆਪਣੇ ਸਾਹਮਣੇ ਬੈਠੀ ਸੰਗਤ ਵੱਲ ਨਿਗਾਹ ਮਾਰਨੀ ਹੁੰਦੀ ਹੈ। ਜਿਸ ਲਈ ਉਸ ਨੂੰ ਉੱਚੇ ਥਾਂ ਬੈਠਣਾ ਪੈਂਦਾ ਹੈ। ਉੱਚੇ ਥਾਂ ਲਈ ਆਮ ਤੌਰ 'ਤੇ ਮੰਜੀ ਹੀ ਵਰਤੀ ਜਾਂਦੀ ਸੀ। ਜਿਸ ਉੱਤੇ ਬੈਠ ਕੇ ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀ ਕਥਾ ਸੁਣਾਉਂਦਾ ਸੀ। ਹਰੇਕ ਸਿੱਖ ਆਪਣੇ ਆਪ ਪ੍ਰਚਾਰਕ ਨਹੀਂ ਸੀ ਬਣ ਜਾਂਦਾ। ਪ੍ਰਚਾਰ ਉਹੀ ਕਰਦਾ ਸੀ ਜਿਸ ਨੂੰ ਸਤਿਗੁਰੂ ਵੱਲੋਂ ਪ੍ਰਵਾਨਗੀ ਮਿਲੇ। ਸਿੱਖਾਂ ਵਿੱਚ ਇਹ ਉੱਚੀ ਧਾਰਮਿਕ ਪਦਵੀ ਬੜੇ ਸਤਿਕਾਰ ਤੇ ਇਤਬਾਰ ਵਾਲੀ ਸੀ। ਪ੍ਰਚਾਰਕ ਨੂੰ ਮੰਜੀ ਬਖਸ਼ੀ ਵਾਲਾ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਯੋਗ ਸਿੱਖਾਂ ਨੂੰ ਮੰਜੀ ਬਖ਼ਸ਼ਦੇ ਗਏ। ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ,ਸੰਗਤ, ਲੰਗਰ ਤੇ ਮੰਜੀਆਂ ਆਦਿ ਧਾਰਮਿਕ ਸੰਸਥਾਵਾਂ ਚਲਾਈਆਂ। ਗੁਰੂ ਸਾਹਿਬ ਨੇ ਆਪਣੀਆਂ ਪ੍ਰਚਾਰ ਉਦਾਸੀਆਂ ਪੂਰੀਆਂ ਕਰਨ ਪਰੰਤ ਕਰਤਾਰਪੁਰ ਨਿਵਾਸ ਕੀਤਾ। ਇਹ ਸਥਾਨ ਸਿੱਖ ਧਰਮ ਦੀ ਕੇਂਦਰੀ ਧਰਮਸ਼ਾਲਾ ਬਣ ਗਿਆ। ਜਿਥੇ ਉਹਨਾਂ ਦੇ ਪੈਰੋਕਾਰ ਗੁਰ ਦਰਸ਼ਨਾਂ ਲਈ ਇਕੱਠੇ ਹੁੰਦੇ ਸਨ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਧਰਮ ਸੰਕਲਪ ਨੂੰ ਪ੍ਰਚਾਰਨ ਵਾਸਤੇ ਆਪਣੇ ਗੁਰੂ ਕਾਲ ਦਾ ਸਮਾਂ ਰਾਵੀ ਬਿਆਸ ਦੇ ਪਿੰਡਾਂ ਦੇ ਇਲਾਕੇ ਵਿੱਚ ਲਾਇਆ।

ਹੋਰਨਾਂ ਗੁਰੂ ਸਾਹਿਬਾਨ ਨੇ ਵੀ ਧਾਰਮਿਕ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਤੇ ਵਧਾਇਆ। ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸੰਸਥਾ ਨੂੰ ਬਕਾਇਦਾ ਨੇਮਬਧ ਕੀਤਾ। ਜਾਤਿ ਅਭਿਮਾਨੀਆਂ ਦੀ ਵਿਰੋਧਤਾ ਦੇ ਬਾਵਜੂਦ ਵੀ ਸਿੱਖਾਂ ਦੀ ਗਿਣਤੀ ਵੱਧਦੀ ਗਈ। ਗੋਇੰਦਵਾਲ ਬਾਉਲੀ ਦੇ ਨਿਰਮਾਣ ਤੱਕ ਸਿੱਖਾਂ ਵਿੱਚ ਬੜੀ ਜਾਗ੍ਰਿਤੀ ਆ ਚੁੱਕੀ ਸੀ। ਸਮੇਂ ਦੀ ਲੋੜ ਸੀ ਕਿ ਇਸ ਧਰਮ ਪ੍ਰਚਾਰ ਨੂੰ ਮਜ਼ਬੂਤ ਕੀਤਾ ਜਾਵੇ। ਗੁਰੂ ਅਮਰਦਾਸ ਜੀ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲਿਆ ਸੀ ਕਿਉਂਕਿ ਉਹ ਬ੍ਰਹਮਚਾਰੀ ਤੇ ਤਿਆਗੀ ਸਨ। ਉਹ ਤਿਆਗ ਵਿੱਚ ਹੀ ਜੀਵਨ ਗੁਜਾਰ ਰਹੇ ਸਨ। ਗੁਰੂ ਸਾਹਿਬ ਨੇ ਪ੍ਰਚਾਰ ਕੀਤਾ ਕਿ ਸਿੱਖ ਧਰਮ ਵਿੱਚ ਗ੍ਰਹਿਸਥੀ ਜੀਵਨ ਦੀ ਬੜੀ ਅਹਿਮੀਅਤ ਹੈ। ਜਿਸ ਵਿੱਚ ਰਹਿ ਕੇ ਬੇਗਰਜ਼ ਸੇਵਾ ਕਰਨ 'ਤੇ ਜ਼ੋਰ ਦਿੱਤਾ। ਬੇਗਰਜ਼ ਸੇਵਾ ਨੂੰ ਮੁਕਤੀ ਦੇ ਰਾਹ ਨਾਲ ਜੋੜ ਦਿੱਤਾ। ਇਸ ਧਾਰਮਿਕ ਪ੍ਰੇਰਨਾ ਨਾਲ ਵਧੇਰੇ ਸੰਗਤਾਂ ਸਿੱਖ ਧਰਮ ਨਾਲ ਜੁੜੀਆਂ।

ਗੁਰੂ ਅਮਰਦਾਸ ਜੀ ਨੇ ਸਿੱਖ ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆਂ ਵਿੱਚ ਵੰਡਿਆ ਅਤੇ 22 ਮੰਜੀਆਂ ਥਾਪੀਆਂ। ਨਾਲ ਹੀ 22 ਸਿਆਣੇ ਪੈਰੋਕਾਰਾਂ ਨੂੰ 22 ਮੰਜੀਆਂ ਦੇ ਪ੍ਰਚਾਰ ਕੇਂਦਰਾਂ 'ਤੇ ਨਿਯੁਕਤ ਕੀਤਾ। ਉਹ ਆਪਣੇ ਇਲਾਕੇ ਦੇ ਧਾਰਮਿਕ ਮੁਖੀ ਹੁੰਦੇ ਸਨ। ਉਹ ਸੰਗਤਾਂ ਦੀਆਂ ਧਾਰਮਿਕ ਤੇ ਸੰਸਾਰਕ ਲੋੜਾਂ ਦਾ ਧਿਆਨ ਰੱਖਦੇ ਸਨ। ਉਹ ਸੰਗਤ ਨੂੰ ਗੁਰੂ ਨਾਲ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਗੁਰੂ ਦਾ ਹੁਕਮ ਸੰਗਤਾਂ ਤਕ ਪਹੁੰਚਾਉਂਦੇ ਸਨ। ਸੰਗਤਾਂ ਦੀਆਂ ਮਨੋਕਾਮਨਾਂਵਾਂ ਗੁਰੂ ਦੇ ਧਿਆਨ ਵਿੱਚ ਲਿਆਉਂਦੇ ਸਨ। ਉਹ ਚੜ੍ਹਾਵਾ ਇਕੱਠਾ ਕਰਕੇ ਕੇਂਦਰੀ ਖ਼ਜ਼ਾਨੇ ਵਿੱਚ ਭੇਜਦੇ ਸਨ, ਜਿਥੇ ਗੁਰੂ ਮਾਇਆ ਨੂੰ ਸਾਂਝੇ ਕਾਰਜਾਂ ਵਾਸਤੇ ਵਰਤਦੇ ਸਨ। ਗੁਰੂ ਅਰਜਨ ਦੇਵ ਜੀ ਨੇ ਇਹਨਾਂ ਚੜ੍ਹਾਵਿਆਂ ਨੂੰ ਨੇਮਬਧ ਕੀਤਾ। ਉਹਨਾਂ ਨੇ ਸਾਂਝੇ ਕਾਰਜਾਂ ਵਾਸਤੇ ਹਰ ਇੱਕ ਸਿੱਖ ਲਈ ਦਸਵੰਧ (ਆਪਣੀ ਆਮਦਨੀ ਦਾ ਦਸਵਾਂ ਹਿੱਸਾ) ਦੇਣਾ ਨਿਸ਼ਚਿਤ ਕੀਤਾ। ਗੁਰੂ ਅਮਰਦਾਸ ਜੀ ਨੇ ਆਪਣਾ ਪ੍ਰਚਾਰ ਕੇਂਦਰ ਗੋਇੰਦਵਾਲ ਬਣਾਇਆ। ਜਿਥੇ ਸਿੱਖ ਸੰਗਤਾਂ ਸਮਾਗਮਾਂ 'ਤੇ ਇਕੱਠੀਆਂ ਹੁੰਦੀਆਂ। ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਤੇ ਤਰਨ ਤਾਰਨ ਪ੍ਰਚਾਰ ਕੇਂਦਰ ਬਣਾਏ। ਬਾਅਦ ਵਿੱਚ ਅੰਮ੍ਰਿਤਸਰ ਸਿੱਖਾਂ ਲਈ ਇੱਕ ਕੇਂਦਰੀ ਧਾਰਮਿਕ ਕੇਂਦਰ ਬਣਿਆ। ਜਿਨ੍ਹਾਂ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ ਗੱਦੀਆਂ) ਬਖ਼ਸ਼ੀਆਂ ਦਾ ਜੀਵਨ ਵੇਰਵਾ ਦਿੱਤਾ ਜਾਂਦਾ ਹੈ :

1. ਅੱਲਾਯਾਰ : ਉਹ ਅੱਲਾ ਸ਼ਾਹ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਸੀ। ਜੋ ਦਿੱਲੀ ਅਤੇ ਲਾਹੌਰ ਵਿੱਚਕਾਰ ਘੋੜਿਆਂ ਦਾ ਵਪਾਰ ਕਰਦਾ ਸੀ। ਦਿੱਲੀ ਤੋਂ ਪਰਤਦਿਆਂ ਬਿਆਸ ਕੰਢੇ ਡੱਲਾ ਨਿਵਾਸੀ ਭਾਈ ਪਾਰੋ ਜੀ ਮਿਲ ਪਏ। ਜਿਸ ਤੋਂ ਇਸ ਦੇ ਦਿਲ ਵਿੱਚ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋਈ। ਸਤਿਗੁਰੂ ਜੀ ਕੋਲ ਗੋਇੰਦਵਾਲ ਉਸਨੇ ਸਿੱਖੀ ਧਾਰਨ ਕੀਤੀ। ਇਸ ਦਾ ਜੀਵਨ ਗੁਰਮੁਖ ਸਿੱਖਾਂ ਵਿੱਚ ਗਿਣਿਆ ਜਾਂਦਾ ਹੈ। ਗੁਰੂ ਜੀ ਨੇ ਇਸ ਨੂੰ ਧਰਮ ਪ੍ਰਚਾਰ ਦੀ ਸੇਵਾ ਸੌਂਪ ਦਿੱਤੀ।

2. ਸੱਚਨ ਸੱਚ : ਇਹ ਲਾਹੌਰ ਦੀ ਤਹਿਸੀਲ ਸ਼ਕਰਪੁਰ ਦੇ ਪਿੰਡ ਮੰਦਰ ਦੇ ਰਹਿਣ ਵਾਲਾ ਇੱਕ ਬ੍ਰਾਹਮਣ ਸੀ। ਇਹ ਗੁਰੂ ਅਮਰਦਾਸ ਜੀ ਕੋਲ ਸਿੱਖ ਬਣਿਆ। ਸੱਚਨ ਸੱਚ ਸ਼ਬਦ ਹਰ ਵੇਲੇ ਕਹਿਣ ਦੀ ਇਸ ਦੀ ਆਦਤ ਸੀ। ਇਸ ਦਾ ਨਾਮ ਹੀ ਸੱਚਨ ਸੱਚ ਪ੍ਰਸਿੱਧ ਹੋ ਗਿਆ। ਜਦੋਂ ਭਾਈ ਸਾਵਣ ਮਲ ਦੇ ਨਾਲ ਆਏ ਹਰੀਪੁਰ ਕਾਂਗੜਾਂ ਦੇ ਰਾਜੇ ਦੀ ਇੱਕ ਰਾਣੀ ਪਾਗਲ ਹੋ ਗਈ ਸੀ। ਰਾਜਾ ਉਸ ਨੂੰ ਗੋਇੰਦਵਾਲ ਹੀ ਛੱਡ ਗਿਆ। ਜਦੋਂ ਉਹ ਅਰੋਗ ਹੋ ਗਈ ਤਾਂ ਗੁਰੂ ਅਮਰਦਾਸ ਜੀ ਨੇ ਉਸ ਦਾ ਵਿਆਹ ਸੱਚਨ ਸੱਚ ਨਾਲ ਕਰਵਾ ਦਿੱਤਾ। ਇਹ ਜੋੜਾ ਸਾਰੀ ਉਮਰ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਸਤਿਗੁਰੂ ਜੀ ਨੇ ਭਾਈ ਸੱਚਨ ਸੱਚ ਨੂੰ ਮੰਜੀ ਬਖ਼ਸ਼ ਦਿੱਤੀ।

3. ਸਾਧਾਰਨ : ਇਹ ਗੋਇੰਦਵਾਲ ਦੇ ਰਹਿਣ ਵਾਲਾ ਇੱਕ ਲੋਹਾਰ ਸੀ। ਗੁਰੂ ਅਮਰਦਾਸ ਜੀ ਕੋਲ ਸਿੱਖ ਬਣਿਆ। ਇਸ ਦੀ ਸੇਵਾ ਅਤੇ ਸ਼ਰਧਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪ ਦਿੱਤਾ।

4. ਸਾਵਣ ਮਲ : ਇਹ ਗੁਰੂ ਅਮਰਦਾਸ ਜੀ ਦਾ ਭਤੀਜਾ ਸੀ। ਜਦੋਂ ਗੋਇੰਦਵਾਲ ਵਿੱਚ ਗੁਰਦੁਆਰਾ ਅਤੇ ਸੰਗਤਾਂ ਲਈ ਮਕਾਨ ਬਣਾ ਰਹੇ ਸੀ ਤਾਂ ਗੁਰੂ ਜੀ ਨੇ ਇਸ ਨੂੰ ਪਹਾੜੀ ਲੱਕੜ ਲਿਆਉਣ ਲਈ ਹਰੀਪੁਰ ਵੱਲ ਭੇਜਿਆ। ਸਾਵਣ ਮੱਲ ਉਸ ਇਲਾਕੇ ਦਾ ਪ੍ਰਚਾਰਕ ਵੀ ਸੀ। ਇਸੇ ਰਾਹੀਂ ਹੀ ਹਰੀਪੁਰ ਦਾ ਰਾਜ ਪ੍ਰਵਾਰ ਸਮੇਤ ਗੁਰੂ ਜੀ ਦਾ ਸਿੱਖ ਬਣਿਆ। ਗੁਰੂ ਜੀ ਨੇ ਭਾਈ ਸਾਵਣ ਮਲ ਨੂੰ ਮੰਜੀ ਬਖ਼ਸ਼ੀ ਸੀ।

5. ਸੁੱਖਣ: ਇਹ ਜ਼ਿਲ੍ਹਾ ਰਾਵਲਪਿੰਡੀ ਦੇ ਨਗਰ ਧਮਿਆਣ ਦੇ ਰਹਿਣ ਵਾਲਾ ਸੀ। ਜਾਤਿ ਦਾ ਖੱਤਰੀ ਪਹਿਲਾਂ ਦੁਰਗਾ ਦਾ ਭਗਤ ਸੀ। ਗੁਰੂ ਅਮਰਦਾਸ ਜੀ ਕੋਲ ਰਹਿ ਕੇ ਸਿੱਖ ਬਣਿਆ। ਇਸ ਦਾ ਜੀਵਨ ਇਤਨਾ ਉੱਚਾ ਸੀ ਕਿ ਸਤਿਗੁਰੂ ਜੀ ਨੇ ਪੋਠੋਹਾਰ ਦੇ ਇਲਾਕੇ ਵਿੱਚ ਪ੍ਰਚਾਰ ਕਰਨ ਲਈ ਮੰਜੀ ਬਖ਼ਸ਼ੀ।

6. ਹੰਦਾਲ: ਇਹ ਅੰਮ੍ਰਿਤਸਰ ਦੇ ਜੰਡਿਆਲਾ ਦਾ ਵਸਨੀਕ ਸੀ। ਜਾਤਿ ਦਾ ਜੱਟ। ਇਹ ਗੁਰੂ ਅਮਰਦਾਸ ਜੀ ਦਾ ਪਿਆਰਾ ਸਿੱਖ ਬਣਿਆ। ਲੰਗਰਾਂ ਦੀ ਸੇਵਾ ਬੜੇ ਪਿਆਰ ਅਤੇ ਸ਼ਰਧਾ ਨਾਲ ਕਰਦਾ ਸੀ। ਸਤਿਗੁਰੂ ਜੀ ਨੇ ਪ੍ਰਭਾਵਿਤ ਹੋ ਕੇ ਇਸ ਨੂੰ ਮੰਜੀ ਬਖ਼ਸ਼ੀ। ਇਸ ਦੇ ਨਗਰ ਦਾ ਨਾਮ ਜੰਡਿਆਲਾ ਗੁਰੂ ਪ੍ਰਸਿੱਧ ਹੋ ਗਿਆ। ਹਰ ਵੇਲੇ ਨਿਰੰਜਨ ਮੂੰਹੋ ਆਖਣ ਕਰਕੇ ਇਸ ਦੀ ਸੰਪਰਦਾਇ ਦਾ ਨਾਮ ਨਿਰੰਜਨੀਏ ਪੈ ਗਿਆ। ਭਾਈ ਹੰਦਾਲ ਦਾ ਪੁੱਤਰ ਬਿਧੀ ਚੰਦ ਕੁਰਾਹੇ ਪੈ ਗਿਆ। ਉਸਨੇ ਭਾਈ ਬਾਲੇ ਦੇ ਨਾਮ ਉੱਤੇ ਗੁਰੂ ਨਾਨਕ ਦੇਵ ਜੀ ਦੀ ਇੱਕ ਜਨਮ ਸਾਖੀ ਲਿਖੀ, ਜਿਸ ਵਿੱਚ ਬਹੁਤ ਸਾਰੀਆਂ ਮਨ ਮੰਨੀਆਂ ਗੱਲਾਂ ਦਰਜ਼ ਕਰ ਦਿੱਤੀਆਂ।

7. ਕੇਦਾਰੀ : ਭਾਈ ਦੇਦਾਰੀ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਸੀ। ਜਾਤਿ ਦਾ ਲੂੰਬਾ ਖੱਤਰੀ ਸੀ। ਸਤਿਗੁਰੂ ਜੀ ਦਾ ਪ੍ਰਸਿੱਧ ਸਿੱਖ ਹੋਇਆ ਹੈ। ਗੁਰੂ ਅਮਰਦਾਸ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ।

8. ਖੇਡਾ : ਇਹ ਖੇਮਕਰਨ (ਲਾਹੌਰ) ਦਾ ਵਸਨੀਕ ਬ੍ਰਾਹਮਣ ਸੀ। ਪਹਿਲਾਂ ਦੁਰਗਾ ਦਾ ਭਗਤ ਸੀ । ਗੁਰੂ ਅਮਰਦਾਸ ਜੀ ਦਾ ਬੜਾ ਪਿਆਰਾ ਸਿੱਖ ਪ੍ਰਸਿੱਧ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਸਿੱਖੀ ਦਾ ਪ੍ਰਚਾਰਕ ਥਾਪ ਕੇ ਮੰਜੀ ਬਖ਼ਸ਼ੀ।

9. ਗੰਗੂ ਸ਼ਾਹ : ਇਹ ਗੜ੍ਹਸ਼ੰਕਰ ਦਾ ਰਹਿਣ ਵਾਲਾ ਬਸੀ ਖੱਤਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਉੱਚਾ ਜੀਵਨ ਪ੍ਰਾਪਤ ਕੀਤਾ। ਸਤਿਗੁਰੂ ਜੀ ਨੇ ਇਸ ਨੂੰ ਰਿਆਸਤ ਸਰਮੌਰ ਦੇ ਇਲਾਕੇ ਦਾ ਪ੍ਰਚਾਰਕ ਬਣਾਇਆ। ਭਾਈ ਗੰਗੂ ਸ਼ਾਹ ਦਾ ਪ੍ਰਸਿੱਧ ਅਸਥਾਨ ਦੇਊਂ ਹੈ। ਇਸ ਦੀ ਸੰਪਰਦਾਇ ਦੇ ਪੈਰੋਕਾਰਾਂ ਨੂੰ ਗੰਗੂ ਸ਼ਾਹੀ ਕਹਿੰਦੇ ਹਨ। ਗੰਗੂ ਸ਼ਾਹ ਦਾ ਪੜੋਤਾ ਭਾਈ ਦੇਹੁਰਾ ਖਟਕੜ ਕਲਾਂ ਵਿੱਚ ਹੈ।

10. ਦਰਬਾਰੀ : ਜਾਤਿ ਦਾ ਲੂੰਬਾ ਖਤਰੀ ਦਰਬਾਰੀ ਨਗਰ ਮਜੀਠਾ ਦਾ ਰਹਿਣ ਵਾਲਾ ਸੀ।

11. ਪਾਰੋ : ਜਾਤਿ ਦਾ ਜੁਲਕਾ ਖੱਤਰੀ ਭਾਈ ਪਾਰੋ ਡੱਲੇ ਦਾ ਰਹਿਣ ਵਾਲਾ ਸੀ। ਇਹ ਗੁਰੂ ਅੰਗਦ ਦੇਵ ਜੀ ਦਾ ਸਿੱਖ ਬਣਿਆ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿੱਚ ਰਹਿ ਕੇ ਸੇਵਾ ਭਾਵਨਾ ਨਾਲ ਪਰਮ ਹੰਸ ਦੀ ਪਦਵੀ ਪਾਈ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਹੁਰਾ ਭਾਈ ਨਰਾਇਣ ਦਾਸ ਇਸੇ ਦੀ ਕੁਲ ਵਿਚੋਂ ਸੀ।

12. ਫੇਰਾ:ਇਹ ਮੀਰਪੁਰ (ਜੰਮੂ) ਇਲਾਕੇ ਦਾ ਵਸਨੀਕ ਸੀ। ਜਾਤਿ ਦਾ ਕਟਾਰਾ ਖੱਤਰੀ ਸੀ। ਭਾਈ ਫੇਰਾ ਪਹਿਲਾਂ ਜੋਗੀਆਂ ਦਾ ਚੇਲਾ ਸੀ। ਫਿਰ ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਆਤਮ ਗਿਆਨੀ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ। ਇਸ ਨੇ ਪਹਾੜੀ ਇਲਾਕੇ ਵਿੱਚ ਬਹੁਤ ਪ੍ਰਚਾਰ ਕੀਤਾ।

13. ਬੂਆ : ਇਹ ਤ੍ਰੇਹਣ ਜਾਤਿ ਦਾ ਖੱਤਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ। ਸਤਿਗੁਰੂ ਜੀ ਦਾ ਸਿੱਖ ਬਣ ਗਿਆ। ਇਸ ਦੀ ਸੰਤਾਨ ਹਰਿਗੋਬਿੰਦ ਪੁਰ ਦੀ ਵਾਸੀ ਸੀ।

14. ਬੇਣੀ : ਚੂਹਨੀਆ (ਲਾਹੌਰ ) ਦਾ ਵਸਨੀਕ ਪੰਡਿਤ ਬੇਣੀ ਬੜਾ ਵਿਦਵਾਨ ਸੀ। ਸ਼ਾਸਤਰਾਰਥ ਕਰਕੇ ਜਿੱਤਾਂ ਜਿੱਤਦਾ। ਜਦੋਂ ਗੋਇੰਦਵਾਲ ਗੁਰੂ ਅਮਰਦਾਸ ਜੀ ਦੀ ਸ਼ਰਨ ਵਿੱਚ ਆਇਆ ਤਾਂ ਵਿਦਿਆ ਅਭਿਮਾਨ ਛੱਡ ਦਿੱਤਾ। ਸਤਿਗੁਰੂ ਜੀ ਦਾ ਸਿੱਖ ਬਣ ਗਿਆ। ਸਤਿਗੁਰੂ ਜੀ ਨੇ ਇਸ ਨੂੰ ਸਿੱਖ ਧਰਮ ਦਾ ਪ੍ਰਚਾਰ ਕਰਨ ਦਾ ਕੰਮ ਸੌਂਪਿਆ। ਇਸ ਦਾ ਨਾਮ ਕਈ ਥਾਂ ਬੇਣੀ ਮਾਧੋ ਵੀ ਲਿਖਿਆ ਹੈ। ਪੰਡਤ ਹਰਦਿਆਲ ਕਵੀ ਇਸੇ ਦੀ ਹੀ ਕੁਲ ਵਿਚੋਂ ਸੀ। ਜਿਸ ਨੇ ਸਾਰੁਕਤਾਵਲੀ ਅਤੇ ਵੈਰਾਗ ਸ਼ਨਕ ਦਾ ਸੁੰਦਰ ਉਲਥਾ ਕੀਤਾ।

15. ਮਹੇਸ਼ਾ : ਸੁਲਤਾਨਪੁਰ ਦਾ ਰਹਿਣ ਵਾਲਾ ਧੀਰ ਜਾਤਿ ਦਾ ਖੱਤਰੀ ਸੀ। ਜਿਸ ਨੂੰ ਪ੍ਰਚਾਰਕ ਮੰਜੀ ਪ੍ਰਾਪਤ ਹ ੋ।

16. ਮਾਈਦਾਸ : ਮਾਝੇ ਦੇ ਨਰੋਲੀ ਪਿੰਡ ਦਾ ਵਸਨੀਕ ਸੀ। ਪਹਿਲਾਂ ਵੈਸ਼ਨਵ ਮਤ ਦਾ ਧਾਰਨੀ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿੱਚ ਆਇਆ। ਭਾਈ ਮਾਣਕ ਚੰਦ ਦੀ ਸੰਗਤ ਵਿੱਚ ਆਤਮ ਗਿਆਨੀ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਸੌਂਪੀ। ਮਾਝੇ ਦੇ ਇਲਾਕੇ ਵਿੱਚ ਇਸ ਨੇ ਸਿੱਖ ਧਰਮ ਦ ਬਹੁਤ ਪ੍ਰਚਾਰ ਕੀਤਾ।

17. ਮਾਣਕ ਚੰਦ : ਵੈਰੋਵਾਲ (ਅੰਮ੍ਰਿਤਸਰ ) ਦਾ ਰਹਿਣ ਵਾਲਾ ਪੁਥਰੀਆ ਖੱਤਰੀ ਸੀ। ਇਸ ਨੇ ਗੋਇੰਦਵਾਲ ਦੀ ਬਾਉਲੀ ਦਾ ਕੜ ਤੋੜਿਆ ਸੀ। ਉਹ ਡੁੱਬ ਗਿਆ ਸੀ ਪਰ ਬਚ ਗਿਆ ਸੀ । ਗੁਰੂ ਅਮਰਦਾਸ ਜੀ ਨੇ ਇਸ ਦਾ ਨਾਉਂ ਮਰਜੀਵੜਾ ਰੱਖਿਆ। ਇਸ ਦੀ ਸੰਤਾਨ ਵੈਰੋਵਾਨ ਵਿੱਚ ਮਰਜੀਵੜੇ ਨਾਮ 'ਤੇ ਪ੍ਰਸਿੱਧ ਹੋਈ। ਭਾਈ ਮਾਣਕ ਚੰਦ ਦੀ ਸੰਗਤ ਵਿੱਚ ਹੀ ਪੰਡਤ ਮਾਈਦਾਸ ਬੈਰਾਗੀ ਗੁਰਸਿੱਖੀ ਵੱਲ ਆਇਆ।

18. ਮੁਰਾਰੀ : ਜ਼ਿਲ੍ਹਾ ਲਾਹੌਰ ਦੇ ਪਿੰਡ ਖਾਈ ਦਾ ਰਹਿਣ ਵਾਲਾ ਪ੍ਰੇਮਾ ਖੱਤਰੀ ਸੀ। ਇਸ ਨੂੰ ਕੋੜ੍ਹ ਹੋ ਗਿਆ ਸੀ। ਗੁਰੂ ਅਮਰਦਾਸ ਜੀ ਦਾ ਕਿਰਪਾ ਨਾਲ ਅਰੋਗ ਹੋ ਗਿਆ। ਸਤਿਗੁਰੂ ਜੀ ਨੇ ਇਸ ਦਾ ਨਾਮ ਮੁਰਾਰੀ ਰੱਖ ਦਿੱਤਾ। ਉੱਪਲ ਜਾਤਿ ਦੇ ਖੱਤਰੀ ਭਾਈ ਸ਼ੀਂਹੇ ਨੇ ਸਤਿਗੁਰੂ ਜੀ ਦੀ ਆਗਿਆ ਨਾਲ ਆਪਣੀ ਪੁੱਤਰੀ ਮੱਥੋ ਦਾ ਵਿਆਹ ਮੁਰਾਰੀ ਨਾਲ ਕਰ ਦਿੱਤਾ। ਇਸ ਜੋੜੀ ਨੇ ਗੁਰਮਤਿ ਦਾ ਬੜਾ ਪ੍ਰਚਾਰ ਕੀਤਾ। ਦੋਹਾਂ ਦਾ ਰਲਵਾਂ ਨਾਲ ਮਥੋ ਮੁਰਾਰੀ ਸਿੱਖ ਇਤਿਹਾਸ ਵਿੱਚ ਪ੍ਰਸਿੱਧ ਹੋ ਗਿਆ। ਸਤਿਗੁਰੂ ਜੀ ਨੇ ਮੱਥੋ ਮੁਰਾਰੀ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ।

19. ਰਾਜਾ ਰਾਮ : ਇਹ ਇੱਕ ਸਾਰਸਵਤ ਬ੍ਰਾਹਮਣ ਸੀ। ਜਿਸ ਨੇ ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਜਾਤਿ ਦਾ ਅਭਿਮਾਨ ਛੱਡ ਦਿੱਤਾ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ। ਭਾਈ ਰਾਜਾ ਰਾਮ ਦੀ ਸੰਤਾਨ ਪਿੰਡ ਸੰਧਮਾ ਜਲੰਧਰ ਦੀ ਵਾਸੀ ਸੀ।

20. ਰੰਗ ਸ਼ਾਹ : ਜ਼ਿਲ੍ਹਾ ਜਲੰਧਰ ਦੇ ਪਿੰਡ ਮੱਲੂ ਪੋਤੇ ਦਾ ਇੱਕ ਅਰੋੜਾ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਆਪਣੀ ਉਮਰ ਸਿੱਖ ਧਰਮ ਦੇ ਪ੍ਰਚਾਰ ਵਿੱਚ ਲਾ ਦਿੱਤੀ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ। ਭਾਈ ਰੰਗ ਸ਼ਾਹ ਨੇ ਦੁਆਬੇ ਵਿੱਚ ਪ੍ਰਚਾਰ ਕੀਤਾ। ਇਸ ਦੀ ਸੰਤਾਨ ਬੰਗਿਆ ਦੀ ਵਾਸੀ ਸੀ।

21. ਰੰਗ ਦਾਸ : ਜ਼ਿਲ੍ਹਾ ਅੰਬਾਲਾ ਦੇ ਪਿੰਡ ਘੰੜੂਆਂ ਦਾ ਵਾਸੀ ਭੰਡਾਰੀ ਖੱਤਰੀ ਸੀ। ਪਹਿਲਾਂ ਵੈਰਾਗੀਆਂ ਦਾ ਚੇਲਾ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣਿਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ। ਭਾਈ ਰੰਗ ਦਾਸ ਦੀ ਸੰਤਾਨ ਪਿੰਡ ਘੰੜੂਆਂ ਵਾਸੀ ਸੀ।

22. ਲਾਲੋ : ਡੱਲੇ ਦੇ ਰਹਿਣ ਵਾਲਾ ਸੱਭਰਵਾਲ ਖੱਤਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣਿਆ। ਭਾਈ ਲਾਲੋ ਆਪਣੇ ਇਲਾਕੇ ਦਾ ਉੱਘਾ ਵੈਦ ਵੀ ਸੀ। ਤੇਈਏ ਦਾ ਤਾਪ ਦਾ ਇਲਾਜ ਕਰਨ ਵਿੱਚ ਕਮਾਲ ਰੱਖਦਾ ਸੀ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ।



# ਗੁਰਬਾਣੀ ਦੇ ਰੰਗ ਵਿੱਚ ਰੰਗੀ ਸੇਵਾ, ਸਿਮਰਨ ਅਤੇ ਸਮਰਪਣ ਵਾਲੀ ਸ਼ਖ਼ਸੀਅਤ ਦੀ 'ਸ਼ਫਲ ਜੀਵਨ ਯਾਤਰਾ'

ਡਾ. ਗੁਰਵਿੰਦਰ ਸਿੰਘ











ਗੁਰਬਾਣੀ ਦੇ ਰੰਗ ਵਿੱਚ ਰੰਗੀ, ਸੇਵਾ, ਸਿਮਰਨ, ਸਮਰਪਣ ਤੇ ਨਿਰਮਾਣਤਾ ਵਾਲੀ ਸ਼ਖ਼ਸੀਅਤ ਭਾਈ ਸੁਰਜੀਤ ਸਿੰਘ ਗਿੱਲ, ਪਿਛਲਾ ਪਿੰਡ ਗੁਰੂਸਰ ਸੁਧਾਰ, ਜ਼ਿਲ੍ਹਾ ਲੁਧਿਆਣਾ ਆਪਣੀ ਸੰਸਾਰਿਕ ਸਫ਼ਰ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ ਹਨ। ਭਾਈ ਸੁਰਜੀਤ ਸਿੰਘ ਸੁਧਾਰ ਕਿਸੇ ਜਾਣ-ਪਛਾਣ ਦੀ ਮੁਹਤਾਜ ਨਹੀਂ ਸਨ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਮੁੱਖ ਸੇਵਾਦਾਰ ਤੋਂ ਲੈ ਕੇ, ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿੱਚ ਸੇਵਾ ਨਿਭਾਉਣ ਦੇ ਨਾਲੋਂ -ਨਾਲ, 'ਕਿਤਾਬਾਂ ਦੇ ਸ਼ਬਦ ਦਾ ਲੰਗਰ' ਚਲਾਉਣ ਵਿੱਚ ਉਹ ਸਦਾ ਮੋਹਰੀ ਰਹਿੰਦੇ ਸਨ ਮੇਰੀ ਪਹਿਲੀ ਮੁਲਾਕਾਤ ਉਨ੍ਹਾਂ ਨਾਲ ਖ਼ਾਲਸਾ ਸਾਜਣਾ ਦਿਹਾੜੇ ਦੇ ਤਿੰਨ ਸੌ ਸਾਲਾ 'ਤੇ 1999 ਵਿੱਚ ਹੋਈ ਸੀ, ਜਦੋਂ ਉਨ੍ਹਾਂ ਆਪਣੀ ਲਿਖਤ ਸੌਂਪਦਿਆਂ ਪੜ੍ਹਨ ਲਈ ਕਿਹਾ। ਪਿੱਛੇ ਜਿਹੇ ਮੁੜ ਉਨ੍ਹਾਂ ਇੱਕ ਅਜਿਹੀ ਕਿਤਾਬ ਦਿੱਤੀ, ਜੋ 'ਮੇਰੀ ਜੀਵਨ ਯਾਤਰਾ' ਦੇ ਸਿਰਲੇਖ ਹੇਠ ਜੀਵਨ ਸਫ਼ਰ ਨੂੰ ਬਿਆਨ ਕਰਦੀ ਹੈ। ਉਹਨਾਂ ਨੂੰ ਇਸ ਗੱਲ ਦਾ ਭਲੀ ਭਾਂਤ ਗਿਆਨ ਸੀ ਕਿ ਇਹ ਯਾਤਰਾ ਕਿਵੇਂ ਸਫਲ ਕਰਨੀ ਹੈ ਅਤੇ ਜਿਉਂਦੇ ਜੀਅ ਉਹ ਗੁਰਸਿੱਖੀ ਨੂੰ ਸਮਰਪਿਤ ਹੋ ਕੇ, ਆਪਣੀ ਯਾਤਰਾ ਦੇ ਅੰਤਿਮ ਪੜਾਅ ਬਾਰੇ ਲਿਖ ਗਏ। ਭਾਈ ਸੁਰਜੀਤ ਸਿੰਘ ਸੁਧਾਰ ਕਿਸੇ ਵੀ ਧਾਰਮਿਕ ਸਮਾਗਮ 'ਚ ਕਿਤਾਬਾਂ ਦੇ ਸਟਾਲ ਲਾ ਕੇ ਅਤੇ ਵੰਡ ਕੇ, ਬੜੀ ਨਿਮਰਤਾ ਨਾਲ ਨਿਸ਼ਕਾਮ ਸੇਵਾ ਕਰਦੇ ਸਨ।

ਭਾਈ ਸੁਰਜੀਤ ਸਿੰਘ ਗਿੱਲ ਜੀ ਭਾਵਪੂਰਤ ਸ਼ਬਦਾਂ 'ਚ ਕਿਹਾ ਕਰਦੇ ਸਨ ਕਿ ਜਦੋਂ ਕੋਈ ਵਿਅਕਤੀ ਚੜ੍ਹਾਈ ਕਰ ਜਾਂਦਾ ਹੈ, ਤਾਂ ਉਸ ਵੇਲੇ ਉਸ ਦੀ ਤਾਰੀਫ਼ ਵਿੱਚ ਅਜਿਹਾ ਕੁਝ ਕਿਹਾ ਜਾਂਦਾ ਹੈ, ਜਿਸ ਦੇ ਉਹ ਯੋਗ ਨਹੀਂ ਹੁੰਦਾ। ਆਪਣੇ ਪੁੱਤਰ ਡਾ. ਮਨਮੋਹਣ ਸਿੰਘ ਐਬਟਸਫੋਰਡ ਵਾਸੀ ਦਾ ਹਵਾਲਾ ਦੇ ਕੇ ਉਨ੍ਹਾਂ ਕਿਹਾ ਕਿ ਪੁੱਤਰ ਦੇ ਕਹਿਣ 'ਤੇ ਉਨ੍ਹਾਂ ਆਪਣੇ ਜੀਵਨ ਸਫ਼ਰ ਬਾਰੇ ਪਹਿਲਾਂ ਹੀ ਕਿਤਾਬਚਾ ਲਿਖ ਦਿੱਤਾ ਹੈ, ਤਾਂ ਕਿ ਉਹਨਾਂ ਦੇ ਸੰਸਾਰ ਤੋਂ ਤੁਰ ਜਾਣ ਮਗਰੋਂ, ਕੋਈ ਉਹਨਾਂ ਦੀ ਬੇਲੋੜੀ ਪ੍ਰਸੰਸਾ ਨਾ ਕਰੇ ਅਤੇ ਅੰਤਮ ਸਮੇਂ ਸਭ ਨੂੰ ਉਹਨਾਂ ਦੇ ਜੀਵਨ ਦੀ ਅਸਲੀਅਤ ਅਤੇ ਮਾੜੇ- ਚੰਗੇ ਪਹਿਲੂਆਂ ਦਾ ਭਾਵਪੂਰਤ ਢੰਗ ਨਾਲ ਗਿਆਨ ਹੋ ਜਾਵੇ। ਭਾਈ ਸਾਹਿਬ ਦੀ ਇਹੀ ਅਰਦਾਸ ਸੀ ਅਤੇ ਕਿਤਾਬ ਲਿਖਣ ਦਾ ਮਨੋਰਥ ਸੀ, ਜੋ ਵਾਹਿਗੁਰੂ ਦੀ ਮਿਹਰ ਨਾਲ ਨਿਰਵਿਘਨਤਾ ਨਾਲ ਸੰਪੂਰਨ ਹੋਇਆ ਹੈ। ਬੜੀ ਨਿਰਮਾਣਤਾ ਵਾਲੀ ਸ਼ਖ਼ਸੀਅਤ ਸਨ ਭਾਈ ਸਾਹਿਬ। ਅਕਾਲ ਪੁਰਖ ਦੇ ਹੁਕਮ ਅਤੇ ਭਾਣੇ ਅਨੁਸਾਰ 31 ਅਗਸਤ 2023 ਨੂੰ ਭਾਈ ਸੁਰਜੀਤ ਸਿੰਘ ਜੀ ਆਪਣੀ ਸੰਸਾਰਿਕ ਸਫ਼ਰ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ ਹਨ। ਭਾਈ ਸਾਹਿਬ ਵੱਲੋਂ ਆਪਣੇ ਜਿਉਂਦੇ ਜੀ ਜੀਵਨ ਯਾਤਰਾ ਬਾਰੇ ਲਿਖਿਆ ਕਿਤਾਬਚਾ ਸਭਨਾਂ ਲਈ ਪ੍ਰੇਰਨਾ ਸਰੋਤ ਹੈ ਅਤੇ ਗੁਰਬਾਣੀ ਅਨੁਸਾਰ ਸੱਚ ਦੀ ਕਸਵੱਟੀ 'ਤੇ ਪੂਰਾ ਢੁੱਕਦਾ ਹੈ।



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਕੀ ਤੁਸੀਂ ਸਿਹਤਮੰਦ ਹੋ ?

## ਤੰਦਰੁਸਤੀ ਦਾ ਰਾਜ ਹੈ ਚੰਗੀ ਸਿਹਤ





ਸਾਡੀ ਸਿਹਤ ਸਭ ਤੋਂ ਮਹੱਤਵਪੂਰਨ ਚੀਜ਼ ਹੈ ਜਿਸ ਦਾ ਸਾਨੂੰ ਧਿਆਨ ਰੱਖਣਾ ਚਾਹੀਦਾ ਹੈ। ਇੱਕ ਸਿਹਤਮੰਦ ਖ਼ੁਰਾਕ ਖਾਣ ਤੋਂ ਲੈ ਕੇ ਸਹੀ ਤਰੀਕੇ ਨਾਲ ਕਸਰਤ ਕਰਨ ਤੱਕ, ਸਾਡੇ ਸਰੀਰ ਨੂੰ ਚੰਗਾ ਮਹਿਸੂਸ ਕਰਨ ਲਈ ਸੰਜੀਦਾ ਦੇਖਭਾਲ ਦੀ ਲੋੜ ਹੁੰਦੀ ਹੈ। ਤਣਾਅ ਨਾਲ ਨਜਿੱਠਣ ਅਤੇ ਲੰਬੀ ਅਤੇ ਸਰਗਰਮ ਜ਼ਿੰਦਗੀ ਜਿਉਣ ਲਈ ਚੰਗੀ ਸਿਹਤ ਮਹੱਤਵਪੂਰਨ ਹੈ।

ਇਹ ਸਾਡਾ ਸਰੀਰ ਹੈ ਜੋ ਨਿਯਮਿਤ ਤੌਰ ’ਤੇ ਸਾਨੂੰ ਸੰਕੇਤ ਭੇਜਦਾ ਹੈ ਜਦੋਂ ਕੁੱਝ ਗਲਤ ਹੁੰਦਾ ਹੈ। ਦਿਨ ਦੇ ਅੰਤ ਤੱਕ ਲਗਾਤਾਰ ਥਕਾਵਟ ਦੀ ਸਥਿਤੀ ਜਾਂ ਪੇਟ ਵਿੱਚ ਖਰਾਬੀ ਜਾਂ ਪਿੱਠ ਵਿੱਚ ਦਰਦ ਦੀ ਤਰ੍ਹਾਂ, ਤੁਹਾਡਾ ਸਰੀਰ ਤੁਹਾਨੂੰ ਤੁਹਾਡੇ ਨਾਲ ਚੱਲ ਰਹੇ ਸਾਰੇ ਸਹੀ ਅਤੇ ਗਲਤ ਬਾਰੇ ਸੰਕੇਤ ਦਿੰਦਾ ਹੈ।

ਅਸੀਂ ਅਕਸਰ ਚੰਗੀ ਸਿਹਤ ਬਾਰੇ ਗੱਲ ਕਰਦੇ ਹਾਂ, ਪਰ ਤੁਸੀਂ ਇਹ ਕਿਵੇਂ ਮਾਪਦੇ ਹੋ ਕਿ ਤੁਹਾਡੀ ਸਿਹਤ ਕਿੰਨੀ ਚੰਗੀ ਹੈ ?

**ਚੰਗੀ ਨੀਂਦ ਲਓ**

ਚੰਗੀ ਨੀਂਦ ਸਿਹਤ ਲਈ ਓਨੀ ਹੀ ਜ਼ਰੂਰੀ ਹੈ ਜਿੰਨੀ ਖ਼ੁਰਾਕ ਅਤੇ ਕਸਰਤ। ਜੇਕਰ ਤੁਹਾਨੂੰ ਕਰੀਬ 7-8 ਘੰਟੇ ਲਗਾਤਾਰ ਚੰਗੀ ਨੀਂਦ ਆ ਰਹੀ ਹੈ, ਤਾਂ ਇਹ ਇੱਕ ਚੰਗਾ ਸੰਕੇਤ ਹੈ। ਚੰਗੀ ਨੀਂਦ ਤੁਹਾਡੇ ਦਿਮਾਗ ਦੀ ਕਾਰਗੁਜ਼ਾਰੀ, ਮੂਡ ਅਤੇ ਸਿਹਤ ਵਿੱਚ ਸੁਧਾਰ ਕਰਦੀ ਹੈ। ਹਾਲਾਂ ਕਿ, ਨਿਯਮਤ ਅਧਾਰ ’ਤੇ ਚੰਗੀ ਗੁਣਵੱਤਾ ਵਾਲੀ ਨੀਂਦ ਨਾ ਲੈਣ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਵਿਗਾੜਾਂ ਦਾ ਖ਼ਤਰਾ ਵਧ ਜਾਂਦਾ ਹੈ।

**ਆਸਾਨੀ ਨਾਲ ਮਾਫ਼ ਕਰੋ**

ਅਣਸੁਲਝੇ ਹੋਏ ਵਿਵਾਦਾਂ ਦਾ ਤੁਹਾਡੀ ਸਰੀਰਕ ਸਿਹਤ ’ਤੇ ਪ੍ਰਭਾਵ ਪੈਂਦਾ ਹੈ ਜਿਸ ਬਾਰੇ ਤੁਸੀਂ ਸ਼ਾਇਦ ਨਹੀਂ ਜਾਣਦੇ ਹੋ। ਹਾਲਾਂ ਕਿ, ਜਦੋਂ ਤੁਸੀਂ ਲੋਕਾਂ ਨੂੰ ਮਾਫ਼ ਕਰਨ ਦੇ ਯੋਗ ਹੁੰਦੇ ਹੋ, ਤਾਂ ਇਹ ਤੁਹਾਡੀ ਮਾਨਸਿਕ ਸਿਹਤ ਲਈ ਚੰਗਾ ਹੁੰਦਾ ਹੈ। ਮਾਫ਼ੀ ਇੱਕ ਸਰਗਰਮ ਪ੍ਰਕਿਰਿਆ ਹੈ ਜਿਸ ਵਿੱਚ ਤੁਸੀਂ ਕੋਝਾ ਭਾਵਨਾਵਾਂ ਨੂੰ ਛੱਡਣ ਲਈ ਇੱਕ ਸੁਚੇਤ ਫੈਸਲਾ ਲੈਂਦੇ ਹੋ, ਭਾਵੇਂ ਵਿਅਕਤੀ ਇਸ ਦਾ ਹੱਕਦਾਰ ਹੈ ਜਾਂ ਨਹੀਂ।ਇਹ ਤੁਹਾਡੀ ਭਾਵਨਾਤਮਕ ਅਤੇ ਸਰੀਰਕ ਸਿਹਤ ਨੂੰ ਲਾਭ ਪਹੁੰਚਾ ਸਕਦਾ ਹੈ ਅਤੇ ਨਾਲ ਹੀ ਤੁਹਾਨੂੰ ਵਧੇਰੇ ਮਾਫ਼ ਕਰਨ ਵਾਲਾ ਰਵੱਈਆ ਵਿਕਸਿਤ ਕਰਨ ਵਿੱਚ ਮਦਦ ਕਰ ਸਕਦਾ ਹੈ। ਜੇਕਰ ਤੁਸੀਂ ਲੋਕਾਂ ਨੂੰ ਆਸਾਨੀ ਨਾਲ ਮਾਫ਼ ਕਰ ਸਕਦੇ ਹੋ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਆਪਣੀ ਮਾਨਸਿਕ ਸਿਹਤ ਨੂੰ ਪਹਿਲ ਦੇ ਰਹੇ ਹੋ। ਇਹ ਇੱਕ ਚੰਗਾ ਸੰਕੇਤ ਹੈ।

**ਸਵਾਦਿਸ਼ਟ ਭੋਜਨ**

ਆਨੰਦ ਅਤੇ ਸੰਤੁਸ਼ਟੀ ਨਾਲ ਖਾਣਾ ਵਧੀਆ ਸਿਹਤ ਨੂੰ ਬਣਾਈ ਰੱਖਣ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਸੇ ਤਰ੍ਹਾਂ, ਨਕਾਰਾਤਮਿਕ ਖਾਣ ਦੀਆਂ ਭਾਵਨਾਵਾਂ ਜਿਵੇਂ ਕਿ ਦੋਸ਼, ਚਿੰਤਾ, ਸ਼ਰਮ ਅਤੇ ਨਿਰਣਾ ਸਾਡੀ ਸਿਹਤ ਅਤੇ ਤੰਦਰੁਸਤੀ ਲਈ ਅਸਲ ਨਤੀਜੇ ਹਨ, ਜੋ ਕਿ ਚੰਗੇ ਨਹੀਂ ਹਨ।

**ਕਸਰਤ ਕਰਨਾ**

ਸਰੀਰਕ ਗਤੀਵਿਧੀ ਅਤੇ ਕਸਰਤ ਤੁਹਾਡੀ ਸਿਹਤ ਵਿੱਚ ਸੁਧਾਰ ਕਰ ਸਕਦੀ ਹੈ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਵਿਕਾਸ ਦੇ ਤੁਹਾਡੇ ਜੋਖਮ ਨੂੰ ਘਟਾ ਸਕਦੀ ਹੈ। ਕਸਰਤ ਕਰਨਾ ਚੰਗੀ ਸਿਹਤ ਦੀ ਨਿਸ਼ਾਨੀ ਹੈ।

**ਪੇਟ ਨੂੰ ਕੁਸ਼ਲਤਾ ਨਾਲ ਸਾਫ਼ ਕਰਨਾ**

ਜਦੋਂ ਤੁਹਾਡੀ ਅੰਤੜੀਆਂ ਦੀ ਸਿਹਤ ਚੰਗੀ ਹੁੰਦੀ ਹੈ, ਤੁਹਾਡੀ ਸਮੁੱਚੀ ਸਿਹਤ ਵਿੱਚ ਸੁਧਾਰ ਹੁੰਦਾ ਹੈ। ਜੇਕਰ ਤੁਹਾਨੂੰ ਆਪਣੇ ਆਪ ਨੂੰ ਰਾਹਤ ਦੇਣ ਲਈ ਵਾਰ-ਵਾਰ ਬਾਥਰੂਮ ਜਾਣ ਦੀ ਲੋੜ ਨਹੀਂ ਹੈ। ਇਹ ਸਿਰਫ਼ ਇਹ ਦਰਸਾਉਂਦਾ ਹੈ ਕਿ ਤੁਹਾਡੀ ਪਾਚਨ ਪ੍ਰਣਾਲੀ ਚੰਗੀ ਹੈ।

ਅੰਤੜੀਆਂ ਦੀ ਗਤੀ ਸਿਹਤ ਦਾ ਇੱਕ ਸ਼ਾਨਦਾਰ ਭਵਿੱਖਬਾਣੀ ਹੈ ਅਤੇ ਜੇਕਰ ਤੁਸੀਂ ਹਰ ਰੋਜ਼ ਆਪਣੇ ਪੇਟ ਨੂੰ ਉਸ ਦਰ ਨਾਲ ਖਾਲੀ ਕਰ ਰਹੇ ਹੋ ਜੋ ਤੁਹਾਡੇ ਲਈ ਆਮ ਹੈ। ਇਹ ਇੱਕ ਸਕਾਰਾਤਮਕ ਸੰਕੇਤ ਹੈ ਕਿ ਤੁਹਾਡੀ ਪਾਚਨ ਪ੍ਰਣਾਲੀ ਅਤੇ ਤੁਹਾਡਾ ਬਾਕੀ ਸਰੀਰ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ।

**ਉੱਚੀ ਆਵਾਜ਼ ਵਿੱਚ ਹੱਸੋ**

ਖ਼ੁਸ਼ੀ ਮਹਿਸੂਸ ਕਰਨ ਤੋਂ ਵੱਧ ਕੁਝ ਵੀ ਮਹੱਤਵਪੂਰਨ ਨਹੀਂ ਹੈ, ਜੋ ਕਿ ਸਿਹਤਮੰਦ ਸਰੀਰ ਅਤੇ ਦਿਮਾਗ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ। ਜੇ ਤੁਸੀਂ ਆਪਣੇ ਆਪ ਨੂੰ ਉੱਚੀ ਆਵਾਜ਼ ਵਿੱਚ ਹੱਸਦੇ ਹੋਏ ਅਤੇ ਹਰ ਮਿੰਟ ਪਿਆਰ ਕਰਦੇ ਹੋ, ਤਾਂ ਇਹ ਇੱਕ ਚੰਗਾ ਸੂਚਕ ਹੈ।

**ਲਗਾਤਾਰ ਸਿੱਖਣਾ**

ਲਗਾਤਾਰ ਸਿੱਖਣਾ ਵੀ ਚੰਗੀ ਸਿਹਤ ਦੀ ਨਿਸ਼ਾਨੀ ਹੈ। ਸਿੱਖਣਾ ਜਾਰੀ ਰੱਖਣਾ ਤੁਹਾਡੇ ਹੁਨਰ ਨੂੰ ਵਧਾਉਣ ਅਤੇ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ। ਇਹ ਤੁਹਾਨੂੰ ਗਿਆਨ ਅਤੇ ਕੁਸ਼ਲਤਾ ਪ੍ਰਾਪਤ ਕਰਨ ਲਈ ਸਵੈ-ਪ੍ਰੇਰਿਤ ਵੀ ਕਰਦਾ ਹੈ।

# ਫ਼ਾਸਟ ਫ਼ੂਡ ਖਾਣ ਨਾਲ ਹੁੰਦੈ ਸਿਹਤ ਦਾ ਨੁਕਸਾਨ

## ਬਰਸਾਤਾਂ ਸਮੇਂ ਫ਼ਾਸਟ ਫ਼ੂਡ ਖਾਣ ਨਾਲ ਟਾਈਫ਼ਾਈਡ, ਹੈਜ਼ਾ ਅਤੇ ਪੀਲੀਆ ਵਰਗੀਆਂ ਬਿਮਾਰੀਆਂ ਫੈਲਣ ਦਾ ਖ਼ਤਰਾ







ਅੱਜ ਦੇ ਦੌਰ ਵਿੱਚ ਹਰ ਉਮਰ ਦੇ ਲੋਕ ਰੈਸਟੋਰੈਂਟ ਜਾਂ ਫਾਸਟ ਫੂਡ ਕਾਰਨਰ ’ਤੇ ਦੇਖੇ ਜਾ ਸਕਦੇ ਹਨ। ਫਾਸਟ ਫੂਡ ਨੂੰ ਜੰਕ ਫੂਡ ਵੀ ਕਿਹਾ ਜਾ ਸਕਦਾ ਹੈ। ਇਸ ਦੀ ਪ੍ਰਸਿੱਧੀ ਲਗਾਤਾਰ ਵਧ ਰਹੀ ਹੈ। ਫਾਸਟ ਫੂਡ ’ਚ ਪੀਜ਼ਾ, ਬਰਗਰ, ਪੈਟੀਜ਼, ਪੇਸਟਰੀ, ਕੂਕੀਜ਼, ਮੋਮੋਜ਼, ਚਾਉ ਮੇਨ ਸਮੇਤ ਕਈ ਚੀਜ਼ਾਂ ਸ਼ਾਮਲ ਹਨ। ਸੋਡਾ, ਕੋਲਡ ਡਰਿੰਕਸ, ਐਨਰਜੀ ਡਰਿੰਕਸ ਨੂੰ ਫਾਸਟ ਫੂਡ ਡਰਿੰਕਸ ਮੰਨਿਆ ਜਾਂਦਾ ਹੈ। ਜੇਕਰ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਕਦੇ-ਕਦਾਈਂ ਖਾ ਲਿਆ ਜਾਵੇ ਤਾਂ ਇਸ ਨਾਲ ਸਿਹਤ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਜੇਕਰ ਤੁਸੀਂ ਫਾਸਟ ਫੂਡ ਖਾਣ ਦੇ ਆਦੀ ਹੋ ਗਏ ਹੋ ਅਤੇ ਹਰ ਰੋਜ਼ ਇਸ ਨੂੰ ਖਾਂਦੇ ਹੋ ਤਾਂ ਇਹ ਤੁਹਾਡੀ ਸਿਹਤ ਲਈ ਵੱਡਾ ਖਤਰਾ ਹੋ ਸਕਦਾ ਹੈ।

ਹੈਲਥ ਲਾਈਨ ਦੀ ਰਿਪੋਰਟ ਮੁਤਾਬਕ ਫਾਸਟ ਫੂਡ ’ਚ ਕੈਲੋਰੀ ਅਤੇ ਖੰਡ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜਦਕਿ ਪੋਸ਼ਕ ਤੱਤ ਬਹੁਤ ਘੱਟ ਹੁੰਦੇ ਹਨ। ਫਾਸਟ ਫੂਡ ਵਿੱਚ ਟਰਾਂਸ ਫੈਟ ਹੁੰਦਾ ਹੈ, ਜੋ ਸਰੀਰ ਲਈ ਹਾਨੀਕਾਰਕ ਮੰਨਿਆ ਜਾਂਦਾ ਹੈ। ਵਾਧੂ ਚਰਬੀ, ਚੀਨੀ ਅਤੇ ਨਮਕ ਦਾ ਸੁਮੇਲ ਫਾਸਟ ਫੂਡ ਨੂੰ ਸਵਾਦਿਸ਼ਟ ਬਣਾਉਂਦਾ ਹੈ ਪਰ ਇਹ ਸਾਡੇ ਸਰੀਰ ਦੇ ਕੰਮਕਾਜ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਇਹ ਤਿੰਨ ਚੀਜ਼ਾਂ ਕਾਰਡੀਓਵੈਸਕੁਲਰ ਪ੍ਰਣਾਲੀ ’ਤੇ ਦਬਾਅ ਪਾਉਂਦੀਆਂ ਹਨ ਅਤੇ ਲੋਕ ਬੀਮਾਰ ਹੋ ਜਾਂਦੇ ਹਨ। ਜੇਕਰ ਬਰਸਾਤ ਦੇ ਮੌਸਮ ਵਿੱਚ ਸਫ਼ਾਈ ਦਾ ਧਿਆਨ ਨਾ ਰੱਖਿਆ ਜਾਵੇ ਤਾਂ ਫਾਸਟ ਫੂਡ ਖਾਣ ਨਾਲ ਟਾਈਫ਼ਾਈਡ, ਹੈਜ਼ਾ ਅਤੇ ਪੀਲੀਆ ਵਰਗੀਆਂ ਬਿਮਾਰੀਆਂ ਵੀ ਫੈਲ ਸਕਦੀਆਂ ਹਨ।ਕਈ ਅਧਿਐਨਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਫਾਸਟ ਫੂਡ ਵਿੱਚ ਪਾਈ ਜਾਣ ਵਾਲੀ ਟਰਾਂਸ ਫੈਟ ਖ਼ੂਨ ਵਿੱਚ ਖ਼ਰਾਬ ਕੋਲੈਸਟ੍ਰਾਲ ਦੇ ਪੱਧਰ ਨੂੰ ਵਧਾਉਂਦੀ ਹੈ ਅਤੇ ਚੰਗੇ ਕੋਲੇਸਟ੍ਰੋਲ ਦੇ ਪੱਧਰ ਨੂੰ ਘਟਾਉਂਦੀ ਹੈ। ਇਸ ਨਾਲ ਟਾਈਪ 2 ਡਾਇਬਟੀਜ਼ ਅਤੇ ਦਿਲ ਦੀ ਬਿਮਾਰੀ ਦਾ ਖਤਰਾ ਵਧ ਜਾਂਦਾ ਹੈ। ਨਮਕ ਦੀ ਮਾਤਰਾ ਵਧਣ ਨਾਲ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਹੋ ਸਕਦੀ ਹੈ। ਫਾਸਟ ਫੂਡ ’ਚ ਕੈਲੋਰੀ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜਿਸ ਕਾਰਨ ਲੋਕ ਮੋਟਾਪੇ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਨਾਲ ਅਸਥਮਾ ਅਤੇ ਸਾਹ ਦੀਆਂ ਹੋਰ ਬੀਮਾਰੀਆਂ ਦਾ ਖਤਰਾ ਵਧ ਜਾਂਦਾ ਹੈ।

ਫਾਸਟ ਫੂਡ ਖਾਣ ਨਾਲ ਤੁਹਾਡੀ ਭੁੱਖ ਕੁਝ ਸਮੇਂ ਲਈ ਤਾਂ ਪੂਰੀ ਹੋ ਸਕਦੀ ਹੈ ਪਰ ਲੰਬੇ ਸਮੇਂ ਤੱਕ ਅਜਿਹਾ ਕਰਨਾ ਖਤਰਨਾਕ ਹੈ। ਜਿਹੜੇ ਲੋਕ ਫਾਸਟ ਫੂਡ ਅਤੇ ਪ੍ਰੋਸੈਸਡ ਪੇਸਟਰੀਆਂ ਖਾਂਦੇ ਹਨ, ਉਨ੍ਹਾਂ ਨੂੰ ਡਿਪਰੈਸ਼ਨ ਤੋਂ ਪੀੜਤ ਹੋਣ ਦੀ ਸੰਭਾਵਨਾ ਦੂਜਿਆਂ ਨਾਲੋਂ 51% ਜ਼ਿਆਦਾ ਹੁੰਦੀ ਹੈ। ਜੰਕ ਫੂਡ ਅਤੇ ਫਾਸਟ ਫੂਡ ਵਿੱਚ ਮੌਜੂਦ ਤੱਤ ਤੁਹਾਡੀ ਪ੍ਰਜਨਨ ਸ਼ਕਤੀ ਨੂੰ ਪ੍ਰਭਾਵਿਤ ਕਰ ਸਕਦੇ ਹਨ। ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਪ੍ਰੋਸੈਸਡ ਫੂਡ ਵਿੱਚ ਮੌਜੂਦ ਰਸਾਇਣ ਸਰੀਰ ਵਿੱਚ ਹਾਰਮੋਨਸ ਦੇ ਕੰਮਕਾਜ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਪ੍ਰਜਨਨ ਸਮਰੱਥਾ ਘੱਟ ਜਾਂਦੀ ਹੈ।

ਕਹਾਣੀ

ਗੁਲਜ਼ਾਰ ਸਿੰਘ ਸੰਧੂ

# ਇੱਕ ਜਿਸਮ ਦੋ ਜਾਮੇ



ਆਜ਼ਾਦੀ ਦੀ ਪੰਜਾਹਵੀਂ ਵਰ੍ਹੇ-ਗੰਢ ਦੇ ਜਸ਼ਨ ਮਨਾਏ ਜਾਣ ਲੱਗੇ ਤਾਂ ਅਖ਼ਬਾਰਾਂ, ਰਸਾਲੇ, ਰੇਡੀਓ ਤੇ ਟੈਲੀਵਿਜ਼ਨ ਪੰਜਾਹ ਵਰ੍ਹੇ ਪਹਿਲਾਂ ਦੀਆਂ ਘਟਨਾਵਾਂ ਦਾ ਇਸ ਤਰ੍ਹਾਂ ਵੇਰਵਾ ਦੇਣ ਲੱਗੇ ਜਿਵੇਂ ਇਨ੍ਹਾਂ ਦਾ ਜ਼ਿਕਰ ਤੇ ਵਰਣਨ ਬੜੇ ਮਾਣ ਵਾਲੀ ਗੱਲ ਹੋਵੇ। ਦੇਸ਼ ਦੇ ਦੋ ਟੁਕੜੇ ਹੋਣ 'ਤੇ ਇਧਰਲੇ ਮੁਸਲਮਾਨ ਉੱਧਰ ਤੇ ਉਧਰਲੇ ਹਿੰਦੂ ਸਿੱਖ ਇੱਧਰ ਆਉਣ ਦੇ ਅਮਲ ਨਾਲ ਜੋ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ ਉਸ ਨੂੰ ਸੁਤੰਤਰਤਾ ਸੰਗਰਾਮ ਦੀਆਂ ਝਲਕੀਆਂ ਦਾ ਕਲਸ ਚੜ੍ਹਾਇਆ ਜਾ ਰਿਹਾ ਸੀ। ਅਖ਼ਬਾਰਾਂ ਦੇ ਵਿਸ਼ੇਸ਼ ਅੰਕ ਸੁਤੰਤਰਤਾ ਦੀ ਲੜਾਈ ਨਾਲ ਸਬੰਧਿਤ ਘਟਨਾਵਾਂ ਨਾਲ ਰੰਗੀਨ ਤੇ ਸਚਿੱਤਰ ਕੀਤੇ ਜਾ ਰਹੇ ਸਨ।

ਅੰਮ੍ਰਿਤ ਛਕ ਕੇ ਨੂਰਾਂ ਤੋਂ ਚੰਨ ਕੌਰ ਬਣੀ ਚੰਨੋ ਦੇ ਮਨ ਵਿੱਚ ਇਹ ਸਾਰੀਆਂ ਘਟਨਾਵਾਂ ਬੜੀ ਉਥਲ-ਪੁਥਲ ਪੈਦਾ ਕਰਨ ਵਾਲੀਆਂ ਸਨ। ਉਹ ਦਸ ਬਾਰਾਂ ਸਾਲ ਦੀ ਸੀ ਜਦੋਂ ਦੇਸ਼ ਦੀ ਵੰਡ ਹੋਈ। ਉਸ ਦੇ ਮਾਪੇ ਬੱਸੀ ਪਠਾਣਾਂ ਦੇ ਨੇੜਲੇ ਪਿੰਡ ਮਹਿਦੂਦਾਂ ਵਿੱਚ ਗੁਜ਼ਾਰੇ ਯੋਗ ਜ਼ਮੀਨ ਦੇ ਮਾਲਕ ਸਨ। ਉਸ ਦੀਆਂ ਦੋਵੇਂ ਵੱਡੀਆਂ ਭੈਣਾਂ ਵਿਆਹੀਆਂ ਹੋਈਆਂ ਸਨ ਤੇ ਛੋਟਾ ਭਰਾ ਚੌਥੀ ਜਮਾਤ ਵਿੱਚ ਪੜ੍ਹਦਾ ਸੀ। ਜਿਸ ਦਿਨ ਮਹਿਦੂਦਾਂ ਵਿੱਚ ਕਤਲੇਆਮ ਹੋਇਆ ਉਸ ਦੇ ਮਾਂ ਬਾਪ ਤਾਂ ਕਤਲ ਹੋ ਗਏ ਸਨ ਪਰ ਛੋਟਾ ਭਰਾ ਬਚਦਾ ਬਚਦਾ ਕੈਂਪ ਵਿੱਚ ਪਹੁੰਚ ਗਿਆ ਸੀ ਜਿਥੋਂ ਮਿਲਟਰੀ ਵਾਲੇ ਉਨ੍ਹਾਂ ਦੇ ਪਿੰਡ ਵਾਲਿਆਂ ਨੂੰ ਪਾਕਿਸਤਾਨ ਦੀ ਹੱਦ ਪਾਰ ਕਰਵਾਉਣ ਵਿੱਚ ਸਫਲ ਹੋ ਗਏ ਸਨ।

ਨੂਰਾਂ ਨੂੰ ਉਨ੍ਹਾਂ ਦੇ ਗੁਆਂਢੀ ਪ੍ਰਤਾਪ ਸਿੰਘ ਦੀ ਵਹੁਟੀ ਨੇ ਆਪਣੇ ਹੀ ਘਰ ਰੱਖ ਲਿਆ ਸੀ ਜਿਸ ਦੇ ਪੇਕੇ ਉਸ ਦੀ ਮਾਂ ਦੇ ਪੇਕਿਆਂ ਵਾਂਗ ਬਠਿੰਡਾ ਜ਼ਿਲ੍ਹੇ ਵਿੱਚ ਹੋਣ ਕਾਰਨ ਨੂਰਾਂ ਉਸ ਨੂੰ ਮਾਸੀ ਕਹਿ ਕੇ ਬੁਲਾਇਆ ਕਰਦੀ ਸੀ, ਭਾਵੇਂ ਪ੍ਰਤਾਪ ਸਿੰਘ ਦੀ ਘਰ ਵਾਲੀ ਦੇ ਪ੍ਰਤਾਪ ਸਿੰਘ ਤੋਂ ਉਸ ਨੂੰ ਦੂਹਰਾ ਪਿਆਰ ਮਿਲ ਰਿਹਾ ਸੀ। ਮਾਸੀ ਵਾਲਾ ਵੀ ਏ ਤਾਏ ਵਾਲਾ ਵੀ। ਮਾਪਿਆਂ ਦੀ ਮੌਤ ਉਪਰੰਤ ਇਸ ਪਿਆਰ ਦੇ ਦੂਣ ਸਵਾਏ ਹੋਣ ਦਾ ਇੱਕ ਕਾਰਨ ਪ੍ਰਤਾਪ ਸਿੰਘ ਦੇ ਘਰ ਔਲਾਦ ਨਾ ਹੋਣਾ ਵੀ ਸੀ।

ਪ੍ਰਤਾਪ ਸਿੰਘ ਉਸ ਨੂੰ ਮੁਸਲਮਾਨ ਬੱਚੀ ਵਜੋਂ ਹੀ ਪਾਲ ਰਿਹਾ ਸੀ। ਉਸ ਨੇ ਅੰਮ੍ਰਿਤ ਛਕਾ ਕੇ ਨਾਂ ਬਦਲਣ ਦੀ ਵੀ ਲੋੜ ਨਹੀਂ ਸੀ ਸਮਝੀ। ਇਹ ਕਿਹੜਾ ਛੋਟੀ ਜਿਹੀ ਗੱਲ ਸੀ ਕਿ ਉਸ ਨੂੰ ਬੈਠੇ ਬਿਠਾਏ ਨੂੰ ਔਲਾਦ ਮਿਲ ਗਈ ਸੀ। ਹਾਂ, ਗੱਲਾਂ ਗੱਲਾਂ ਵਿੱਚ ਉਹ ਨੂਰਾਂ ਨੂੰ ਸਾਵੀਂ ਵਿਦਿਆ ਦੇਣ ਦਾ ਯਤਨ ਕਰਦਾ। ਫਤਿਹਗੜ੍ਹ ਸਾਹਿਬ ਤੇ ਸਰਹਿੰਦ ਦੀ ਇਤਿਹਾਸਕ ਤਣਾਅ ਵਾਲੀ ਧਰਤੀ ਵਿੱਚ ਰਹਿੰਦੇ ਹੋਣ ਦੇ ਬਾਵਜੂਦ ਪ੍ਰਤਾਪ ਸਿੰਘ ਤੇ ਉਸ ਦੀ ਪਤਨੀ ਮੁਸਲਮਾਨਾਂ ਨੂੰ ਮਾੜਾ ਨਹੀਂ ਸਨ ਕਹਿੰਦੇ। ਉਹ ਸੂਬਾ ਸਰਹੰਦ ਵੱਲੋਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਵਾਏ ਜਾਣ ਦੀ ਘਟਨਾ ਦਾ ਬਹੁਤਾ ਜ਼ਿਕਰ ਕੀਤੇ ਬਿਨਾਂ ਮਾਲੇਰਕੋਟਲਾ ਦੇ ਨਵਾਬ ਦੀ ਗੱਲ ਵਾਰ-ਵਾਰ ਕਰਦੇ ਜਿਸ ਨੇ ਸਰਹਿੰਦ ਦੇ ਸੂਬੇਦਾਰ ਵਜੀਦ ਖਾਂ ਨੂੰ ਸਾਹਿਬਜ਼ਾਦਿਆਂ ਉੱਤੇ ਜ਼ੁਲਮ ਢਾਹੁਣ ਤੋਂ ਵਰਜਿਆ ਸੀ। ਹਾਂ ਕਦੀ ਕਦਾਈਂ ਗੰਗੂ ਬ੍ਰਾਹਮਣ ਦਾ ਜ਼ਿਕਰ ਕਰਕੇ ਸਾਰਾ ਦੋਸ਼ ਉਸ ਦੇ ਸਿਰ ਮੜ੍ਹ ਦਿੰਦੇ। ਉਹ ਦੋਵੇਂ ਹੀ ਨੂਰਾਂ ਦੇ ਮਨ ਉੱਤੇ ਇਹ ਅਸਰ ਪਾਉਂਦੇ ਕਿ ਮੁਸਲਮਾਨ ਤੇ ਸਿੱਖ ਜੋ ਕੁਝ ਵੀ ਕਰਦੇ ਹਨ ਠੀਕ ਹੀ ਕਰਦੇ ਹਨ, ਕੇਵਲ ਗੰਗੂ ਵਰਗੇ ਹੀ ਧਨ ਦੌਲਤ ਜਾਂ ਗਹਿਣੇ ਗੱਟੇ ਦੇ ਲਾਲਚ ਵਿੱਚ ਆ ਕੇ ਆਪਣੀ ਆਪਣੀ ਜ਼ਮੀਰ ਵੇਚਦੇ ਹਨ। ਉਹ ਨੂਰਾਂ ਬੱਚੀ ਦੇ ਮਨ ਵਿੱਚ ਸਿੱਖਾਂ ਜਾਂ ਮੁਸਲਮਾਨਾਂ ਬਾਰੇ ਕੋਈ ਮਾੜੀ ਗੱਲ ਨਹੀਂ ਸੀ ਆਉਣ ਦੇਣੀ ਚਾਹੁੰਦੇ, ਹੋਰ ਕਿਸੇ ਫਿਰਕੇ ਦੀ ਉਨ੍ਹਾਂ ਨੂੰ ਏਨੀ ਫ਼ਿਕਰ ਨਹੀਂ ਸੀ।

ਨੂਰਾਂ ਨੂੰ ਮਿਲ ਰਿਹਾ ਪਿਆਰ ਤੇ ਮੁਹੱਬਤ ਥੋੜ੍ਹ ਚਿਰਾ ਸਾਬਤ ਹੋਇਆ। ਕਿਸੇ ਨੇ ਸਰਕਾਰ ਨੂੰ ਇਤਲਾਹ ਦੇ ਦਿੱਤੀ ਸੀ ਕਿ ਪ੍ਰਤਾਪ ਸਿੰਘ ਨੇ ਆਪਣੇ ਘਰ ਇੱਕ ਮੁਸਲਮਾਨ ਲੜਕੀ ਨੂੰ ਰੱਖਿਆ ਹੋਇਆ ਸੀ। ਨਤੀਜੇ ਵਜੋਂ ਇੱਕ ਦਿਨ ਮਿਲਟਰੀ ਵਾਲੇ ਨੂਰਾਂ ਦੇ ਰੋਂਦਿਆਂ ਕੁਰਲਾਉਂਦਿਆਂ ਤੇ ਪ੍ਰਤਾਪ ਸਿੰਘ ਦੀਆਂ ਸਭ ਦਲੀਲਾਂ ਦੇ ਬਾਵਜੂਦ ਉਸ ਨੂੰ ਪਾਕਿਸਤਾਨ ਵਿੱਚ ਉਸ ਦੇ ਛੋਟੇ ਭਰਾ ਨਾਲ ਮਿਲਾਉਣ ਦਾ ਲਾਰਾ ਲਾ ਕੇ ਆਪਣੇ ਨਾਲ ਲੈ ਗਏ ਸਨ।

ਟਰੱਕ ਵਿੱਚ ਬਿਠਾ ਕੇ ਲੈ ਜਾਣ ਵਾਲਾ ਜਲੰਧਰ ਜ਼ਿਲ੍ਹੇ ਦੇ ਪਿੰਡ ਭੁਲੱਥ ਦਾ ਹਵਾਲਦਾਰੀ ਪਿਨਸ਼ਨ ਆਇਆ ਪੂਰਨ ਸਿੰਘ ਸੀ, ਜਿਸ ਨੂੰ ਫੌਜ ਵਾਲਿਆਂ ਨੇ ਉੱਧਲ਼ੇ ਜੀਵਾਂ ਨੂੰ ਵਸਾਉਣ ਦੇ ਕੰਮ ਲਈ ਮੁੜ ਡਿਊਟੀ ਉੱਤੇ ਸੱਦ ਲਿਆ ਸੀ। ਪੂਰਨ ਸਿੰਘ ਨੇ ਜਿਸ ਦਿਨ ਦੀ ਇਹ ਡਿਊਟੀ ਲਈ ਸੀ ਉਸ ਦੀ ਨਿਗ੍ਹਾ ਆਪਣਾ ਘਰ ਵਸਾਉਣ ਉੱਤੇ ਲੱਗੀ ਹੋਈ ਸੀ, ਜਿਹੜਾ ਉਸ ਦੀ ਵਹੁਟੀ ਦੇ ਮਰ ਜਾਣ ਕਾਰਨ ਉੱਜੜਦਾ ਜਾ ਰਿਹਾ ਸੀ। ਉਹ ਅੱਠ ਸਾਲ ਤੋਂ ਛੋਟੀ ਉਮਰ ਦੀਆਂ ਤਿੰਨ ਬੱਚੀਆਂ ਛੱਡ ਕੇ ਰੱਬ ਦੇ ਘਰ ਨੂੰ ਤੁਰ ਗਈ ਸੀ। ਦੋ ਛੋਟੀਆਂ ਬੱਚੀਆਂ ਨੂੰ ਉਨ੍ਹਾਂ ਦੇ ਨਾਨਕੇ ਲੈ ਗਏ ਸਨ। ਪੂਰਨ ਸਿੰਘ ਦਾ ਦਿਲ ਨਹੀਂ ਸੀ ਲੱਗਦਾ। ਘਰ ਵਿੱਚ ਉਹ ਸੀ, ਉਸ ਦੀ ਮਾਂ ਸੀ ਤੇ ਵੱਡੀ ਧੀ ਸੀ।

ਪੂਰਨ ਸਿੰਘ ਜਿਸ ਦਿਨ ਤੋਂ ਗਿਆਰਾਂ ਬਾਰਾਂ ਵਰ੍ਹੇ ਦੀ ਉਮਰ ਵਾਲੀ ਪਰ ਵੇਖਣ ਨੂੰ ਇਸ ਤੋਂ ਵਡੇਰੀ ਨੂਰਾਂ ਨੂੰ ਟਰੱਕ ਵਿੱਚ ਲੈ ਕੇ ਆਇਆ ਸੀ, ਪਾਕਿਸਤਾਨ ਗਏ ਮੁਸਲਮਾਨਾਂ ਦੀਆਂ ਊਟ ਪਟਾਂਗ ਗੱਲਾਂ ਸੁਣਾ ਕੇ ਉਸ ਦੇ ਮਨ ਵਿੱਚ ਮੁਸਲਮਾਨਾਂ ਖ਼ਿਲਾਫ਼ ਨਫ਼ਰਤ ਭਰਦਾ ਰਿਹਾ ਸੀ। ਉਹ ਚਾਹੁੰਦਾ ਸੀ ਕਿ ਉਹ ਆਪਣੀਆਂ ਵੱਡੀਆਂ ਭੈਣਾਂ, ਜਿਨ੍ਹਾਂ ਬਾਰੇ ਉਸ ਨੂੰ ਸੱਚਮੁੱਚ ਹੀ ਕੋਈ ਸੂਹ ਨਹੀਂ ਸੀ ਮਿਲੀ ਤੇ ਛੋਟੇ ਭਰਾ ਨੂੰ ਭੁੱਲ ਜਾਵੇ ਜਿਹੜਾ ਪਤਾ ਨਹੀਂ ਕਿਹੜੇ ਕੈਂਪ ਰਾਹੀਂ ਕਿੱਧਰ ਦਾ ਕਿੱਧਰ ਚਲਾ ਗਿਆ ਸੀ।

ਪੂਰਨ ਸਿੰਘ ਦੀ ਚੌਕੀ ਅਟਾਰੀ ਤੋਂ ਤਿੰਨ ਚਾਰ ਮੀਲ ਅੱਗੇ ਉਧੋਵਾਲ ਧਾਰੀਵਾਲ ਪਿੰਡ ਵਿੱਚ ਸੀ, ਜਿਹੜਾ ਭਾਰਤ-ਪਾਕ ਸੀਮਾ ਦੇ ਬਹੁਤ ਨੇੜੇ ਸੀ। ਸੀਮਾ ਦੇ ਨੇੜੇ ਹੋਣ ਕਾਰਨ ਇੱਥੇ ਤਸਕਰੀ ਦਾ ਕੰਮ ਵੀ ਖ਼ੂਬ ਚਲਦਾ ਸੀ। ਪੂਰਨ ਸਿੰਘ ਤਸਕਰੀ ਦੀ ਕਮਾਈ ਸਦਕਾ ਚਾਰ ਪੈਸੇ ਖੁੱਲ੍ਹੇ ਖ਼ਰਚਣ ਲਈ ਵੀ ਜਾਣਿਆ ਜਾਂਦਾ ਸੀ। ਉਸ ਨੇ ਨੂਰਾਂ ਨੂੰ ਉਸੇ ਪਿੰਡ ਦੇ ਇਕ ਸਿੱਖ ਜ਼ਿਮੀਂਦਾਰ ਦੇ ਘਰ ਛੱਡਿਆ ਹੋਇਆ ਸੀ ਜਿਹੜਾ ਪੂਰਨ ਸਿੰਘ ਕੋਲ ਦਾਰੂ ਆਦਿ ਪੀਣ ਆਉਂਦਾ ਰਹਿੰਦਾ ਸੀ। ਪੂਰਨ ਸਿੰਘ ਵੀ ਆਪਣੇ ਜੱਟ ਮਿੱਤਰ ਨੂੰ ਖ਼ੁਸ਼ ਰੱਖਣ ਲਈ ਉਸ ਦੇ ਘਰ ਵਾਲਿਆਂ ਦੀ ਪੈਸੇ ਟਕੇ ਤੇ ਲੋੜੀਂਦੀਆਂ ਵਸਤਾਂ ਨਾਲ ਸਹਾਇਤਾ ਕਰਦਾ ਰਹਿੰਦਾ ਸੀ।

ਇਹ ਸਭ ਕੁਝ ਉਹ ਨੂਰਾਂ ਨੂੰ ਖ਼ੁਸ਼ ਕਰਨ ਲਈ ਕਰਦਾ ਸੀ। ਉਸ ਦਾ ਮੂਲ ਮਨੋਰਥ ਨੂਰਾਂ ਨੂੰ ਆਪਣੇ ਬੱਚਿਆਂ ਦੀ ਦੇਖ-ਭਾਲ਼ ਵਾਸਤੇ ਆਪਣੇ ਪਿੰਡ ਭੁਲੱਥ ਲੈ ਕੇ ਜਾਣਾ ਸੀ। ਘਰ ਵਿੱਚ ਉਸ ਦਾ ਰੁਤਬਾ ਨੌਕਰਾਣੀ ਵਾਲਾ ਰੱਖ ਕੇ ਪੂਰਨ ਸਿੰਘ ਕਿਸੇ ਪੜਾਅ ਉੱਤੇ ਉਸ ਨੂੰ ਆਪਣੀ ਘਰ ਵਾਲੀ ਬਣਾ ਸਕਦਾ ਸੀ। ਇਸੇ ਆਸ਼ੇ ਨਾਲ ਉਹ ਨੂਰਾਂ ਨੂੰ ਦੋ ਦਿਨ ਦੀ ਛੁੱਟੀ ਲੈ ਕੇ ਕੇਵਲ ਪਿੰਡ ਹੀ ਨਹੀਂ ਛੱਡ ਆਇਆ ਸਗੋਂ ਉਸ ਨੂੰ ਡੇਰੇ ਲਿਜਾ ਕੇ ਅੰਮ੍ਰਿਤ ਵੀ ਛਕਵਾ ਆਇਆ ਸੀ।

ਹੁਣ ਨੂਰਾਂ ਦਾ ਨਾਂ ਚੰਨ ਕੌਰ ਹੋ ਚੁੱਕਾ ਸੀ ਭਾਵੇਂ ਪੂਰਨ ਸਿੰਘ ਦੀ ਮਾਂ ਉਸ ਨੂੰ ਪਿਆਰ ਵਿੱਚ ਚੰਨੋ ਕਹਿ ਕੇ ਬੁਲਾਉਂਦੀ ਸੀ। ਛੋਟੇ ਦੋਵੇਂ ਬੱਚੇ ਨਾਨਕੇ ਪਿੰਡ ਹੋਣ ਕਾਰਨ ਇੱਥੇ ਪੂਰਨ ਸਿੰਘ ਦੀ ਮਾਂ ਤੇ ਵੱਡੀ ਧੀ ਹੀ ਰਹਿੰਦੇ ਸਨ, ਜਿਨ੍ਹਾਂ ਵਿੱਚ ਚੰਨੋ ਦਾ ਦਿਲ ਸਹਿਜੇ ਸਹਿਜੇ ਲੱਗ ਗਿਆ ਸੀ। ਉਂਜ ਵੀ ਆਏ ਗਏ ਦੇ ਹੱਥ ਅਟਾਰੀ ਬਾਰਡਰ ਤੋਂ ਚੰਨੋ ਦੀ ਮਨ ਪਸੰਦ ਦੀ ਹਰ ਇਕ ਚੀਜ਼ ਭੁਲੱਥ ਪਹੁੰਚਦੀ ਰਹਿੰਦੀ ਸੀ।

ਇਹ ਗੱਲ ਮਾਂ ਵੀ ਜਾਣਦੀ ਸੀ ਉਸ ਕੋਲ ਰਹਿ ਰਹੀ ਵੱਡੀ ਧੀ ਵੀ ਕਿ ਆਮ ਤੌਰ 'ਤੇ ਬੋਤਲ ਦਾ ਸ਼ੌਕ ਪਾਲਣ ਵਾਲਾ ਪੂਰਨ ਸਿੰਘ ਇਹ ਸਭ ਕੁਝ ਚੰਨੋ ਨੂੰ ਖ਼ੁਸ਼ ਰੱਖਣ ਲਈ ਹੀ ਕਰ ਰਿਹਾ ਸੀ। ਸਹਿਜੇ ਸਹਿਜੇ ਘਰ ਵਿੱਚ ਚੰਨੋ ਦਾ ਚੰਗਾ ਖਾਸਾ ਸਥਾਨ ਬਣਦਾ ਜਾ ਰਿਹਾ ਸੀ, ਜਿਹੜਾ ਉਸ ਦੀ ਉਮਰ ਨਾਲੋਂ ਕੁਝ ਵਧੇਰੇ ਹੀ ਮਹੱਤਵ ਅਖ਼ਤਿਆਰ ਕਰ ਰਿਹਾ ਸੀ।

ਪਿਛਲੇ ਪੰਜਾਹ ਸਾਲਾਂ ਤੋਂ ਚੰਨੋ ਦਾ ਨੂਰਾਂ ਤੋਂ ਪੂਰੀ ਚੰਨ ਕੌਰ ਬਣਨ ਦਾ ਇਹ ਸਫ਼ਰ ਦਿਲਚਸਪ ਸੀ। ਪੂਰਨ ਸਿੰਘ ਨਾਲ ਵਿਆਹ ਤੋਂ ਪਹਿਲਾਂ ਉਹ ਉਸ ਦੀ ਧੀਆਂ ਦੀ ਸਹੇਲੀ ਮਾਤਰ ਸੀ ਜਿਸ ਦਾ ਸਦਕਾ ਉਹ ਆਪਣੇ ਬਚਪਨ ਨੂੰ ਯਤੀਮਾਂ ਦੇ ਬਚਪਨ ਨਾਲੋਂ ਬਹੁਤ ਚੰਗਾ ਸਮਝਦੀ ਆਈ ਸੀ ਤੇ ਵਿਆਹ ਤੋਂ ਪਿੱਛੋਂ ਉਸ ਦੇ ਪੁੱਤਰ ਵੀ ਹੋ ਗਏ ਸਨ ਜਿਨ੍ਹਾਂ ਨੇ ਵੱਡੇ ਹੋ ਕੇ ਪੂਰਨ ਸਿੰਘ ਦੀ ਜ਼ਮੀਨ ਜਾਇਦਾਦ ਦੇ ਮਾਲਕ ਹੋਣਾ ਸੀ। ਦੁਆਬੇ ਵਿੱਚ ਦਸ ਏਕੜ ਇੱਕ ਤਰ੍ਹਾਂ ਨਾਲ ਸਤਿਕਾਰਯੋਗ ਸੰਪਤੀ ਕਹੀ ਜਾ ਸਕਦੀ ਸੀ। ਦੀਨ ਈਮਾਨ ਤੇ ਮਜ਼ਹਬ ਦੀਆਂ ਲੀਕਾਂ ਵੀ ਚੰਨ ਕੌਰ ਨੇ ਖੁਦ ਹੀ ਮਿਥੀਆਂ ਸਨ। ਮਰਿਆਦਾ ਨੂੰ ਮੰਨਣ ਜਾਂ ਨਾ ਮੰਨਣ ਦਾ ਫੈਸਲਾ ਵੀ ਉਸ ਨੇ ਆਪ ਹੀ ਕਰਨਾ ਹੁੰਦਾ ਸੀ। ਉਂਜ ਤਾਂ ਪੂਰਨ ਸਿੰਘ ਦੀ ਮਾਂ ਦੇ ਜਿਊਂਦੇ ਜੀਅ ਵੀ ਉਸ ਨੂੰ ਰੋਕਣ ਟੋਕਣ ਦੀ ਕਿਸੇ ਵਿੱਚ ਹਿੰਮਤ ਨਹੀਂ ਸੀ ਪਰ ਮਾਂ ਦੀ ਮੌਤ ਤੋਂ ਪਿੱਛੋਂ ਤਾਂ ਉਹ ਪੂਰੇ ਘਰ ਦੀ ਪੂਰਨ ਮਾਲਕ ਸੀ ਜਿਸ ਵਿੱਚ ਪੂਰਨ ਸਿੰਘ ਦੇ ਘਰ ਆਉਣ ਜਾਣ ਵਾਲਿਆਂ ਦੀ ਸੀਮਾ ਤੇ ਖੁੱਲ੍ਹ ਵੀ ਉਸ ਨੇ ਆਪ ਹੀ ਮਿਥਣੀ ਹੁੰਦੀ ਸੀ।

ਚੰਨ ਕੌਰ ਦੀ ਸਭ ਤੋਂ ਵੱਡੀ ਸਿਫ਼ਤ ਉਸ ਵੱਲੋਂ ਅੱਖਾਂ, ਨੱਕ ਤੇ ਕੰਨਾਂ ਦੀ ਯੋਗ ਚੋਣਵੀਂ ਵਰਤੋਂ ਸੀ। ਉਸ ਨੂੰ ਪਤਾ ਸੀ ਕਿ ਉਸ ਨੇ ਕਿਹੜੀ ਗੱਲ ਨੂੰ ਸੁਣ ਕੇ ਅਣਸੁਣੀ ਕਰਨਾ ਹੈ ਤੇ ਕਿਹੜੀ ਨੂੰ ਵੇਖ ਕੇ ਅਣਡਿਠ। ਹਰ ਪੱਖ ਤੋਂ ਸਫਲ ਤੇ ਪ੍ਰਵਾਨ ਇਸ ਔਰਤ ਨੇ ਜ਼ਿੰਦਗੀ ਦੇ ਚੰਗੇ ਤੇ ਮੰਦੇ ਸਾਰੇ ਪਲ ਸੁਘੜ ਤੇ ਸੁਚੇਤ ਰਹਿ ਕੇ ਮਾਣੇ ਸਨ। ਇਥੋਂ ਤਕ ਕਿ ਉਸ ਨੇ ਆਪਣੇ ਪਿੰਡ ਮਹਿਦੂਦਾਂ ਤੇ ਪਿੰਡ ਦੇ ਨੇੜੇ ਵਾਪਰੀਆਂ ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸਬੰਧਿਤ ਉਹ ਘਟਨਾਵਾਂ ਵੀ, ਜਿਹੜੀਆਂ ਬਚਪਨ ਵਿੱਚ ਉਸ ਨੂੰ ਬਹੁਤ ਦੁਖਦਾਈ ਜਾਪਦੀਆਂ ਸਨ, ਜ਼ਿੰਦਗੀ ਦੀ ਅਟੱਲ ਸਚਾਈ ਵਾਂਗ ਹੀ ਪ੍ਰਵਾਨ ਕਰ ਲਈਆਂ ਸਨ, ਜਿਸ ਵਿੱਚ ਮਾਲੇਰਕੋਟਲੇ ਦੇ ਨਵਾਬ ਵੱਲੋਂ ਮਾਰਿਆ ਹਾਅ ਦਾ ਨਾਅਰਾ ਵੀ ਇੱਕ ਘਟਨਾ ਮਾਤਰ ਹੀ ਸੀ। ਉਹਦੇ ਲਈ ਦੋਹਾਂ ਦਾ ਮਹੱਤਵ ਬਰਾਬਰ ਸੀ-ਜ਼ਿੰਦਗੀ ਦਾ ਬਹੁਤ ਵੱਡਾ ਸੱਚ।

ਹੁਣ ਜਦੋਂ ਆਕਾਸ਼ਵਾਣੀ ਤੇ ਦੂਰਦਰਸ਼ਨ ਨੇ ਪੁਰਾਣੇ ਜ਼ਖਮ ਖੁਰਦਣੇ ਸ਼ੁਰੂ ਕਰ ਦਿੱਤੇ ਸਨ ਤਾਂ ਚੰਨ ਕੌਰ ਦਾ ਸੱਚ ਵੀ ਥਿੜਕਣ ਲੱਗ ਪਿਆ ਸੀ। ਉਸ ਦੇ ਆਪੂੰ ਸਿਰਜੇ ਸੱਚ ਵਿੱਚ ਝੂਠ ਦੇ ਅੰਸ਼ ਰਲਣੇ ਸ਼ੁਰੂ ਹੋ ਗਏ ਸਨ। ਉਸ ਨੂੰ ਜਾਪਦਾ ਸੀ ਜਿਵੇਂ ਜ਼ਮੀਨ ਉਸ ਦੇ ਪੈਰਾਂ ਥੱਲਿਉਂ ਖਿਸਕਣੀ ਸ਼ੁਰੂ ਹੋ ਗਈ ਹੋਵੇ। ਉਹ ਹੈਰਾਨ ਸੀ ਕਿ ਹੁਣ ਉਸ ਦੀ ਬਹੁਤ ਦੀ ਪ੍ਰੌੜ੍ਹ ਤੇ ਅਨੁਭਵੀ ਅਵਸਥਾ ਹੋਣ ਦੇ ਬਾਵਜੂਦ ਉਸ ਦੀ ਧਰਤੀ ਉੱਤੇ ਉਹ ਪਕੜ ਨਹੀਂ ਸੀ ਰਹੀ ਜੋ ਉਸ ਨੇ ਕੱਚੀ ਉਮਰੇ ਆਪਣੀ ਸੋਚ ਤੇ ਸੂਝ ਦੀ ਡੰਗੋਰੀ ਫੜ ਕੇ ਆਪਣੇ ਆਪ ਹੀ ਜਮਾ ਲਈ ਸੀ। ਉਹ ਆਪਣੀ ਉਮਰ ਤੇ ਸਿਹਤ ਨੂੰ ਕੋਸਣ ਲੱਗ ਪਈ ਸੀ। ਪਹਿਲੀ ਉਮਰ ਦੀ ਪ੍ਰਾਪਤੀ ਵਿੱਚ ਉਸ ਦੀ ਸਿਹਤ ਤੇ ਜਵਾਨੀ ਨੇ ਜਿਹੜੀ ਸ਼ਕਤੀ ਦਿੱਤੀ ਸੀ ਉਹ ਛਿੱਜਦੀ ਜਾ ਰਹੀ ਸੀ। ਇਸ ਨੂੰ ਤ੍ਰੁੱਪਾ ਮਾਰਨ ਦਾ ਉਸ ਕੋਲ ਕੋਈ ਵਸੀਲਾ ਨਹੀਂ ਸੀ।

ਇੱਕ ਦਿਨ ਉਸ ਦੇ ਮਨ ਵਿਚ ਅਜੀਬ ਜਿਹੀ ਭਾਵਨਾ ਪੈਦਾ ਹੋਈ। ਉਸ ਦਾ ਆਪਣੀ ਜਨਮ ਭੋਇੰ ਦੇਖਣ ਨੂੰ ਜੀਅ ਕਰ ਆਇਆ। ਕਿੰਨੇ ਲੋਕ ਆਪਣੇ ਜਠੇਰਿਆਂ ਦੀ ਭਾਲ ਵਿੱਚ ਕਮਲੇ ਹੋਏ ਫਿਰਦੇ ਸਨ ਤੇ ਕਿੰਨੇ ਆਪਣੇ ਤੋਂ ਵਿੱਛੜੇ ਪਰਿਵਾਰਾਂ, ਤਾਏ ਤਾਈਆਂ, ਮਾਸੜ ਮਾਸੀਆਂ ਤੇ ਫੁਫਾ ਫੂਫੀਆਂ ਨੂੰ ਲੱਭਣ ਸਰਹੱਦਾਂ ਪਾਰ ਕਰ ਰਹੇ ਸਨ। ਉਹ, ਜਿਸ ਨੂੰ ਕਿਸੇ ਰਿਸ਼ਤੇਦਾਰ ਦਾ ਕੁਝ ਵੀ ਪਤਾ ਨਹੀਂ ਸੀ, ਆਪਣੀ ਜਨਮ ਭੋਇੰ ਤਾਂ ਦੇਖ ਹੀ ਸਕਦੇ ਸੀ। ਉਸ ਨੇ ਜਨਮ ਭੋਇੰ ਵੇਖਣ ਦਾ ਪੱਕਾ ਇਰਾਦਾ ਬਣਾ ਲਿਆ।

ਹੁਣ ਉਹ ਪੁੱਤਾਂ ਪੋਤਰਿਆਂ ਵਾਲੀ ਸੀ ਪਰ ਉਸ ਨੇ ਘਰ ਜਾਂ ਬਾਹਰ ਕਿਸੇ ਨੂੰ ਪਤਾ ਨਹੀਂ ਸੀ ਲੱਗਣ ਦਿੱਤਾ ਕਿ ਉਹ ਕਿੱਥੋਂ ਦੀ ਸੀ ਤੇ ਕਿਵੇਂ ਆਈ ਸੀ। ਇਸ ਗੱਲ ਦਾ ਕੇਵਲ ਪੂਰਨ ਸਿੰਘ ਨੂੰ ਪਤਾ ਸੀ ਪਰ ਹੁਣ ਪੂਰਨ ਸਿੰਘ ਨੂੰ ਅਗਲੀ ਦੁਨੀਆ ਵਿੱਚ ਗਿਆਂ ਵੀ ਤਿੰਨ ਦਹਾਕੇ ਹੋ ਚੁੱਕੇ ਸਨ। ਮੇਲੇ ਮੁਸਾਹਬੇ ਜਾਣ ਦਾ ਸ਼ੌਕ ਉਸ ਨੇ ਮਾਂ ਬਾਪ ਤੇ ਭੈਣਾਂ ਭਰਾਵਾਂ ਦੇ ਸੰਭਾਵੀ ਕਤਲ ਸਮੇਂ ਹੀ ਤਿਆਗ ਦਿੱਤਾ ਸੀ। ਉਸ ਦਾ ਵੱਸ ਚਲਦਾ ਤਾਂ ਉਸ ਨੇ ਵਿਆਹ ਵੀ ਨਹੀਂ ਸੀ ਕਰਵਾਉਣਾ। ਜੇ ਹੋਇਆ ਸੀ ਤਾਂ ਉਸ ਨੇ ਬੜੀ ਸਿਆਣਪ ਤੇ ਚੁਸਤੀ ਨਾਲ ਨਿਭਾਇਆ ਸੀ। ਬੱਚੇ ਪੈਦਾ ਵੀ ਕੀਤੇ ਸਨ, ਪਾਲੇ ਵੀ ਸਨ ਪਰ ਉਨ੍ਹਾਂ ਨੂੰ ਕਿਸੇ ਇਕ ਧਰਮ ਜਾਂ ਮਰਿਆਦਾ ਦੇ ਗੁਲਾਮ ਨਹੀਂ ਸੀ ਹੋਣ ਦਿੱਤਾ। ਆਪਣੇ ਪੂਰੇ ਜੀਵਨ ਵਿੱਚ ਇੱਕ ਵਾਰੀ ਪੂਰਨ ਸਿੰਘ ਨਾਲ ਤਰਨ ਤਾਰਨ ਦੀ ਮੱਸਿਆ ਨਹਾਉਣ ਗਈ ਸੀ ਜਾਂ ਇੱਕ ਵਾਰੀ ਹੋਲੇ ਮਹੱਲੇ ਉੱਤੇ ਆਨੰਦਪੁਰ ਸਾਹਿਬ। ਇਸ ਤੋਂ ਪਹਿਲਾਂ ਉਸ ਨੇ ਆਪਣੇ ਅੱਬਾ ਨਾਲ ਫਤਿਹਗੜ੍ਹ ਸਾਹਿਬ ਦੀ ਸਿੰਘ ਸਭਾ ਦੇਖੀ ਸੀ ਪਰ ਉਦੋਂ ਉਸ ਨੇ ਕਿਸੇ ਗੁਰਦੁਆਰੇ ਦੇ ਅੰਦਰ ਦਰਸ਼ਨ ਨਹੀਂ ਸਨ ਕੀਤੇ। ਉਸ ਨੂੰ ਇਹ ਵੀ ਚੇਤਾ ਨਹੀਂ ਸੀ ਕਿ ਇਨ੍ਹਾਂ ਧਰਮ ਅਸਥਾਨਾਂ ਦੀ ਫੇਰੀ ਦਾ ਉਸ ਦੇ ਮਨ ਦੀ ਸ਼ਾਂਤੀ ਉੱਤੇ ਕਿਸ ਤਰ੍ਹਾਂ ਦਾ ਅਸਰ ਪਿਆ ਸੀ। ਜੇ ਮਨ ਅਸ਼ਾਂਤ ਹੀ ਨਹੀਂ ਸੀ ਤਾਂ ਧਰਮ ਅਸਥਾਨ ਉਸ ਨੂੰ ਦੇ ਹੀ ਕੀ ਸਕਦੇ ਸਨ।

ਹੁਣ ਉਮਰ ਦੇ ਇਸ ਆਖਰੀ ਪੜਾਅ ਵਿੱਚ ਸੰਚਾਰ ਸਾਧਨਾਂ ਨੇ ਉਸ ਦੇ ਮਨ ਦੀ ਸ਼ਾਂਤੀ ਭੰਗ ਕਰ ਦਿੱਤੀ ਸੀ। ਉਸ ਨੂੰ ਇਹ ਵੀ ਪਤਾ ਸੀ ਕਿ ਉਸ ਨੂੰ ਇਹ ਸ਼ਾਂਤੀ ਕਿਸੇ ਪੂਜਾ ਸਥਾਨ ਤੋਂ ਮਿਲਣੀ ਜ਼ਰੂਰੀ ਨਹੀਂ ਸੀ। ਜੀਵਨ ਭਰ ਯਤਾਮਤ ਦੀ ਜ਼ਿੰਦਗੀ ਨੂੰ ਉਪਯੋਗੀ ਬਣਾ ਕੇ ਉਸ ਨੇ ਆਪਣਾ ਮਨ ਵਰਚਾਈ ਰੱਖਿਆ ਸੀ। ਫੇਰ ਵੀ ਉਸ ਨੂੰ ਆਪਣੇ ਘਰ ਦੇ ਬਾਹਰ ਵਾਲਾ ਬਰੋਟਾ ਚੇਤੇ ਆ ਗਿਆ ਸੀ, ਜਿਸ ਦੀ ਸੰਘਣੀ ਛਾਵੇਂ ਉਹ ਆਪਣੀਆਂ ਹਮ ਉਮਰ ਕੁੜੀਆਂ ਨਾਲ ਖੇਡਿਆ ਕਰਦੀ ਸੀ। ਉਸ ਨੂੰ ਘਰ ਦੇ ਵਿਹੜੇ ਵਾਲੀ ਉਹ ਨਿੰਮ ਵੀ ਨਹੀਂ ਸੀ ਭੁੱਲੀ ਜਿਸ ਦੀਆਂ ਟਾਹਣਾਂ ਉੱਤੇ ਉਹ ਪੀਂਘ ਝੂਟਿਆ ਕਰਦੀ ਸੀ।

ਉਹ ਇਹ ਵੀ ਜਾਣਦੀ ਸੀ ਕਿ ਉਸ ਦੀ ਇਹ ਉਮਰ ਪੀਂਘ ਝੂਟਣ ਜਾਂ ਗੀਟੇ ਖੇਡਣ ਵਾਲੀ ਨਹੀਂ। ਉਹ ਤਾਂ ਕੇਵਲ ਉਨ੍ਹਾਂ ਰੁੱਖਾਂ ਦੇ ਹੇਠੋਂ ਦੀ ਲੰਘਣਾ ਚਾਹੁੰਦੀ ਸੀ ਜਿਨ੍ਹਾਂ ਦੀ ਛਾਂ ਮਾਣਦੀ ਰਹੀ ਸੀ। ਜੇ ਹੋ ਸਕੇ ਤਾਂ ਉਹ ਆਪਣੇ ਘਰ ਵੀ ਜਾ ਸਕਦੀ ਸੀ ਤੇ ਆਪਣੀ ਉਸ ਮਾਸੀ ਦੇ ਘਰ ਵੀ ਜਿਸ ਨੇ ਮਿਲਟਰੀ ਵਾਲਿਆਂ ਨੂੰ ਸੌਂਪਣ ਤੱਕ ਉਸ ਨੂੰ ਫੁੱਲਾਂ ਵਾਂਗ ਸਾਂਭੀ ਰੱਖਿਆ ਸੀ। ਇਸ ਨਾਲ ਕੀ ਫਰਕ ਪੈਂਦਾ ਹੈ ਕਿ ਉਨ੍ਹਾਂ ਘਰਾਂ ਵਿੱਚ ਕੋਈ ਹੈ ਵੀ ਸੀ ਜਾਂ ਨਹੀਂ। ਉਸ ਦਾ ਕੇਵਲ ਵੇਖਣ ਨੂੰ ਜੀਅ ਕਰਦਾ ਸੀ।

ਦਸੰਬਰ ਦੇ ਮਹੀਨੇ ਉਸ ਦੇ ਪਿੰਡ ਮਹਿਦੂਦਾਂ ਦੇ ਨੇੜੇ ਫਤਿਹਗੜ੍ਹ ਸਾਹਿਬ ਦੀ ਸਿੰਘ ਸਭਾ ਦਾ ਜੋੜ ਮੇਲਾ ਭਰਨਾ ਸੀ। ਉਸ ਨੇ ਜੋੜ ਮੇਲਾ ਵੇਖਣ ਦਾ ਐਲਾਨ ਕਰ ਦਿੱਤਾ। ਕਰਤਾਰਪੁਰ ਤੋਂ ਗੱਡੀ ਜਾਂ ਬੱਸ ਚੜ੍ਹ ਕੇ ਉਸ ਨੇ ਜਲੰਧਰ, ਲੁਧਿਆਣਾ, ਖੰਨਾ ਤੇ ਗੋਬਿੰਦਗੜ੍ਹ ਦੀ ਮੰਡੀ ਲੰਘ ਦੇ ਸਰਹਿੰਦ ਜਾ ਉੱਤਰਨਾ ਸੀ ਜਿਥੋਂ ਤਾਂਗੇ, ਰਿਕਸ਼ੇ ਤੇ ਟੈਂਪੂ ਫਤਿਹਗੜ੍ਹ ਸਾਹਿਬ, ਬਸੀ ਪਠਾਣਾਂ ਜਾਂ ਮਹਿਦੂਦਾਂ ਲਿਜਾ ਸਕਦੇ ਸਨ। ਕਿਸੇ ਨੂੰ ਉਸ ਬਾਰੇ ਫਿਕਰ ਕਰਨ ਦੀ ਲੋੜ ਨਹੀਂ ਸੀ। ਜਦੋਂ ਨੂੰਹਾਂ, ਪੁੱਤਰਾਂ ਤੇ ਪੋਤੇ ਪੋਤਰੀਆਂ ਨੇ ਚਿੰਤਾ ਪ੍ਰਗਟ ਕੀਤੀ ਤਾਂ ਉਸ ਦੀ ਪਿਆਰ ਭਰੀ ਇਕੋ ਘੂਰੀ ਨੇ ਸਭ ਨੂੰ ਸ਼ਾਂਤ ਕਰ ਦਿੱਤਾ। ਉਸ ਦਾ ਦਬਦਬਾ ਸਾਰੇ ਪਿੰਡ ਵਿੱਚ ਚਲਦਾ ਸੀ ਘਰ ਵਾਲੇ ਤਾਂ ਕਿਸ ਦੇ ਪਾਣੀਹਾਰ ਸਨ। ਸਰਹਿੰਦ ਦੇ ਸਟੇਸ਼ਨ ਤੋਂ ਉਤਰ ਕੇ ਉਸ ਨੇ ਬਸੀ ਪਠਾਣਾਂ ਦਾ ਤਾਂਗਾ ਲਿਆ। ਸਰਹਿੰਦ ਤੋਂ ਬਸੀ ਪਠਾਣਾਂ ਦੇ ਇਸ ਰਾਹ ਵਿੱਚ ਕੁਝ ਵੀ ਤਾਂ ਪਹਿਲਾਂ ਵਾਲਾ ਨਹੀਂ ਸੀ। ਹੋ ਸਕਦਾ ਹੈ ਉਸ ਦਾ ਚੇਤਾ ਹੀ ਉਸ ਦਾ ਸਾਥ ਨਹੀਂ ਸੀ ਦੇ ਰਿਹਾ। ਮੋਰਿੰਡੇ ਵਾਲੀ ਰੇਲਵੇ ਲਾਈਨ ਤੋਂ ਪਹਿਲਾਂ ਦੇ ਸਾਰੇ ਦ੍ਰਿਸ਼ ਬਹੁਤ ਓਪਰੇ ਸਨ। ਪਰ ਮੋਰਿੰਡੇ ਵਾਲੀ ਰੇਲਵੇ ਲਾਈਨ ਦੇਖ ਕੇ ਉਸ ਦੇ ਸਾਹ ਵਿੱਚ ਸਾਹ ਆ ਗਿਆ। ਜਦੋਂ ਉਹ ਆਪਣੇ ਅੱਬਾ ਨਾਲ ਫਤਿਹਗੜ੍ਹ ਸਾਹਿਬ ਆਈ ਸੀ ਤਾਂ ਮਾਲ ਗੱਡੀ ਲੰਘ ਰਹੀ ਸੀ। ਉਸ ਨੇ ਮਾਲ ਗੱਡੀ ਦੇ ਡੱਬੇ ਗਿਣੇ ਸਨ ਜਿਹੜੇ ਅੱਸੀ ਤੋਂ ਉੱਤੇ ਸਨ। ਇਕ ਦੋ ਡੱਬਿਆਂ ਦਾ ਉਸ ਨੂੰ ਧੋਖਾ ਵੀ ਲੱਗਿਆ ਸੀ। ਹੁਣ ਫੇਰ ਫਾਟਕ ਬੰਦ ਸੀ। ਉਹ ਖ਼ੁਸ਼ ਸੀ ਕਿ ਉਹ ਬਚਪਨ ਵਾਂਗ ਗੱਡੀ ਨੂੰ ਲੰਘਦਿਆਂ ਦੇਖ ਸਕੇਗੀ।

ਲੰਘਣ ਵਾਲੀ ਗੱਡੀ ਉਦੋਂ ਵਾਂਗ ਹੀ ਮਾਲ ਅਸਬਾਬ ਵਾਲੀ ਸੀ। ਜਦੋਂ ਇੰਜਣ ਉਸ ਦੇ ਅੱਗੋਂ ਦੀ ਲੰਘਿਆ ਤਾਂ ਉਸ ਦਾ ਜੀਅ ਕੀਤਾ ਕਿ ਉਹ ਡੱਬੇ ਗਿਣੇ। ਪਰ ਉਸ ਨੇ ਛੇਤੀ ਹੀ ਆਪਣੇ ਮਨ ਨੂੰ ਸਮਝਾ ਲਿਆ ਕਿ ਇਹ ਕੋਈ ਕਰਨ ਵਾਲੀ ਗੱਲ ਨਹੀਂ ਸੀ। ਫੇਰ ਵੀ ਉਹ ਮਨ ਹੀ ਮਨ ਵਿੱਚ ਇੱਕ ਤਰ੍ਹਾਂ ਦੀ ਗਿਣਤੀ ਗਿਣਦੀ ਰਹੀ ਜਿਵੇਂ ਗਿਣਤੀ ਦਾ ਪਾਠ ਕਰ ਰਹੀ ਹੋਵੇ। ਫਾਟਕ ਲੰਘ ਕੇ ਸੱਜੇ ਹੱਥ ਦਾ ਰੋਜ਼ਾ ਤੇ ਖੱਬੇ ਹੱਥ ਵਾਲੀ ਹਲੀਮ ਮੰਜ਼ਿਲ ਨਾਂ ਦੀ ਕੋਠੀ ਤੇ ਚਾਰਦੀਵਾਰੀ ਨੂੰ ਉਹ ਭਲੀ ਭਾਂਤ ਪਛਾਣਦੀ ਸੀ। ਉਹ ਖ਼ੁਸ਼ ਸੀ ਕਿ ਉਸ ਦਾ ਚੇਤਾ ਕਾਇਮ ਸੀ।

ਬਸੀ ਪਠਾਣਾਂ ਤੋਂ ਮਹਿਦੂਦਾਂ ਨੂੰ ਜਾਣ ਵਾਲੀ ਸੜਕ ਨੂੰ ਪਹਿਚਾਣਨਾ ਉਸ ਦੇ ਵੱਸ ਦਾ ਰੋਗ ਨਹੀਂ ਸੀ। ਇੱਥੇ ਮੁਰੱਬਾ ਬੰਦੀ ਤੇ ਪਿੰਡ ਦੀ ਫਿਰਨੀ ਨੇ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ ਸੀ। ਉਹ ਕਿਸੇ ਨੂੰ ਕੁਝ ਪੁੱਛਣਾ ਵੀ ਨਹੀਂ ਸੀ ਚਾਹੁੰਦੀ, ਪੁੱਛਦੀ, ਵੀ ਕੀ ? ਰਿਕਸ਼ੇ ਵਾਲਾ ਉਸ ਨੂੰ ਰਸਤਾ ਪੁੱਛਣ ਲਈ ਕਹਿ ਰਿਹਾ ਸੀ ਪਰ ਉਹ ਉਸ ਦੀ ਗੱਲ ਨੂੰ ਅਣਸੁਣੀ ਕਰ ਕੇ ਆਲਾ-ਦੁਆਲਾ ਪਹਿਚਾਨਣ ਵਿੱਚ ਲੱਗੀ ਹੋਈ ਸੀ। ਪਿੰਡ ਦੇ ਬਾਹਰ ਵਾਲਾ ਬਰੋਟਾ ਦਿਸ ਪਿਆ। ਇਹ ਜਿਉਂ ਦਾ ਤਿਉਂ ਕਾਇਮ ਸੀ। ਇਸ ਦੀ ਛਾਂ ਉਸੇ ਤਰ੍ਹਾਂ ਸੰਘਣੀ ਸੀ। ਦਸੰਬਰ ਦਾ ਮਹੀਨਾ ਤੇ ਸ਼ਾਮ ਦਾ ਵੇਲਾ ਹੋਣ ਕਾਰਨ ਬਰੋਟੇ ਦੀ ਛਾਂ ਠੰਢੀ ਯਖ਼ ਜਾਪਦੀ ਸੀ। ਚੰਨ ਕੌਰ ਨੂੰ ਇਸ ਛਾਂ ਵਿਚੋਂ ਵੀ ਨਿੱਘ ਮਿਲ ਰਿਹਾ ਸੀ, ਜਿਸ ਤਰ੍ਹਾਂ ਦਾ ਨਿੱਘ ਬਚਪਨ ਦੇ ਦਿਨਾਂ ਵਿਚ ਰਾਤ ਦੇ ਵੇਲੇ ਖੇਤਾਂ ਤੋਂ ਪਰਤਦਿਆਂ ਕਿਸੇ ਵੀ ਰੁੱਖ ਦੇ ਥੱਲੇ ਪਹੁੰਚਣ 'ਤੇ ਮਿਲਿਆ ਕਰਦਾ ਸੀ। ਉਸ ਨੂੰ ਬਰੋਟੇ ਦੀ ਛਤਰੀ ਹੇਠਲਾ ਨਿੱਘ ਚੰਗਾ ਲੱਗ ਰਿਹਾ ਸੀ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਜਦ ਬੰਦੇ ਦੀ ਹਿੰਮਤ ਅੱਗੇ
### ਇਕਬਾਲ ਸ਼ੈਦਾ

ਜਦ ਬੰਦੇ ਦੀ ਹਿੰਮਤ ਅੱਗੇ, ਹਰ ਜਾਂਦਾ ਏ ਪਾਣੀ ।
ਰੇਤ ਦੇ ਟਿੱਬਿਆਂ ਨੂੰ ਵੀ ਗੁਲਸ਼ਨ, ਕਰ ਜਾਂਦਾ ਏ ਪਾਣੀ।
ਇਸ ਤੋਂ ਵੱਧ ਹਸਾਸ ਕੋਈ ਸ਼ੈ, ਦੁਨੀਆਂ ਵਿੱਚ ਨਹੀਂ ਵੇਖੀ,
ਧੁੱਪੇ ਤਪ ਜਾਂਦਾ ਏ ਛਾਵੇਂ, ਠਰ ਜਾਂਦਾ ਏ ਪਾਣੀ।
ਐਨਾ ਕੀ, ਸਭ ਕੌਮ ਦੀ ਗ਼ੈਰਤ, ਦਾਅ ਉੱਤੇ ਲਾ ਦੇਵੇ,
ਜਿਸ ਬੇਗ਼ੈਰਤ ਦੀ ਅੱਖ ਵਿਚੋਂ ਮਰ ਜਾਂਦਾ ਏ ਪਾਣੀ।
ਧਰਤੀ ਦਾ ਦਿਲ ਡੋਲੇ ਖਾਂਦਾ ਅਰਸ਼ ਅਜ਼ੀਮ ਵੀ ਹਿੱਲਦਾ,
ਜਦ ਮਜ਼ਲੂਮਾਂ ਦੀ ਅੱਖ ਅੰਦਰ ਤਰ ਜਾਂਦਾ ਏ ਪਾਣੀ।
ਆਪਣੀ ਫ਼ਿਤਰਤ ਕਦੇ ਨਾ ਬਦਲੇ ਇਹ ਖ਼ਾਸੀਅਤ ਇਹਦੀ,
ਭਾਵੇਂ ਪੱਥਰ ਕਰ ਲਉ ਓੜਕ ਖਰ ਜਾਂਦਾ ਏ ਪਾਣੀ ।
ਗੁੱਸੇ ਦੇ ਵਿੱਚ ਆਵੇ ਤੇ ਇਹ ਵਸਦੇ ਸ਼ਹਿਰ ਉਜਾੜੇ,
ਨਹੀਂ ਤੇ ਰੋਜ਼ ਵਸਾ ਕੇ ਲੱਖਾਂ ਘਰ ਜਾਂਦਾ ਏ ਪਾਣੀ।
ਕਤਰੇ ਕਤਰੇ ਅੰਦਰ 'ਸ਼ੈਦਾ' ਚਾਨਣ ਤੇ ਹਰਿਆਲੀ,
ਜ਼ੱਰੇ-ਜ਼ੱਰੇ ਦੇ ਵਿੱਚ ਅੰਮ੍ਰਿਤ ਭਰ ਜਾਂਦਾ ਏ ਪਾਣੀ।

## ਸ਼ਬਦ ਦਾ ਕੋਈ ਮਹਿਕਦਾ ਦਰਿਆ ਮਿਲੇ
### ਅਜਮੇਰ ਗਿੱਲ

ਸ਼ਬਦ ਦਾ ਕੋਈ ਮਹਿਕਦਾ ਦਰਿਆ ਮਿਲੇ।
ਮੇਰੀ ਕਿਸ਼ਤੀ ਨੂੰ ਕਿਨਾਰਾ ਆ ਮਿਲੇ।

ਆਪਣੇ ਨ੍ਹੇਰੇ 'ਚ ਡੁੱਬਕੇ ਵੇਖਣਾ ਹੈ,
ਸ਼ਾਇਦ ਚਾਨਣ ਦਾ ਕੁਈ ਕਤਰਾ ਮਿਲੇ।

ਉੱਡਦੇ ਜਾਂਦੇ ਨੇ ਪੰਛੀ ਹਸਰਤਾਂ ਦੇ,
ਜਿਪਸੀਆਂ ਨੂੰ ਵੀ ਕਿਤੋਂ ਹੁਜਰਾ ਮਿਲੇ।

ਜੋ ਨਦੀ ਤੜਫੀ ਹੈ ਰੇਗਿਸਤਾਨ ਵਿੱਚ,
ਓਸਨੂੰ ਫੁੱਲਾਂ ਦਾ ਗੁਲਦਸਤਾ ਮਿਲੇ।

ਬਾਰਸ਼ਾਂ ਦੀ ਤਲੀ ਤੇ ਮੌਸਮ ਸੁਹਾਣਾ,
ਬਿਰਖ਼ ਨੂੰ ਸ਼ਾਇਦ ਹਰਾ ਪੱਤਾ ਮਿਲੇ।

ਪੈਰੀਂ ਭਟਕਣ ਦੀ ਹੈ ਝਾਂਜਰ ਛਣਕਦੀ,
ਏਸ ਤਿੱਤਰੀ ਨੂੰ ਕਿਤੇ ਗੋਸ਼ਾ ਮਿਲੇ।

ਰੋਗੀ ਜਿਹਨਾਂ ਨੇ ਹੈ ਜੋ ਜ਼ਖ਼ਮੀ ਕਰੀ,
ਓਸ ਮਸਜਿਦ ਨੂੰ ਮਿਰਾ ਸਜਦਾ ਮਿਲੇ।

ਦਰਦ ਦਾ ਸੂਰਜ ਮੁਨੱਵਰ ਹੋ ਰਿਹਾ ਹੈ,
ਰਾਤ ਨੂੰ ਸ਼ਾਇਦ ਨਵਾਂ ਖ਼ਤਰਾ ਮਿਲੇ।

## ਸ਼ਾਹ ਫਕੀਰ ਖ਼ੁਦਾ ਸਾਈਂ
### ਡਾ. ਸਰਬਜੀਤ ਕੌਰ ਜੰਗ



ਦਿਲ ਦੀਆਂ ਸੱਧਰਾਂ ਦਿਲ ਹੀ ਜਾਣੇ
ਰਹਿਮਤ ਖ਼ੁਦਾ ਦੀ ਸੱਚ ਪਛਾਣੇ

ਸ਼ਬਦਾਂ ਦਾ ਵੇਗ ਧੁਰ ਕੀ ਬਾਣੀ
ਇਸ਼ਕ ਹਕੀਕੀ ਰੂਹ ਦੀ ਹਾਣੀ

ਖ਼ੁਦਾ ਬਖਸ਼ ਬੰਦੇ ਨਾ ਮਿਲਦੇ ਸਾਈਂ
ਵੇਖੀਂ ਲੋਕੀਂ ਦਗ਼ਾ ਕਮਾਇ

ਤੇਰਾ ਨੂਰ ਕੁਦਰਤ ਦਾ ਸਾਇਆ
ਸ਼ੁਕਰ ਏ ਅੱਖਰ ਮੈਨੂੰ ਵੀ ਆਇਆ

ਸਰਬ ਤੇਰਾ ਦਿਲ ਸਬਰ ਦਾ ਸਮੁੰਦਰ
ਮੁਹੱਬਤ ਖ਼ੁਦਾ ਦੀ ਜੋ ਮਿਲਦੀ ਅੰਦਰ

ਸ਼ਾਹ ਫਕੀਰ ਖ਼ੁਦਾ ਸਾਈਂ
ਮੁਹੱਬਤ ਦੀ ਰੋਸ਼ਨੀ ਜਗ ਵਿੱਚ ਜਗਾਈਂ

## ਚੁੱਪ ਦਾ ਰੁੱਖ
### ਅੰਮ੍ਰਿਤਾ ਪ੍ਰੀਤਮ



ਨਹੀਂ - ਚੁੱਪ ਦੇ ਇਸ ਰੁੱਖ ਤੋਂ
ਮੈਂ ਅੱਖਰ ਨਹੀਂ ਤੋੜੇ
ਇਹ ਤਾਂ ਜੋ ਰੁੱਖ ਨਾਲੋਂ ਝੜੇ ਸੀ
ਮੈਂ ਉਹੀ ਅੱਖਰ ਚੁਣੇ ਹਨ

ਨਹੀਂ — ਤੁਸਾਂ ਨੂੰ ਜਾਂ ਕਿਸੇ ਨੂੰ
ਮੈਂ ਕੁਝ ਨਹੀਂ ਆਖਿਆ
ਇਹ ਤਾਂ ਜੋ ਲਹੂ ਵਿੱਚ ਬੋਲੇ ਸੀ
ਮੈਂ ਉਹੀ ਅੱਖਰ ਸੁਣੇ ਹਨ

ਇੱਕ ਬਿਜਲੀ ਦੀ ਲੰਬੀ ਲੀਕ ਸੀ
ਛਾਤੀ 'ਚੋਂ ਲੰਘੀ ਸੀ
ਇਹ ਤਾਂ ਕੁਝ ਉਸੇ ਦੇ ਟੋਟੇ
ਮੈਂ ਪੋਟਿਆਂ 'ਤੇ ਗਿਣੇ ਹਨ

ਤੇ ਚੰਨ ਨੇ ਚਰਖੇ ਤੇ ਬਹਿ ਕੇ
ਬੱਦਲ ਦੀ ਕਪਾਹ ਕੱਤੀ
ਇਹ ਤਾਂ ਕੁਝ ਉਹੀ ਧਾਗੇ ਨੇ
ਮੈਂ ਖੱਡੀ ਤੇ ਉਣੇ ਹਨ

ਨਹੀਂ — ਚੁੱਪ ਦੇ ਇਸ ਰੁੱਖ ਤੋਂ
ਮੈਂ ਅੱਖਰ ਨਹੀਂ ਤੋੜੇ
ਇਹ ਤਾਂ ਜੋ ਰੁਖ ਨਾਲੋਂ ਝੜੇ ਸੀ
ਮੈਂ ਉਹੀ ਅੱਖਰ ਚੁਣੇ ਹਨ

## ਜੰਗਲ ਦਾ ਗੀਤ
### ਅਸ਼ਰਫ਼ ਸੁਹੇਲ



ਇਹ ਜੰਗਲ ਸਾਡਾ ਮੋਰਾਂ ਦਾ।
ਇਹ ਮੋਰਾਂ ਚੰਨ ਚਕੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।
ਜਾਂ ਫ਼ਜ਼ਰੇ ਦੀ 'ਵਾ ਝੁੱਲੇ ਪਈ।
ਫੁੱਲਾਂ ਦੇ ਵਰਕੇ ਥੱਲੇ ਪਈ।
ਖ਼ੁਸ਼ਬੂ ਵੀ ਰਸਤੇ ਭੁੱਲੇ ਪਈ।
ਮੀਂਹ ਵਰ੍ਹਦਾ ਇੱਥੇ ਜ਼ੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।
ਇੱਕ ਰੋਜ਼ ਸ਼ਿਕਾਰੀ ਧਾਏ ਸੀ।
ਆ ਜਾਲ ਉਹਨਾਂ ਨੇ ਲਾਏ ਸੀ।

ਇਕ ਰਾਜਾ ਰਾਣੀ ਆਈ ਸੀ।
ਦਾਅ ਲੱਗਾ ਕਾਲੇ ਚੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।
ਉਹ ਬਾਬਲ ਮੇਰਾ, ਮੇਰੀ ਮਾਂ,
ਲੈ ਗਏ ਸ਼ਿਕਾਰੀ ਕਿਹੜੀ ਥਾਂ।
ਮੈਂ ਕਹਿੰਦਾ ਕੀ ਮੈਂ ਗੂੰਗਾ ਸਾਂ,
ਮੂੰਹ ਵੇਖ ਰਿਹਾ ਸਾਂ ਹੋਰਾਂ ਦਾ।
ਇਹ ਜੰਗਲ ਸਾਡਾ ਮੋਰਾਂ ਦਾ।
ਇਹ ਮੋਰਾਂ ਚੰਨ ਚਕੋਰਾਂ ਦਾ।

## ਮੈਂ ਪੰਜਾਬ
### ਸਤਨਾਮ ਸਾਦਿਕ

ਮੇਰੇ ਅੰਦਰ ਪਿਆ ਖਿਲਾਰਾ
ਕਿਵੇਂ ਸੰਵਾਰਾ ?
ਲੋਕੀ ਕਹਿਣ ਮੈਨੂੰ
ਹਾਂ ਮੈਂ ਪੰਜਾਬ ਅਵਾਰਾ
ਮੇਰੇ ਕੰਨ ਅੱਖਾਂ ਜੀਭਾਂ ਖਾ ਗਈਆਂ
ਇਹ ਆਦਮਖੋਰ ਸਰਕਾਰਾਂ
ਮੈਥੋਂ ਰੱਬ ਨੇ ਕੀ ਲੈਣੇ ਛਿੱਕਲੇ
ਮੇਰੇ ਪਾਲਕ ਵਿਨਾਸ਼ਕ ਨਿਕਲੇ
ਮੇਰੇ ਅੰਦਰ ਹੁਣ ਗੂੰਜਦੀਆਂ
ਨਿੱਤ ਘਰ ਘਰ ਹਾਹਾਕਾਰਾਂ

ਮੇਰੀ ਮਿੱਟੀ ਦੇ ਵਿੱਚ ਜ਼ਹਿਰਾਂ
ਪਾਣੀ ਤੇ ਲਾਸ਼ਾਂ ਦਾ ਪਹਿਰਾ

ਸਾਹ ਤਰਸੇ ਦਰੱਖਤਾਂ ਤਾਂਈ
ਪਈਆਂ ਸਖਤ ਮੈਨੂੰ ਮਾਰਾਂ

ਮੇਰੀ ਹਿੱਕ 'ਤੇ ਕੈਂਸਰ ਹੋਇਆ
ਖਜਾਨਚੀ ਫਾਇਨੈਂਸਰ ਹੋਇਆ
ਮੇਰੇ ਮਜ਼ਦੂਰ ਮਰਦੇ ਭੁੱਖੇ
ਲਵੇਂ ਕੌਣ ਮੈਂਡੀਆਂ ਸਾਰਾਂ ।

ਮੈਨੂੰ ਕੀਤਾ ਮਨਮੁੱਖ ਧਰਮਾਂ
ਪਾ ਕੇ ਪਾੜੇ ਨਾ ਕਰਦੇ ਸ਼ਰਮਾਂ
ਵੱਖੋਂ ਵੱਖਰੇ ਲੈਬਲ ਲਾ ਤੇ
ਤੂੰ ਦੀਨਾਂ ਮੈਂ ਸਰਦਾਰਾ ।

## ਰੰਗ ਰੰਗੀਲਾ ਚਰਖਾ ਸਾਡਾ
### ਹਜ਼ਾਰਾ ਸਿੰਘ ਗੁਰਦਾਸਪੁਰੀ



ਰੰਗ ਰੰਗੀਲਾ ਚਰਖਾ ਸਾਡਾ, ਕੂੰਜ ਵਾਂਗ ਕੁਰਲਾਏ ।
ਜਾਓ ਜਗਾਵੋ ਫਜਰਾਂ ਦਾ ਤਾਰਾ, ਪੂਣੀ ਮੁਕਦੀ ਜਾਏ ।
ਜੋਟੇ ਵੀ ਮੁੱਕ ਗਏ, ਛੋਪੇ ਵੀ ਮੁੱਕ ਗਏ, ਗੋੜਿਆਂ ਦੇ ਮੁੱਕ ਗਏ ਢੇਰ ।
ਅਜੇ ਨਾ ਮੁੱਕੀਆਂ ਕਾਲੀਆਂ ਰਾਤਾਂ, ਅਜੇ ਨਾ ਡੁੱਬੇ ਹਨੇਰ ।
ਕਿਰਨਾਂ ਨਾਲ ਖੇਡਦਾ ਰਾਂਝਾ, ਕਿਰਨ ਕੋਈ ਲਮਕਾਏ ।
ਰੰਗ ਰੰਗੀਲਾ ਚਰਖਾ ਸਾਡਾ, ਕੂੰਜ ਵਾਂਗ ਕੁਰਲਾਏ ।
ਕੱਢ ਕੱਢ ਮੁਕ ਗਈਆਂ ਲੰਮੀਆਂ ਤੰਦਾਂ, ਗੌਂ ਗੌਂ ਮੁਕ ਗਏ ਗੀਤ ।
ਮੁਕ ਨਾ ਜਾਵੇ ਗ਼ਮ ਜਿੰਦੜੀ ਦਾ, ਜਿੰਦੜੀ ਦੀ ਕੀ ਪ੍ਰਤੀਤ ।
ਜਿਸਨੇ ਲੰਮੀਆਂ ਰਾਤਾਂ ਦਿੱਤੀਆਂ, ਗ਼ਮ ਵੀ ਲੰਮੇ ਲਾਏ ।
ਰੰਗ ਰੰਗੀਲਾ ਚਰਖਾ ਸਾਡਾ, ਕੂੰਜ ਵਾਂਗ ਕੁਰਲਾਏ ।
ਹੰਭ ਗਈ ਚਰਖੇ ਦੀ ਹੱਥੀ, ਡਿਗ ਡਿਗ ਪੈਂਦੀ ਮਾਲ੍ਹ ।
ਟੁੱਟ ਟੁੱਟ ਪੈਂਦੀਆਂ ਮੁੜਕਾ ਕਣੀਆਂ, ਦੇ ਦੇ ਲਿਸ਼ਕ ਰਵਾਲ ।
ਜੀਊਣ ਮਰਨ ਇਹ ਆਸ਼ਾ ਲਿਸ਼ਕਾਂ, ਜਿਉਂ ਥਲ ਰਾਹਾਂ ਸਾਏ ।
ਰੰਗ ਰੰਗੀਲਾ ਚਰਖਾ ਸਾਡਾ, ਕੂੰਜ ਵਾਂਗ ਕੁਰਲਾਏ ।
ਗੇੜੋ ਵੇ ਅੜਿਓ, ਗੇੜੋ ਨੈਣੋਂ, ਖੂਹ ਹੰਝੂਆਂ ਦਾ ਗੇੜੋ ।
ਟਿੰਡਾਂ ਭਰ ਭਰ ਚਾਨਣ ਕੱਢੋ, ਕਾਲਖਾਂ ਧੋ ਨਬੇੜੋ ।
ਕਿਰਨ ਊਸ਼ਾ ਦੀ, ਵਿਹੜਾ ਸਾਡਾ, ਕਿਧਰੇ ਆਣ ਖਿੜਾਏ ।
ਰੰਗ ਰੰਗੀਲਾ ਚਰਖਾ ਸਾਡਾ, ਕੂੰਜ ਵਾਂਗ ਕੁਰਲਾਏ।

## ਜੀ ਕਰਦਾ ਏ ਮੇਰਾ ਮੈਂ ਵੀ
### ਹਕੀਮ ਅਰਸ਼ਦ ਸ਼ਹਿਜ਼ਾਦ

ਜੀ ਕਰਦਾ ਏ ਮੇਰਾ ਮੈਂ ਵੀ ਉਹਦਾ ਮਣਕਾ ਭੰਨਾ।
ਜੀਹਨੇ ਰਾਂਝੂ ਯਾਰ ਤੋਂ ਖੋਹ ਲਿਆ ਚੂਰੀ ਵਾਲਾ ਛੰਨਾ।
ਦੁੱਖਾਂ ਬਾਝੋਂ ਇਸ ਦੁਨੀਆਂ ਵਿੱਚ ਆ ਕੇ ਕੁਝ ਨਹੀਂ ਖੱਟਿਆ ।
ਇੰਜ ਗੁਜ਼ਾਰੀ ਯਾਰ ਹਿਆਤੀ ਜਿਉਂ ਬੇਲਣ ਵਿੱਚ ਗੰਨਾ ।
ਮੈਨੂੰ ਫੇਰ ਵੀ ਡਰ ਆਉਂਦਾ ਏ ਪਟਵਾਰੀ ਦੇ ਕੋਲੋਂ,
ਨਾ ਸੀ ਮੇਰੀ ਪੈਲੀ ਕੋਈ ਤੇ ਨਾ ਹੈ ਸੀ ਬੰਨਾ।
ਵਰ੍ਹਿਆਂ ਤੋਂ ਗੱਲ ਲੰਮੀ ਹੋਈ ਨੂੰ ਇਕ ਪਾਸੇ ਲਾ ਦੇ,
ਯਾ ਰੱਖ ਲੈ ਯਾ ਛੱਡਦੇ ਮੈਨੂੰ ਕਰਦੇ ਹੰਨਾ-ਬੰਨਾ।
ਬੰਦੇ ਛੱਡ ਕੇ ਲਾ ਲਏ ਉਹਨੇ ਰਿੱਛਾਂ ਨਾਲ ਯਾਰਾਨੇ,
ਲਗਦੈ ਮੈਨੂੰ ਹੋ ਗਿਆ ਹੋਣੈ ਉਹ ਅੱਖੀਆਂ ਤੋਂ ਅੰਨ੍ਹਾ।
ਤੇਰੀ ਫ਼ਿਤਰਤ ਕੰਮ ਚੰਗੇ ਤੇ ਵੀ ਤਨਕੀਦ ਹੈ ਕਰਨਾ,
ਲਗਦੈ ਮੈਨੂੰ ਬਾਜ਼ ਨਹੀਂ ਆਉਣਾ ਤੂੰ ਕੁੱਤੇ ਦਿਆ ਕੰਨਾ।
ਲੋਕਾਂ ਚੰਨ ਅਫ਼ਲਾਕੀ ਤੱਕ ਕੇ ਆਪਣੀ ਈਦ ਮਨਾਈ,
ਮੈਂ ਵੀ ਈਦ ਮਨਾਵਾਂ ਆਪਣੀ ਚੜ੍ਹ ਕੋਠੇ ਤੇ ਚੰਨ ।
ਕਿਹੜੇ ਮਾਨ ਤਰਾਨ ਦੇ ਨਾਲ ਮੈਂ ਤੇਰੀ ਹਿੱਕ ਨਾਲ ਲੱਗਾਂ,
ਨਾ ਮੈਂ ਲਾਲ ਜਵਾਹਰ ਕੋਈ ਨਾ ਮੈਂ ਕੋਈ ਪੰਨਾ।
ਉਹ ਆਪਣੀ ਮਰਜ਼ੀ ਦਾ ਮਾਲਕ ਮੇਰੀ ਗੱਲ ਨਹੀਂ ਮੰਨਦਾ ।
ਪੱਥਰ ਦੇ ਨਾਲ ਕਾਹਨੂੰ 'ਅਰਸ਼ਦ' ਆਪਣਾ ਮੱਥੜਾ ਭੰਨਾ।

## ਤੇਰੇ ਵਾਸਤੇ
### ਕਮਲਦੀਪ ਕੌਰ ਸੋਨਟ

ਦੱਸ ਮੈਨੂੰ ਮੇਰੀ ਧਰਤਿ ਕੀ ਕਰ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਜਿਹੜੀ ਚੀਜ਼ ਦਾ ਬੋਝ ਹੈ ਤੈਨੂੰ ਉਹ ਚੀਜ਼ ਚੁੱਕ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਜੋ ਕੋਈ ਤੈਨੂੰ ਤੰਗ ਕਰੇ ਉਸ ਨੂੰ ਸਮਝਾਂ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਦੱਸ ਖਾਂ ਮੈਨੂੰ ਮੇਰੀ ਧਰਤਿ ਕੀ ਕਰ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਤੇਰੇ ਸੀਨੇ 'ਚ ਜੋ ਛੇਦ ਕਰੇ,ਦੱਸ ਮੈਨੂੰ ਰੋਕ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਤੇਰੀ ਰੂਹ ਨੂੰ ਜੋ ਜ਼ਖ਼ਮੀ ਕਰੇ, ਤੇਰੀ ਰੂਹ ਤੇ ਮੱਲ੍ਹਮ ਲਾ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਕੁਝ ਤਾਂ ਬੋਲ ਮੇਰੀ ਪਿਆਰੀ ਧਰਤਿ, ਕੀ ਕਰ ਸਕਦਾ ਹਾਂ,
ਮੈਂ ਤੇਰੇ ਵਾਸਤੇ...!
ਕੀ ਕਰ ਸਕਦਾ ਹਾਂ ਮੈਂ ਤੇਰੇ ਵਾਸਤੇ...!

# ਗਲੈਮਰ ਦੀ ਦੁਨੀਆਂ ਦੇ ਹਨੇਰੇ ਪੱਖ ਨੂੰ ਬੇਨਕਾਬ ਕਰਦੀਆਂ ਹਨ ਕੁਝ ਬਾਲੀਵੁੱਡ ਫ਼ਿਲਮਾਂ




ਨਾਮ, ਪ੍ਰਸਿੱਧੀ ਅਤੇ ਗਲੈਮਰ ਨਾਲ ਭਰਪੂਰ ਮਨੋਰੰਜਨ ਦੀ ਦੁਨੀਆਂ, ਬਾਹਰੋਂ ਜਿੰਨੀ ਚਮਕਦਾਰ ਦਿਖਾਈ ਦਿੰਦੀ ਹੈ, ਅੰਦਰੋਂ ਓਨੀ ਹੀ ਹਨੇਰੀ ਹੈ। ਇਸ ਰੌਣਕ ਭਰੀ ਦੁਨੀਆਂ ਵਿੱਚ ਕਈ ਰਾਜ਼ ਦੱਬੇ ਹੋਏ ਹਨ, ਜਿਨ੍ਹਾਂ ਨੂੰ ਸਾਹਮਣੇ ਆਉਣ ਦਾ ਮੌਕਾ ਘੱਟ ਹੀ ਮਿਲਦਾ ਹੈ। ਹਾਲਾਂਕਿ ਪਿਛਲੇ ਕਈ ਸਾਲਾਂ 'ਚ ਇੰਡਸਟਰੀ 'ਚ ਕਈ ਅਜਿਹੀਆਂ ਫਿਲਮਾਂ ਬਣੀਆਂ ਹਨ, ਜੋ ਫਿਲਮ ਜਗਤ ਦੇ ਕਾਲੇ ਸੱਚ ਨੂੰ ਦਰਸਾਉਂਦੀਆਂ ਹਨ। ਬਹੁਤ ਸਾਰੀਆਂ ਅਜਿਹੀਆਂ ਫਿਲਮਾਂ ਉਪਲਬਧ ਹਨ, ਜਿਨ੍ਹਾਂ ਨੂੰ ਦੇਖ ਕੇ ਤੁਸੀਂ ਗਲੈਮਰ ਦੀ ਦੁਨੀਆ ਅਤੇ ਇਸ ਦੀ ਸੱਚਾਈ ਤੋਂ ਜਾਣੂ ਹੋ ਸਕਦੇ ਹੋ।

### ਹੀਰੋਇਨ

ਬਾਲੀਵੁੱਡ ਅਭਿਨੇਤਰੀ ਕਰੀਨਾ ਕਪੂਰ ਸਟਾਰਰ ਫਿਲਮ ਹੀਰੋਇਨ ਇੱਕ ਸਫਲ ਅਭਿਨੇਤਰੀ ਦੇ ਆਲੇ-ਦੁਆਲੇ ਘੁੰਮਦੀ ਹੈ। ਫਿਲਮ ਵਿੱਚ, ਕਰੀਨਾ ਮਾਹੀ ਅਰੋੜਾ ਦੀ ਭੂਮਿਕਾ ਵਿੱਚ ਨਜ਼ਰ ਆਈ, ਜੋ ਇੱਕ ਅਜਿਹੀ ਅਭਿਨੇਤਰੀ ਹੈ ਜੋ ਸਫਲਤਾ ਦੇ ਸਿਖਰ 'ਤੇ ਪਹੁੰਚ ਜਾਂਦੀ ਹੈ ਅਤੇ ਆਪਣੇ ਫੈਸਲਿਆਂ ਕਾਰਨ ਹੇਠਾਂ ਆਉਂਦੀ ਹੈ। ਮਧੁਰ ਭੰਡਾਰਕਰ ਦੁਆਰਾ ਨਿਰਦੇਸ਼ਿਤ, ਇਸ ਫਿਲਮ ਵਿੱਚ ਅਰਜੁਨ ਰਾਮਪਾਲ, ਰਣਦੀਪ ਹੁੱਡਾ, ਸੰਜੇ ਸੂਰੀ, ਦਿਵਿਆ ਦੱਤਾ, ਮੁਗਧਾ ਗੋਡਸੇ ਅਤੇ ਸ਼ਹਾਨਾ ਗੋਸਵਾਮੀ ਵੀ ਹਨ।

### ਸੰਜੂ

ਰਾਜਕੁਮਾਰ ਹਿਰਾਨੀ ਦੇ ਨਿਰਦੇਸ਼ਨ 'ਚ ਬਣੀ ਫਿਲਮ 'ਸੰਜੂ' ਬਾਲੀਵੁੱਡ ਅਭਿਨੇਤਾ ਸੰਜੇ ਦੱਤ ਦੇ ਜੀਵਨ 'ਤੇ ਆਧਾਰਿਤ ਹੈ। ਫਿਲਮ ਵਿੱਚ ਅਭਿਨੇਤਾ ਰਣਬੀਰ ਕਪੂਰ ਸੰਜੇ ਦੱਤ ਦੀ ਭੂਮਿਕਾ ਨਿਭਾਉਂਦੇ ਨਜ਼ਰ ਆਏ ਸਨ, ਜਦੋਂ ਕਿ ਅਭਿਨੇਤਾ ਵਿੱਕੀ ਕੌਸ਼ਲ ਸੰਜੇ ਦੱਤ ਦੇ ਨਜ਼ਦੀਕੀ ਦੋਸਤ ਕਮਲੇਸ਼ ਕਨ੍ਹਈਲਾਲ ਕਪਾਸੀ ਦੀ ਭੂਮਿਕਾ ਨਿਭਾਉਂਦੇ ਨਜ਼ਰ ਆਏ ਸਨ। ਫਿਲਮ ਵਿੱਚ ਸੰਜੇ ਦੱਤ ਦੀ ਸ਼ਰਾਬ ਅਤੇ ਨਸ਼ਿਆਂ ਦੀ ਲਤ, ਮੁੜ ਵਸੇਬਾ ਕੇਂਦਰ ਵਿੱਚ ਉਸ ਦਾ ਸਮਾਂ, 1993 ਦੇ ਮੁੰਬਈ ਬੰਬ ਧਮਾਕਿਆਂ ਵਿੱਚ ਉਸ ਦੀ ਸ਼ਮੂਲੀਅਤ, ਜੇਲ੍ਹ ਵਿੱਚ ਉਸ ਦੀ ਮੁਸੀਬਤ ਅਤੇ ਫਿਰ ਫ਼ਿਲਮ ਉਦਯੋਗ ਵਿੱਚ ਉਸ ਦੀ ਵਾਪਸੀ ਦਾ ਵੇਰਵਾ ਦਿੱਤਾ ਗਿਆ ਹੈ। ਫਿਲਮ 'ਚ ਪਰੇਸ਼ ਰਾਵਲ, ਅਨੁਸ਼ਕਾ ਸ਼ਰਮਾ, ਜਿਮ ਸਰਬ, ਦੀਆ ਮਿਰਜ਼ਾ, ਸੋਨਮ ਕਪੂਰ ਆਹੂਜਾ ਅਤੇ ਬੋਮਨ ਇਰਾਨੀ ਵੀ ਹਨ।



### ਫੈਸ਼ਨ

ਬਾਲੀਵੁੱਡ ਅਭਿਨੇਤਰੀਆਂ ਪ੍ਰਿਯੰਕਾ ਚੋਪੜਾ ਅਤੇ ਕੰਗਨਾ ਰਣੌਤ ਅਭਿਨੀਤ ਫਿਲਮ 'ਫੈਸ਼ਨ' ਦੇਸ਼ ਦੇ ਫੈਸ਼ਨ ਉਦਯੋਗ ਦੇ ਕਾਲੇ ਪਾਸੇ ਨੂੰ ਉਜਾਗਰ ਕਰਦੀ ਹੈ। ਫਿਲਮ ਦੀ ਕਹਾਣੀ ਇਕ ਛੋਟੇ ਸ਼ਹਿਰ ਦੀ ਲੜਕੀ 'ਤੇ ਆਧਾਰਿਤ ਹੈ ਜੋ ਸੁਪਰ ਮਾਡਲ ਬਣਨ ਦੀ ਇੱਛਾ ਰੱਖਦੀ ਹੈ। ਪਰ ਜਿਵੇਂ-ਜਿਵੇਂ ਉਹ ਆਪਣੇ ਕਰੀਅਰ ਵਿੱਚ ਅੱਗੇ ਵਧਦੀ ਹੈ। ਉਹ ਨਸ਼ੇ, ਸ਼ਰਾਬ ਅਤੇ ਸਟਾਰਡਮ ਦੀ ਹਉਮੈ ਵਿੱਚ ਸਭ ਕੁਝ ਗੁਆ ਬੈਠਦੀ ਹੈ। ਇਸ ਫਿਲਮ 'ਚ ਪ੍ਰਿਯੰਕਾ ਅਤੇ ਕੰਗਨਾ ਤੋਂ ਇਲਾਵਾ ਮੁਗਧਾ ਗੋਡਸੇ, ਅਰਜੁਨ ਬਾਜਵਾ, ਸਮੀਰ ਸੋਨੀ, ਅਰਬਾਜ਼ ਖਾਨ ਅਤੇ ਰੋਹਿਤ ਰਾਏ ਵੀ ਨਜ਼ਰ ਆਉਣਗੇ। ਫਿਲਮ ਦਾ ਨਿਰਦੇਸ਼ਨ ਮਧੁਰ ਭੰਡਾਰਕਰ ਨੇ ਕੀਤਾ ਹੈ।

### ਲਕ ਬਾਏ ਚਾਂਸ

ਫਰਹਾਨ ਅਖਤਰ ਸਟਾਰਰ ਫਿਲਮ 'ਲਕ ਬਾਏ ਚਾਂਸ' ਇਕ ਅਜਿਹੇ ਵਿਅਕਤੀ ਦੀ ਕਹਾਣੀ ਹੈ ਜੋ ਬਾਲੀਵੁੱਡ 'ਚ ਨਾਮ ਕਮਾਉਣਾ ਚਾਹੁੰਦਾ ਹੈ। ਫਿਲਮ 'ਚ ਜੈ ਸਿੰਘ ਦੇ ਕਿਰਦਾਰ 'ਚ ਨਜ਼ਰ ਆਏ ਫਰਹਾਨ ਆਪਣੀ ਇੱਛਾ ਮੁਤਾਬਕ ਇੰਡਸਟਰੀ 'ਚ ਨਾਮ ਕਮਾਉਂਦੇ ਹਨ ਪਰ ਇਸ ਦੀ ਕੀਮਤ ਉਸ ਨੂੰ ਆਪਣੇ ਦੋਸਤਾਂ ਅਤੇ ਪਿਆਰ ਨੂੰ ਗੁਆ ਕੇ ਚੁਕਾਉਣੀ ਪੈਂਦੀ ਹੈ।

### ਡਰਟੀ ਪਿਕਚਰ

ਵਿਦਿਆ ਬਾਲਨ ਨੂੰ ਦੱਖਣ ਭਾਰਤੀ ਅਭਿਨੇਤਰੀ ਸਿਲਕ ਸਮਿਤਾ ਦੇ ਜੀਵਨ 'ਤੇ ਆਧਾਰਿਤ ਫਿਲਮ 'ਦ ਡਰਟੀ ਪਿਕਚਰ' ਲਈ ਸਰਵੋਤਮ ਅਭਿਨੇਤਰੀ ਦਾ ਪੁਰਸਕਾਰ ਮਿਲਿਆ। ਫਿਲਮ ਦੀ ਕਹਾਣੀ ਇੱਕ ਅਜਿਹੀ ਮੁਟਿਆਰ 'ਤੇ ਆਧਾਰਿਤ ਹੈ ਜੋ ਇੱਕ




ਸਫਲ ਅਭਿਨੇਤਰੀ ਬਣਨ ਦੀ ਉਮੀਦ ਨਾਲ ਫਿਲਮ ਇੰਡਸਟਰੀ 'ਚ ਪ੍ਰਵੇਸ਼ ਕਰਦੀ ਹੈ। ਪਰ ਲਗਾਤਾਰ ਅਸਫਲਤਾ ਦੇ ਕਾਰਨ, ਉਸਨੇ ਕਾਮੁਕ ਫਿਲਮਾਂ ਕਰਕੇ ਇੰਡਸਟਰੀ ਵਿੱਚ ਨਾਮ ਕਮਾਉਣ ਦਾ ਫੈਸਲਾ ਕੀਤਾ। ਭਾਵੇਂ ਉਹ ਇਸ ਰਸਤੇ ਰਾਹੀਂ ਸਫ਼ਲਤਾ ਹਾਸਲ ਕਰ ਲੈਂਦੀ ਹੈ ਪਰ ਅੰਤ ਵਿੱਚ ਉਹ ਸਭ ਕੁਝ ਗੁਆ ਬੈਠਦੀ ਹੈ। ਇਸ ਫਿਲਮ 'ਚ ਵਿਦਿਆ ਬਾਲਨ ਤੋਂ ਇਲਾਵਾ ਨਸਰੂਦੀਨ ਸ਼ਾਹ, ਤੁਸ਼ਾਰ ਕਪੂਰ, ਇਮਰਾਨ ਹਾਸ਼ਮੀ ਅਤੇ ਰਾਜੇਸ਼ ਸ਼ਰਮਾ ਵੀ ਨਜ਼ਰ ਆਏ ਸਨ।

### ਪੇਜ਼ 3

ਸਾਲ 2005 ਵਿੱਚ ਰਿਲੀਜ਼ ਹੋਈ ਡਰਾਮਾ ਫਿਲਮ 'ਪੇਜ 3' ਮਨੋਰੰਜਨ ਜਗਤ ਦੇ ਅਣਦੇਖੇ ਪੱਖ ਨੂੰ ਉਜਾਗਰ ਕਰਦੀ ਹੈ। ਇਸ ਫਿਲਮ 'ਚ ਕੋਂਕਣਾ ਸੇਨ ਸ਼ਰਮਾ, ਅਤੁਲ ਕੁਲਕਰਨੀ, ਸੰਧਿਆ ਮ੍ਰਿਦੁਲ, ਤਾਰਾ ਸ਼ਰਮਾ, ਅੰਜੂ ਮਹਿੰਦਰੂ ਅਤੇ ਬੋਮਨ ਇਰਾਨੀ ਸਮੇਤ ਹੋਰ ਕਲਾਕਾਰ ਨਜ਼ਰ ਆਏ ਹਨ। ਇਸ ਫਿਲਮ ਦੀ ਕਹਾਣੀ ਮੁੰਬਈ ਦੇ ਸੱਭਿਆਚਾਰ ਅਤੇ ਮੀਡੀਆ 'ਤੇ ਕੇਂਦਰਿਤ ਹੈ।

## ਜੱਸੀ ਸਿੱਧੂ 'ਤੇ ਬਣੀ ਫ਼ਿਲਮ 'ਡੀਅਰ ਜੱਸੀ' ਟੋਰਾਂਟੋ ਕੌਮਾਂਤਰੀ ਫ਼ਿਲਮ ਮੇਲੇ 'ਚ ਦਿਖਾਈ



ਹਾਲੀਵੁੱਡ ਨਿਰਦੇਸ਼ਕ ਤਰਸੇਮ ਸਿੰਘ ਵੱਲੋਂ ਬਣਾਈ ਫ਼ਿਲਮ 'ਡੀਅਰ ਜੱਸੀ' ਟੋਰਾਂਟੋ ਅੰਤਰਰਾਸ਼ਟਰੀ ਫਿਲਮ ਫੈਸਟੀਵਲ ਵਿੱਚ ਦਿਖਾਈ ਗਈ। ਜੂਨ 2000 ਵਿੱਚ ਪੰਜਾਬ ਵਿੱਚ ਪਿੰਡ ਦੇ ਲੜਕੇ ਨਾਲ ਪਰਿਵਾਰ ਦੀ ਮਰਜ਼ੀ ਵਿਰੁੱਧ ਵਿਆਹ ਕਰਾਉਣ ਕਾਰਨ ਇੰਡੋ-ਕੈਨੇਡੀਅਨ ਮੁਟਿਆਰ ਜੱਸੀ ਸਿੱਧੂ ਦੀ ਅਣਖ ਕਾਰਨ ਹੱਤਿਆ ਕਰ ਦਿੱਤੀ ਗਈ ਸੀ ਤੇ ਇਹੀ ਫਿਲਮ ਦੀ ਕਹਾਣੀ ਹੈ। ਇਹ ਫਿਲਮ 24 ਸਾਲਾ ਜੱਸੀ ਸਿੱਧੂ ਦੀ ਤ੍ਰਾਸਦੀ ਨੂੰ ਬਿਆਨ ਕਰਦੀ ਹੈ, ਜਿਸ ਨੂੰ ਪੰਜਾਬ ਵਿੱਚ ਆਪਣੇ ਨਾਨਕੇ ਪਿੰਡ ਆਉਣ 'ਤੇ ਸੁਖਵਿੰਦਰ ਸਿੱਧੂ ਉਰਫ਼ ਮਿੱਠੂ ਨਾਲ ਪਿਆਰ ਹੋ ਗਿਆ ਸੀ। ਵੈਨਕੂਵਰ ਨੇੜੇ ਮੈਪਲ ਰਿਜ ਵਿਖੇ ਜਨਮੀ ਜੱਸੀ ਨੂੰ ਪੰਜਾਬ ਦੇ ਜਗਰਾਓਂ ਨੇੜੇ ਉਸ ਦੀ ਮਾਂ ਨੇ ਮਰਵਾ ਦਿੱਤਾ ਸੀ, ਜਦ ਕਿ ਉਸ ਦੇ ਪਤੀ ਨੂੰ ਗੰਭੀਰ ਹਾਲਤ ਵਿੱਚ ਛੱਡ ਦਿੱਤਾ ਸੀ।



## ਸੱਚੀਆਂ ਫ਼ਿਲਮਾਂ ਕੋਈ ਨਹੀਂ ਦੇਖਦਾ: ਨਸੀਰੂਦੀਨ ਸ਼ਾਹ



ਅਦਾਕਾਰ ਨਸੀਰੂਦੀਨ ਸ਼ਾਹ ਦੁਆਰਾ ਨਿਰਦੇਸ਼ਿਤ ਲਘੂ ਫਿਲਮ ਮੈਨ ਵੂਮੈਨ ਮੈਨ ਵੂਮੈਨ ਜਲਦ ਹੀ ਰਿਲੀਜ਼ ਹੋਣ ਜਾ ਰਹੀ ਹੈ। ਇਸ ਫਿਲਮ ਰਾਹੀਂ ਨਸੀਰ 17 ਸਾਲ ਬਾਅਦ ਨਿਰਦੇਸ਼ਨ ਦੇ ਖੇਤਰ ਵਿੱਚ ਵਾਪਸੀ ਕਰ ਰਹੇ ਹਨ।

ਇਸ ਦੌਰਾਨ ਆਪਣੇ ਤਿੱਖੇ ਬਿਆਨਾਂ ਲਈ ਜਾਣੇ ਜਾਂਦੇ ਨਸੀਰ ਨੇ ਦਿ ਕਸ਼ਮੀਰ ਫਾਈਲਜ਼, ਦਿ ਕੇਰਲਾ ਸਟੋਰੀ ਅਤੇ ਗਦਰ-2 ਵਰਗੀਆਂ ਸਫਲ ਫਿਲਮਾਂ ਦੀ ਲੋਕਪ੍ਰਿਅਤਾ 'ਤੇ ਸਵਾਲ ਖੜ੍ਹੇ ਕੀਤੇ ਹਨ।

ਇੱਕ ਇੰਟਰਵਿਊ 'ਚ ਜਦੋਂ ਨਸੀਰ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਨਿਰਦੇਸ਼ਕ ਦੇ ਤੌਰ 'ਤੇ ਵਾਪਸੀ ਕਰਨ ਲਈ 17 ਸਾਲ ਦਾ ਸਮਾਂ ਕਿਉਂ ਲੱਗਾ ਤਾਂ ਉਨ੍ਹਾਂ ਕਿਹਾ ਕਿ ਮੈਂ ਆਪਣੇ ਨਿਰਦੇਸ਼ਨ ਹੇਠ ਬਣੀ ਪਿਛਲੀ ਫਿਲਮ ਦੇ ਸਦਮੇ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਉਸ ਤਰੀਕੇ ਨਾਲ ਨਹੀਂ ਨਿਕਲਿਆ ਜਿਵੇਂ ਮੈਂ ਸੋਚਿਆ ਸੀ ਕਿ ਇਹ ਹੋਵੇਗਾ। ਮੈਂ ਸੋਚਿਆ ਕਿ ਮੈਂ ਸਾਰੇ ਚੰਗੇ ਕਲਾਕਾਰਾਂ ਨੂੰ ਇਕੱਠਾ ਕਰ ਲਿਆ ਹੈ ਅਤੇ ਹੁਣ ਉਹ ਆਪਣਾ ਕੰਮ ਕਰਨਗੇ। ਮੇਰੇ ਕੋਲ ਚੰਗੀ ਸਕ੍ਰਿਪਟ ਸੀ ਪਰ ਐਡੀਟਿੰਗ ਦੌਰਾਨ ਮੈਨੂੰ ਅਹਿਸਾਸ ਹੋਇਆ ਕਿ ਸਕ੍ਰਿਪਟ ਵਿੱਚ ਕੁਝ ਕਮੀਆਂ ਸਨ। ਖਾਸ ਕਰਕੇ ਇਰਫਾਨ ਖਾਨ ਦੀ ਕਹਾਣੀ ਵਿੱਚ। ਇਹ ਮੇਰੇ ਲਈ ਬਹੁਤ ਬੁਰਾ ਅਨੁਭਵ ਸੀ। ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਂ ਦੁਬਾਰਾ ਫਿਲਮ ਬਣਾਵਾਂਗਾ ਕਿਉਂਕਿ ਇਹ ਬਹੁਤ ਮਿਹਨਤ ਹੈ। ਤੁਹਾਨੂੰ ਹਰ ਕਿਸੇ ਦੀ ਹਉਮੈ ਅਤੇ ਅਨੁਸੂਚੀ ਸਮੇਤ ਹਰ ਚੀਜ਼ ਨੂੰ ਸੰਭਾਲਣਾ ਪਵੇਗਾ।

ਜਦੋਂ ਨਸੀਰ ਤੋਂ ਪੁੱਛਿਆ ਗਿਆ ਕਿ ਕੀ ਉਹ ਬਾਲੀਵੁੱਡ ਵਿੱਚ ਫਿਲਮ ਨਿਰਮਾਣ ਦੇ ਉਦੇਸ਼ ਵਿੱਚ ਬਦਲਾਅ ਦੇਖਦੇ ਹਨ ? ਤਾਂ ਉਸ ਨੇ ਕਿਹਾ- ਬੇਸ਼ੱਕ, ਇਹ ਦੇਖ ਕੇ ਬਹੁਤ ਪਰੇਸ਼ਾਨੀ ਹੁੰਦੀ ਹੈ ਕਿ ਦ ਕੇਰਲਾ ਸਟੋਰੀ ਅਤੇ ਗਦਰ-2 ਵਰਗੀਆਂ ਫਿਲਮਾਂ ਪ੍ਰਸਿੱਧ ਹਨ।

ਜਦੋਂਕਿ ਸੱਚ ਨੂੰ ਪੇਸ਼ ਕਰਨ ਵਾਲੇ ਸੁਧੀਰ ਮਿਸ਼ਰਾ, ਹੰਸਲ ਮਹਿਤਾ ਅਤੇ ਅਨੁਭਵ ਸਿਨਹਾ ਵਰਗੇ ਨਿਰਦੇਸ਼ਕਾਂ ਦੀਆਂ ਫ਼ਿਲਮਾਂ ਨਜ਼ਰ ਨਹੀਂ ਆਉਂਦੀਆਂ। ਹਾਲਾਂ ਕਿ, ਚੰਗੀ ਗੱਲ ਇਹ ਹੈ ਕਿ ਇਹ ਫਿਲਮ ਨਿਰਮਾਤਾ ਹਿੰਮਤ ਨਹੀਂ ਹਾਰਦੇ ਅਤੇ ਚੰਗੀਆਂ ਕਹਾਣੀਆਂ ਸੁਣਾਉਂਦੇ ਰਹਿੰਦੇ ਹਨ।



ਬਤੌਰ ਨਿਰਦੇਸ਼ਕ ਨਸੀਰ ਨੇ ਆਖਰੀ ਵਾਰ 2006 'ਚ ਰਿਲੀਜ਼ ਹੋਈ ਫਿਲਮ ਯੂੰ ਹੋਤਾ ਤੋ ਕਯਾ ਹੋਤਾ ਬਣਾਈ ਸੀ। ਹੁਣ ਉਹ 17 ਸਾਲ ਬਾਅਦ ਲਘੂ ਫਿਲਮ 'ਮੈਨ ਵੂਮੈਨ ਮੈਨ ਵੂਮੈਨ' ਦਾ ਨਿਰਦੇਸ਼ਨ ਕਰ ਰਹੇ ਹਨ। ਨਸੀਰ ਦਾ ਬੇਟਾ ਵਿਵਾਨ ਅਤੇ ਰਿਤਿਕ ਰੋਸ਼ਨ ਦੀ ਪ੍ਰੇਮਿਕਾ ਸਬਾ ਆਜ਼ਾਦ ਫਿਲਮ ਵਿੱਚ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ।

# ਖੇਡਾਂ ਦੇ ਖੇਤਰ ’ਚ ਭਾਰਤ ਦੀਆਂ ਅੰਤਰਰਾਸ਼ਟਰੀ ਪ੍ਰਾਪਤੀਆਂ

ਖੇਡਾਂ ਪੁਰਾਣੇ ਸਮੇਂ ਤੋਂ ਭਾਰਤ ਵਿੱਚ ਸਾਡੇ ਜੀਵਨ ਦਾ ਇੱਕ ਹਿੱਸਾ ਰਹੀਆਂ ਹਨ ਕਿਉਂਕਿ ਇਹ ਸਾਨੂੰ ਅਨੁਸ਼ਾਸਨ ਸਿਖਾਉਂਦੀਆਂ ਹਨ ਅਤੇ ਸਾਡੇ ਕੰਮਾਂ ਵਿੱਚ ਇਕਸਾਰਤਾ ਲਿਆਉਂਦੀਆਂ ਹਨ, ਇਹ ਸਭ ਤੋਂ ਵਧੀਆ ਮਨੋਰੰਜਨ ਵਿੱਚੋਂ ਇੱਕ ਹੈ। ਖੇਡਾਂ ਸਾਡੀ ਇਕਾਗਰਤਾ ਦਾ ਪੱਧਰ ਵਧਾਉਂਦੀਆਂ ਹਨ ਅਤੇ ਸਾਡੇ ਮਨ ਨੂੰ ਸਕਾਰਾਤਮਕਤਾ ਨਾਲ ਭਰ ਦਿੰਦੀਆਂ ਹਨ।

ਭਾਰਤ ਦੀ ਖੇਡਾਂ ਵਿੱਚ ਬਹੁਤ ਦਿਲਚਸਪੀ ਹੈ ਅਤੇ ਦੇਸ਼ ਲਈ ਮੈਡਲ ਅਤੇ ਸ਼ਾਨ ਲਿਆਉਣ ਲਈ ਸਖ਼ਤ ਮਿਹਨਤ ਕਰ ਰਿਹਾ ਹੈ। ਅੱਜ ਕੱਲ੍ਹ ਪੇਂਡੂ ਲੋਕਾਂ ਨੂੰ ਵੀ ਮੌਕੇ ਮਿਲ ਰਹੇ ਹਨ ਅਤੇ ਉਹ ਖੇਡਾਂ ਦੀ ਮਹੱਤਤਾ ਨੂੰ ਦਰਸਾਉਣ ਲਈ ਆਪਣੇ ਵਿਸ਼ੇਸ਼ ਖੇਡ ਖੇਤਰ ਵਿੱਚ ਉੱਤਮ ਪ੍ਰਦਰਸ਼ਨ ਕਰ ਰਹੇ ਹਨ।

ਖੇਡਾਂ ਮਨੁੱਖ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਬਹੁਤ ਜ਼ਰੂਰੀ ਮੰਨੀਆਂ ਜਾਂਦੀਆਂ ਹਨ, ਜੋ ਵਿਅਕਤੀ ਕੋਈ ਨਾ ਕੋਈ ਖੇਡ ਖੇਡਦਾ ਹੈ, ਉਹ ਨਿਸ਼ਚਿਤ ਤੌਰ ’ਤੇ ਤੰਦਰੁਸਤ ਰਹਿੰਦਾ ਹੈ। ਭਾਰਤ ਵਿੱਚ ਕਈ ਖੇਡ ਪ੍ਰਤਿਭਾਵਾਂ ਨੇ ਜਨਮ ਲਿਆ ਹੈ ਜਿਵੇਂ ਕਿ ਮਿਲਖਾ ਸਿੰਘ, ਫਲਾਇੰਗ ਸਿੱਖ ਵਜੋਂ ਮਸ਼ਹੂਰ, ਪੀਟੀ ਊਸ਼ਾ, ਉਡਨ ਪਰੀ ਵਜੋਂ ਮਸ਼ਹੂਰ, ਸਚਿਨ ਤੇਂਦੁਲਕਰ, ਮਾਸਟਰ ਬਲਾਸਟਰ ਵਜੋਂ ਮਸ਼ਹੂਰ ਅਤੇ ਮੇਜਰ ਧਿਆਨ ਚੰਦ, ਜੋ ਹਾਕੀ ਦੇ ਜਾਦੂਗਰ ਵਜੋਂ ਮਸ਼ਹੂਰ ਹਨ।

ਭਾਰਤ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ ਖੇਡ ਦਿਵਸ ਮਨਾਇਆ ਜਾਂਦਾ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਭਾਰਤ ਵਿੱਚ ਖੇਡ ਦਿਵਸ ਕਦੋਂ ਅਤੇ ਕਿਉਂ ਮਨਾਇਆ ਜਾਂਦਾ ਹੈ।




**ਰਾਸ਼ਟਰੀ ਖੇਡ ਦਿਵਸ**

ਰਾਸ਼ਟਰੀ ਖੇਡ ਦਿਵਸ ਹਰ ਸਾਲ 29 ਅਗਸਤ ਨੂੰ ਮਨਾਇਆ ਜਾਂਦਾ ਹੈ। 29 ਅਗਸਤ 1905 ਨੂੰ ਭਾਰਤ ਦੇ ਮਹਾਨ ਹਾਕੀ ਖਿਡਾਰੀ ਮੇਜਰ ਧਿਆਨ ਚੰਦ ਸਿੰਘ, ਜੋ ਹਾਕੀ ਦੇ ਜਾਦੂਗਰ ਵਜੋਂ ਦੁਨੀਆ ਭਰ ਵਿੱਚ ਜਾਣੇ ਜਾਂਦੇ ਹਨ, ਦਾ ਜਨਮ ਇਲਾਹਾਬਾਦ (ਅਜੋਕੇ ਪ੍ਰਯਾਗਰਾਜ) ਵਿੱਚ ਹੋਇਆ ਸੀ। ਭਾਰਤ ਸਰਕਾਰ ਨੇ ਇਸ ਮਹਾਨ ਖਿਡਾਰੀ ਦੇ ਸਨਮਾਨ ਵਿੱਚ 2012 ਤੋਂ ਹਰ ਸਾਲ 29 ਅਗਸਤ ਨੂੰ ਖੇਡ ਦਿਵਸ ਮਨਾਉਣ ਦਾ ਫੈਸਲਾ ਕੀਤਾ ਸੀ।

**ਹਾਕੀ ਗੋਲਡ ਮੈਡਲ, 1948 ਲੰਡਨ ਉਲੰਪਿਕ**

1948 ਦੀਆਂ ਸਮਰ ਉਲੰਪਿਕ ਖੇਡਾਂ ਵਿੱਚ ਭਾਰਤੀ ਫੀਲਡ ਹਾਕੀ ਟੀਮ ਨੇ ਬ੍ਰਿਟਿਸ਼ ਟੀਮ ਨੂੰ ਹਰਾ ਕੇ ਦੇਸ਼ ਦਾ ਪਹਿਲਾ ਸੋਨ ਤਗਮਾ ਜਿੱਤਿਆ। ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਇਹ ਦੇਸ਼ ਦਾ ਪਹਿਲਾ ਉਲੰਪਿਕ ਸੋਨ ਤਗਮਾ ਸੀ।

**ਹਾਕੀ ਵਿਸ਼ਵ ਕੱਪ, ਮਲੇਸ਼ੀਆ 1975**

ਭਾਰਤ ਨੇ ਪਹਿਲੀ ਵਾਰ 1975 ਵਿੱਚ ਹਾਕੀ ਵਿਸ਼ਵ ਕੱਪ ਜਿੱਤਿਆ ਸੀ। 1975 ਹਾਕੀ ਵਿਸ਼ਵ ਕੱਪ, ਪੁਰਸ਼ਾਂ ਦੇ ਫੀਲਡ ਹਾਕੀ ਟੂਰਨਾਮੈਂਟ ਦਾ ਤੀਜਾ ਐਡੀਸ਼ਨ, ਕੁਆਲਾਲੰਪੁਰ, ਮਲੇਸ਼ੀਆ ਵਿੱਚ ਆਯੋਜਿਤ ਕੀਤਾ ਗਿਆ ਸੀ। ਜਦਕਿ ਭਾਰਤ ਨੇ ਫਾਈਨਲ ’ਚ ਪਾਕਿਸਤਾਨ ਨੂੰ 2-1 ਦੇ ਗੋਲ ਦੇ ਫਰਕ ਨਾਲ ਹਰਾਇਆ।

**ਕ੍ਰਿਕਟ**

ਭਾਰਤ ਨੇ 1983 ਅਤੇ 2011 ਵਿੱਚ ਦੋ ਵਾਰ ਇੱਕ ਰੋਜ਼ਾ ਵਿਸ਼ਵ ਕੱਪ ਜਿੱਤਿਆ ਸੀ।

**ਏਸ਼ੀਆਈ ਖੇਡਾਂ**

ਏਸ਼ੀਆਈ ਖੇਡਾਂ ਉਲੰਪਿਕ ਤੋਂ ਬਾਅਦ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਬਹੁ-ਖੇਡ ਸਮਾਗਮ ਹੈ। ਇਹ ਹਰ ਚਾਰ ਸਾਲਾਂ ਬਾਅਦ ਹੋਣ ਵਾਲਾ ਬਹੁ-ਖੇਡ ਸਮਾਗਮ ਹੈ। ਭਾਰਤ ਨੇ 1951 ਵਿੱਚ ਪਹਿਲੀਆਂ ਏਸ਼ਿਆਈ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ।

ਏਸ਼ੀਅਨ ਖੇਡਾਂ ਦਾ ਉਦਘਾਟਨੀ ਐਡੀਸ਼ਨ 1951 ਵਿੱਚ ਨਵੀਂ ਦਿੱਲੀ ਵਿੱਚ ਹੋਇਆ ਸੀ। ਸਚਿਨ ਨਾਗ ਨੇ ਏਸ਼ਿਆਈ ਖੇਡਾਂ ਵਿੱਚ ਭਾਰਤ ਲਈ ਪਹਿਲਾ ਸੋਨ ਤਗਮਾ ਜਿੱਤਿਆ।

1951 ਦੀਆਂ ਏਸ਼ੀਅਨ ਖੇਡਾਂ ਵਿੱਚ, ਭਾਰਤ ਨੇ 15 ਸੋਨੇ, 16 ਚਾਂਦੀ, ਅਤੇ 20 ਕਾਂਸੀ ਦੇ ਤਗਮਿਆਂ ਨਾਲ ਕੁੱਲ 51 ਤਗਮੇ ਜਿੱਤੇ ਅਤੇ ਦੂਜੇ ਸਥਾਨ ’ਤੇ ਰਿਹਾ। ਜਾਪਾਨ 60 ਤਗਮੇ ਜਿੱਤ ਕੇ ਪਹਿਲੇ ਸਥਾਨ ’ਤੇ ਰਿਹਾ। ਭਾਰਤ ਨੇ 1982 ਵਿੱਚ ਏਸ਼ੀਅਨ ਖੇਡਾਂ ਦੀ ਦੁਬਾਰਾ ਮੇਜ਼ਬਾਨੀ ਕੀਤੀ। 1982 ਦੀਆਂ ਏਸ਼ਿਆਈ ਖੇਡਾਂ ਵਿੱਚ ਭਾਰਤ ਨੂੰ ਪੰਜਵਾਂ ਸਥਾਨ ਮਿਲਿਆ ਸੀ।

**ਫੁਟਬਾਲ**

ਭਾਰਤੀ ਟੀਮ ਨੇ ਹੁਣ ਤੱਕ ਦੋ ਏਸ਼ਿਆਈ ਖੇਡਾਂ ਵਿੱਚ ਸੋਨ ਅਤੇ ਏਐਫਸੀ ਏਸ਼ਿਆਈ ਕੱਪ ਵਿੱਚ ਇੱਕ ਵਾਰ ਚਾਂਦੀ ਦਾ ਤਗਮਾ ਜਿੱਤਿਆ ਹੈ। 1970 ਵਿੱਚ ਬੈਂਕਾਕ ਵਿੱਚ ਹੋਈਆਂ ਏਸ਼ੀਆਈ ਖੇਡਾਂ ਦਾ ਕਾਂਸੀ ਦਾ ਤਗਮਾ ਅੰਤਰਰਾਸ਼ਟਰੀ ਪੱਧਰ ’ਤੇ ਭਾਰਤੀ ਫੁੱਟਬਾਲ ਦੀ ਆਖਰੀ ਵੱਡੀ ਸਫਲਤਾ ਹੈ।

**ਬੈਡਮਿੰਟਨ**

ਪ੍ਰਕਾਸ਼ ਪਾਦੂਕੋਣ ਨੇ 1980 ਵਿੱਚ ਇੰਗਲੈਂਡ ਓਪਨ ਬੈਡਮਿੰਟਨ ਚੈਂਪੀਅਨਸ਼ਿਪ ਜਿੱਤੀ ਸੀ।

**ਸ਼ਤਰੰਜ**

ਵਿਸ਼ਵਨਾਥਨ ਆਨੰਦ ਨੇ 2000 ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਜਿੱਤੀ। ਅਜਿਹਾ ਕਰਨ ਵਾਲੇ ਉਹ ਪਹਿਲੇ ਭਾਰਤੀ ਬਣ ਗਏ ਹਨ। ਉਦੋਂ ਤੋਂ ਲੈ ਕੇ ਹੁਣ ਤੱਕ ਆਨੰਦ ਨੇ ਪੰਜ ਵਾਰ ਚੈਂਪੀਅਨਸ਼ਿਪ ਜਿੱਤੀ ਹੈ।

**ਉਲੰਪਿਕ**

ਪਹਿਲੀ ਵਾਰ, ਭਾਰਤ ਨੇ 1900 ਪੈਰਿਸ ਉਲੰਪਿਕ ਖੇਡਾਂ ਵਿੱਚ ਹਿੱਸਾ ਲਿਆ, ਜਿੱਥੇ ਨੌਰਮਨ ਪ੍ਰਿਚਰਡ ਦੇਸ਼ ਦੇ ਇਕੱਲੇ ਪ੍ਰਤੀਨਿਧੀ ਵਜੋਂ ਪ੍ਰਗਟ ਹੋਏ। 2008 ਬੀਜਿੰਗ ਉਲੰਪਿਕ ਵਿੱਚ, ਵਿਜੇਂਦਰ ਸਿੰਘ ਨੇ ਕਾਂਸੀ ਦਾ ਤਗਮਾ ਜਿੱਤਿਆ, ਜਿਸ ਨਾਲ ਭਾਰਤ ਨੂੰ ਮੁੱਕੇਬਾਜ਼ੀ ਵਿੱਚ ਆਪਣਾ ਪਹਿਲਾ ਉਲੰਪਿਕ ਤਗਮਾ ਦਿਵਾਇਆ ਗਿਆ। ਅਭਿਨਵ ਬਿੰਦਰਾ ਨੇ 2008 ਦੀਆਂ ਉਲੰਪਿਕ ਖੇਡਾਂ ਵਿੱਚ ਸੋਨ ਤਮਗਾ ਜਿੱਤਿਆ ਸੀ। ਜੈਵਲਿਨ ਥ੍ਰੋਅਰ ਨੀਰਜ ਚੋਪੜਾ ਨੇ ਟੋਕੀਓ 2020 ਉਲੰਪਿਕ ’ਚ ਸੋਨ ਤਮਗਾ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਕੇਡੀ ਜਾਧਵ ਉਲੰਪਿਕ ਤਮਗਾ ਜਿੱਤਣ ਵਾਲੇ ਪਹਿਲੇ ਭਾਰਤੀ ਅਥਲੀਟਾਂ ਵਿੱਚੋਂ ਇੱਕ ਸਨ। ਰਾਜਵਰਧਨ ਸਿੰਘ ਰਾਠੌਰ ਨੇ 2004 ਏਥਨਜ਼ ਉਲੰਪਿਕ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਸੀ।

**ਰਾਸ਼ਟਰਮੰਡਲ ਖੇਡਾਂ**

ਰਾਸ਼ਟਰਮੰਡਲ ਖੇਡਾਂ ਚਾਰ ਸਾਲਾਂ ਵਿੱਚ ਇੱਕ ਵਾਰ ਹੁੰਦੀਆਂ ਹਨ। ਭਾਰਤ ਨੇ 1930, 1950, 1962 ਅਤੇ 1986 ਐਡੀਸ਼ਨਾਂ ਨੂੰ ਛੱਡ ਕੇ ਸਾਰੇ ਐਡੀਸ਼ਨਾਂ ਵਿੱਚ ਹਿੱਸਾ ਲਿਆ ਹੈ। ਭਾਰਤੀ ਐਥਲੀਟਾਂ ਨੇ 1934 ਵਿੱਚ ਰਾਸ਼ਟਰਮੰਡਲ ਖੇਡਾਂ ਵਿੱਚ ਡੈਬਿਊ ਕੀਤਾ, ਜਿਸ ਨੂੰ ਬ੍ਰਿਟਿਸ਼ ਸਾਮਰਾਜ ਖੇਡਾਂ ਕਿਹਾ ਜਾਂਦਾ ਸੀ। ਭਾਰਤ ਨੇ ਆਪਣੀਆਂ ਪਹਿਲੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਤਗਮਾ ਜਿੱਤਿਆ ਸੀ। ਪਹਿਲਵਾਨ ਰਾਸ਼ਿਦ ਅਨਵਰ 1934 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਪੁਰਸ਼ਾਂ ਦੇ 74 ਕਿਲੋਗ੍ਰਾਮ ਫ੍ਰੀਸਟਾਈਲ ਕੁਸ਼ਤੀ ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਜਿੱਤਣ ਤੋਂ ਬਾਅਦ ਰਾਸ਼ਟਰਮੰਡਲ ਖੇਡਾਂ ਵਿੱਚ ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਬਣ ਗਿਆ। ਮਹਾਨ ਦੌੜਾਕ ਮਿਲਖਾ ਸਿੰਘ ਰਾਸ਼ਟਰਮੰਡਲ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਬਣਿਆ। ਭਾਰਤ ਨੇ ਉਸੇ ਐਡੀਸ਼ਨ ਵਿੱਚ ਇੱਕ ਹੋਰ ਸੋਨ ਤਗਮਾ ਜਿੱਤਿਆ ਜਦੋਂ ਹੈਵੀਵੇਟ ਪਹਿਲਵਾਨ ਲੀਲਾ ਰਾਮ ਨੇ ਪੁਰਸ਼ਾਂ ਦੇ 100 ਕਿਲੋਗ੍ਰਾਮ ਫ੍ਰੀਸਟਾਈਲ ਵਰਗ ਵਿੱਚ ਜਿੱਤ ਦਰਜ ਕੀਤੀ। ਭਾਰਤੀ ਔਰਤਾਂ ਨੇ ਵੀ ਪਿਛਲੇ ਕੁਝ ਐਡੀਸ਼ਨਾਂ ਵਿੱਚ ਆਪਣੇ ਪ੍ਰਦਰਸ਼ਨ ਵਿੱਚ ਸੁਧਾਰ ਕੀਤਾ ਹੈ। ਭਾਰਤੀ ਬੈਡਮਿੰਟਨ ਖਿਡਾਰਨਾਂ ਅਮੀ ਘੀਆ ਅਤੇ ਕੰਵਲ ਸਿੰਘ ਰਾਸ਼ਟਰਮੰਡਲ ਖੇਡਾਂ ਵਿੱਚ ਤਮਗਾ ਜਿੱਤਣ ਵਾਲੀਆਂ ਪਹਿਲੀਆਂ ਭਾਰਤੀ ਮਹਿਲਾ ਸਨ, ਜਿਨ੍ਹਾਂ ਨੇ ਐਡਮਿੰਟਨ 1978 ਦੌਰਾਨ ਮਹਿਲਾ ਡਬਲਜ਼ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਸੀ।

(ਬਾਕੀ ਸਫ਼ਾ 31 ’ਤੇ)

# ਆਧੁਨਿਕ ਯੁੱਗ ’ਚ ਪੁਰਾਤਨ ਖੇਡਾਂ ਦੀ ਮਹੱਤਤਾ

ਭਾਰਤ ਦਾ ਖੇਡ ਸੱਭਿਆਚਾਰ ਹਮੇਸ਼ਾ ਅਮੀਰ ਰਿਹਾ ਹੈ। ਬਦਕਿਸਮਤੀ ਨਾਲ ਗੁੱਲੀ-ਡੰਡਾ ਵਰਗੀਆਂ ਰਵਾਇਤੀ ਖੇਡਾਂ ਨੂੰ ਅੱਜ ਦੇ ਨੌਜਵਾਨਾਂ ਦੁਆਰਾ ਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ ਹੈ ਕਿਉਂਕਿ ਉਹ ਵੀਡੀਓ ਗੇਮਾਂ ਖੇਡਣ ਵਿੱਚ ਬਹੁਤ ਰੁੱਝੇ ਹੋਏ ਹਨ। ਉਹ ਦਿਨ ਹੁਣ ਨਹੀਂ ਆਉਂਦੇ ਜਦੋਂ ਬੱਚੇ ਆਪਣੇ ਦੋਸਤਾਂ ਨਾਲ ਪਿੱਠੂ ਖੇਡਣ ਲਈ ਬਾਹਰ ਜਾਣ ਦੀ ਬੇਚੈਨੀ ਨਾਲ ਉਡੀਕ ਕਰਦੇ ਸਨ। ਸਰੀਰਕ ਕਸਰਤ ਵਿੱਚ ਕਮੀ ਦੇ ਨਤੀਜੇ ਵਜੋਂ ਬੱਚਿਆਂ ਵਿੱਚ ਕਈ ਸਿਹਤ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਇਸ ਲਈ ਪੁਰਾਣੀਆਂ ਖੇਡਾਂ ਨੂੰ ਵਾਪਸ ਲਿਆਉਣ ਨਾਲ ਸਿਹਤ ’ਤੇ ਬਹੁਤ ਸਾਰੇ ਸਕਾਰਾਤਮਕ ਪ੍ਰਭਾਵ ਹੋਣਗੇ।





ਅਸੀਂ ਅਕਸਰ ਆਪਣੇ ਬੱਚਿਆਂ ਨੂੰ ਟੀਵੀ ਜਾਂ ਫ਼ੋਨ ਨਾਲ ਚਿਪਕਿਆ ਦੇਖ ਕੇ ਉਦਾਸ ਮਹਿਸੂਸ ਕਰਦੇ ਹਾਂ। ਅਸੀਂ ਆਪਣੇ ਆਪ ਨੂੰ ਪੁਰਾਣੀਆਂ ਖੇਡਾਂ ਬਾਰੇ ਸੋਚਣ ਅਤੇ ਸੋਚਣ ਤੋਂ ਰੋਕ ਨਹੀਂ ਸਕਦੇ ਕਿਉਂਕਿ ਅਸੀਂ ਦੇਖਦੇ ਹਾਂ ਕਿ ਬੱਚਿਆਂ ਦੀ ਇੱਕ ਪੀੜ੍ਹੀ ਇਲੈਕਟ੍ਰੋਨਿਕਸ ਅਤੇ ਤਕਨਾਲੋਜੀ ਵਿੱਚ ਅਨੰਦ ਲੈਂਦੀ ਹੈ। ਇਹ ਮਿਆਰੀ ਖੇਡਾਂ ਸਨ ਜਿਨ੍ਹਾਂ ਨੇ ਸਕੂਲ ਤੋਂ ਬਾਅਦ ਸਾਡੇ ਖਾਲੀ ਸਮੇਂ ਦਾ ਮਹੱਤਵਪੂਰਨ ਹਿੱਸਾ ਲਿਆ। ਉਨ੍ਹਾਂ ਨੇ ਸਾਨੂੰ ਛੱਤਾਂ ਜਾਂ ਸ਼ਾਂਤ ਸੜਕਾਂ ’ਤੇ ਦੌੜ ਕੇ ਸਰੀਰਕ ਤੌਰ ’ਤੇ ਸਰਗਰਮ ਰੱਖਿਆ। ਉਸਨੇ ਸਾਨੂੰ ਮਜ਼ਬੂਤ ? ?ਦੋਸਤੀ ਅਤੇ ਇੱਕ ਟੀਮ ਦੇ ਰੂਪ ਵਿੱਚ ਕੰਮ ਕਰਨ ਦੀ ਕੀਮਤ ਸਿਖਾਈ।

**ਭਾਰਤ ਦੀਆਂ ਰਵਾਇਤੀ ਖੇਡਾਂ**

**ਕੁਸ਼ਤੀ**

ਕੁਸ਼ਤੀ ਅਤੇ ਪਹਿਲਵਾਨੀ ਭਾਰਤ ਦੀ ਇੱਕ ਸ਼ਾਨਦਾਰ ਰਵਾਇਤੀ ਖੇਡ ਹੈ। ਇਹ ਭਾਰਤ ਦੀਆਂ ਸਭ ਤੋਂ ਪੁਰਾਣੀਆਂ ਖੇਡਾਂ ਵਿੱਚੋਂ ਇੱਕ ਹੈ ਅਤੇ ਇਹ ਪੂਰਵ-ਇਤਿਹਾਸਕ ਸਮੇਂ ਜਾਂ ਲਗਭਗ 4000 ਬੀ.ਸੀ. ਦੌਰਾਨ ਕੁਸ਼ਤੀ ਦਾ ਸਭ ਤੋਂ ਪਹਿਲਾਂ ਜ਼ਿਕਰ ਮਹਾਂਭਾਰਤ ਵਿੱਚ ਮਿਲਦਾ ਹੈ। ਕੁਸ਼ਤੀ ਫ੍ਰੀ-ਸਟਾਈਲ ਦੀ ਕੁਸ਼ਤੀ ਤੋਂ ਵੱਖਰੀ ਹੈ, ਜੋ ਕਿ ਪੂਰੀ ਦੁਨੀਆਂ ਵਿੱਚ ਅਭਿਆਸ ਕੀਤੀ ਜਾਂਦੀ ਹੈ। ਜਦੋਂ ਇੱਕ ਖਿਡਾਰੀ ਨੇ ਹਾਰ ਦਾ ਸੰਕੇਤ ਦਿੱਤਾ ਤਾਂ ਕੁਸ਼ਤੀ ਦੇ ਮੈਚ ਖਤਮ ਹੋ ਗਏ। ਹਾਲਾਂਕਿ, ਆਧੁਨਿਕ ਮੁਕਾਬਲੇ ਦੇ ਵੱਖਰੇ ਦੌਰ ਅਤੇ ਇੱਕ ਰੈਫਰੀ ਹੁੰਦਾ ਹੈ ਜੋ ਲੋੜ ਪੈਣ ’ਤੇ ਦਖਲ ਦਿੰਦਾ ਹੈ। ਇਸ ਖੇਡ ਨੂੰ ਹੁਣ ਉਲੰਪਿਕ ਖੇਡਾਂ ਦੇ ਮੁਕਾਬਲਿਆਂ ਵਿੱਚੋਂ ਇੱਕ ਵਜੋਂ ਸ਼ਾਮਲ ਕੀਤਾ ਗਿਆ ਹੈ।

**ਗੀਟੇ**

ਇਹ ਇੱਕ ਆਮ ਭਾਰਤੀ ਰਵਾਇਤੀ ਖੇਡ ਹੈ ਜੋ ਦੇਸ਼ ਭਰ ਦੇ ਪੇਂਡੂ ਖੇਤਰਾਂ ਵਿੱਚ ਖੇਡੀ ਜਾਂਦੀ ਹੈ। ਬੱਚੇ ਅਤੇ ਬਾਲਗ ਇਸ ਉਮਰ-ਪੁਰਾਣੀ ਖੇਡ ਨੂੰ ਖੇਡਣ ਦਾ ਆਨੰਦ ਲੈਂਦੇ ਹਨ। ਇਸ ਪ੍ਰਕਿਰਿਆ ਵਿੱਚ ਪੰਜ ਛੋਟੇ ਪੱਥਰ ਵਰਤੇ ਜਾਂਦੇ ਹਨ। ਆਮ ਤੌਰ ’ਤੇ ਇਹ ਖੇਡ ਮਨੋਰੰਜਨ ਲਈ ਖੇਡੀ ਜਾਂਦੀ ਹੈ।

**ਮੱਲਖੰਬ**

ਮੱਲਖੰਬ ਵਜੋਂ ਜਾਣਿਆ ਜਾਂਦਾ ਇੱਕ ਪ੍ਰਾਚੀਨ ਭਾਰਤੀ ਅਨੁਸ਼ਾਸਨ ਯੋਗਾ, ਕਸਰਤ ਅਤੇ ਮਾਰਸ਼ਲ ਆਰਟਸ ਦਾ ਸੁਮੇਲ ਹੈ। ਇਸ ਨੂੰ ਇਤਿਹਾਸਕ ਭਾਰਤ ਦੀ ਮਾਂ ਖੇਡ ਕਿਹਾ ਜਾਂਦਾ ਹੈ। ਮੱਲਾ ਅਤੇ ਖੰਬ ਦੋਵੇਂ ਸ਼ਬਦ ਜਿਮਨਾਸਟਾਂ ਨੂੰ ਦਰਸਾਉਂਦੇ ਹਨ। ਇਸ ਲਈ, ਮੱਲਖੰਬ ਦਾ ਅਕਸਰ ਅਰਥ ਹੈ ਜਿਮਨਾਸਟਕ ਪੋਲ। ਇਹ ਗਤੀ ਵਿਧੀ 12ਵੀਂ ਸਦੀ ਦੀ ਹੈ। ਮਲਖੰਬ ਦੀ ਵਰਤੋਂ ਕਦੇ ਪਹਿਲਵਾਨਾਂ ਦੁਆਰਾ ਆਪਣੇ ਕੁਸ਼ਤੀ ਦੇ ਹੁਨਰ ਨੂੰ ਨਿਖਾਰਨ ਲਈ ਕੀਤੀ ਜਾਂਦੀ ਸੀ। ਫਿਰ ਵੀ ਅੱਜ ਇਸ ਦੇ ਗੁਣਾਂ ਨੂੰ ਇਸ ਦਾ ਸਿਹਰਾ ਦਿੱਤਾ ਜਾਂਦਾ ਹੈ। ਉਦੋਂ ਤੋਂ ਇਹ ਬਿਲਕੁਲ ਵੱਖਰੀ ਖੇਡ ਬਣ ਗਈ ਹੈ।



**ਕਬੱਡੀ**

ਕਬੱਡੀ ਇੱਕ ਟੀਮ ਖੇਡ ਹੈ ਜਿਸ ਲਈ ਸਿਰਫ਼ ਚੁਸਤੀ ਅਤੇ ਤਾਕਤ ਦੀ ਲੋੜ ਹੁੰਦੀ ਹੈ। ਇਹ ਭਾਰਤ ਵਿੱਚ ਬਣਾਇਆ ਗਿਆ ਸੀ ਅਤੇ ਅੱਜ ਪੂਰੀ ਦੁਨੀਆ ਵਿੱਚ ਇਸ ਦਾ ਆਨੰਦ ਮਾਣਿਆ ਜਾਂਦਾ ਹੈ। ਖਿਡਾਰੀਆਂ ਦੀਆਂ ਦੋ ਟੀਮਾਂ ਵਿੱਚ ਸੱਤ ਤੋਂ ਬਾਰਾਂ ਮੈਂਬਰ ਹੁੰਦੇ ਹਨ। ਇੱਕ ਟੀਮ ਦੇ ਖਿਡਾਰੀਆਂ ਨੂੰ ਦੂਜੀ ਟੀਮ ਦੇ ਖੇਤਰ ਵਿੱਚ ਦਾਖਲ ਹੋਣਾ ਚਾਹੀਦਾ ਹੈ। ਅਜਿਹਾ ਕਰਦੇ ਸਮੇਂ ਉਨ੍ਹਾਂ ਨੂੰ ਵੱਧ ਤੋਂ ਵੱਧ ਵਿਰੋਧੀਆਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਖੋ-ਖੋ**

ਇੱਕ ਹੋਰ ਮਸ਼ਹੂਰ ਪਰੰਪਰਾਗਤ ਭਾਰਤੀ ਖੇਡ ਖੋ ਖੋ ਹੈ। ਖੋ-ਖੋ ਉਪ-ਮਹਾਂਦੀਪ ਵਿੱਚ ਕਬੱਡੀ ਤੋਂ ਬਾਅਦ ਸਭ ਤੋਂ ਪ੍ਰਸਿੱਧ ਟੈਗ ਗੇਮ ਹੈ। ਇਸ ਪਰੰਪਰਾਗਤ ਖੇਡ ਦੀ ਸ਼ੁਰੂਆਤ ਨੂੰ ਦਰਸਾਉਣਾ ਔਖਾ ਹੋ ਸਕਦਾ ਹੈ, ਹਾਲਾਂਕਿ ਇਸ ਨੂੰ ਰਨ ਚੇਜ਼ ਦਾ ਇੱਕ ਸੋਧਿਆ ਰੂਪ ਮੰਨਿਆ ਜਾਂਦਾ ਹੈ। ਕਿਸੇ ਹੋਰ ਖਿਡਾਰੀ ਦੇ ਮਗਰ ਦੌੜਨਾ ਅਤੇ ਜਿੱਤਣ ਲਈ ਉਸ ਨੂੰ ਛੂਹਣਾ ਇਹ ਹੈ ਕਿ ਕਿਵੇਂ ਰਨ ਚੇਜ਼ ਨੂੰ ਇਸ ਦੇ ਸਭ ਤੋਂ ਬੁਨਿਆਦੀ ਰੂਪ ਵਿੱਚ ਖੇਡਿਆ ਜਾਂਦਾ ਹੈ।

**ਗੁੱਲੀ ਡੰਡਾ**

ਭਾਰਤੀ ਉਪ-ਮਹਾਂਦੀਪ ਵਿੱਚ ਸ਼ੁਰੂ

(ਬਾਕੀ ਸਫ਼ਾ 31 ’ਤੇ)

## ਭਾਰਤ ਨੇ ਕੀ ਖੱਟਿਆ ਤੇ ਕੀ ਗਵਾਇਆ ?

ਅਫ਼ਰੀਕੀ ਮਹਾਂਦੀਪ ਦੇ 55 ਦੇਸ਼ ਸ਼ਾਮਲ ਹਨ। ਅਜਿਹੇ 'ਚ ਜੀ-20 ਵਰਗੇ ਮਹੱਤਵਪੂਰਨ ਸਮੂਹ 'ਚ ਅਫ਼ਰੀਕੀ ਸੰਘ ਦੇ ਸ਼ਾਮਲ ਹੋਣ ਨਾਲ ਦੁਨੀਆਂ 'ਚ ਇੱਕ ਨਵੀਂ ਵਿਸ਼ਵ ਵਿਵਸਥਾ ਦਾ ਨਿਰਮਾਣ ਹੋਵੇਗਾ, ਜਿਸ 'ਚ ਵਿਕਾਸਸ਼ੀਲ ਅਤੇ ਗਰੀਬ ਦੇਸ਼ਾਂ ਨੂੰ ਵੀ ਆਲਮੀ ਫ਼ੈਸਲੇ ਲੈਣ ਵਾਲੀ ਪ੍ਰਣਾਲੀ 'ਚ ਪ੍ਰਤੀਨਿਧਤਾ ਮਿਲੇਗੀ।

2. ਜੀ-20 ਮੀਟਿੰਗ ਵਿੱਚ ਦਿੱਲੀ ਐਲਾਨਨਾਮੇ ਨੂੰ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ਹੈ, ਜੋ ਕਿ ਭਾਰਤ ਦੀ ਕੂਟਨੀਤਕ ਤਾਕਤ ਦੀ ਇੱਕ ਮਿਸਾਲ ਹੈ। ਘੋਸ਼ਣਾ ਪੱਤਰ ਅੰਤਰਰਾਸ਼ਟਰੀ ਕਾਨੂੰਨ, ਖੇਤਰੀ ਅਖੰਡਤਾ ਅਤੇ ਪ੍ਰਭੂਸੱਤਾ, ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਅਤੇ ਸ਼ਾਂਤੀ ਅਤੇ ਸਥਿਰਤਾ ਦੀ ਰੱਖਿਆ ਕਰਨ ਵਾਲੀ ਬਹੁਪੱਖੀ ਪ੍ਰਣਾਲੀ ਨੂੰ ਬਰਕਰਾਰ ਰੱਖਣ ਦੀ ਮੰਗ ਕਰਦਾ ਹੈ।

3. ਭਾਰਤ, ਸਾਊਦੀ ਅਰਬ, ਅਮਰੀਕਾ ਅਤੇ ਯੂਰਪ ਨੂੰ ਜੋੜਨ ਵਾਲੇ ਰੇਲ ਲਿੰਕ ਪ੍ਰੋਜੈਕਟ 'ਤੇ ਸਮਝੌਤਾ ਹੋਇਆ ਹੈ। ਇਸ ਪ੍ਰਾਜੈਕਟ ਨੂੰ ਚੀਨ ਦੀ ਬੈਲਟ ਐਂਡ ਰੋਡ ਇਨੀਸ਼ੀਏਟਿਵ ਦਾ ਜਵਾਬ ਮੰਨਿਆ ਜਾ ਰਿਹਾ ਹੈ, ਜਿਸ ਨਾਲ ਦੁਨੀਆਂ ਦੇ ਵਿਕਾਸਸ਼ੀਲ ਦੇਸ਼ਾਂ ਨੂੰ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਨਾਂ 'ਤੇ ਚੀਨ ਦੇ ਕਰਜ਼ੇ ਦੇ ਜਾਲ ਤੋਂ ਬਚਾਇਆ ਜਾ ਸਕੇਗਾ।

4. ਪ੍ਰਧਾਨ ਮੰਤਰੀ ਮੋਦੀ ਨੇ ਗਲੋਬਲ ਬਾਇਓਫਿਊਲ ਅਲਾਇੰਸ ਦੇ ਗਠਨ ਦਾ ਐਲਾਨ ਕੀਤਾ ਹੈ। ਇਸ ਗਠਜੋੜ ਵਿੱਚ ਭਾਰਤ, ਬ੍ਰਾਜ਼ੀਲ, ਅਮਰੀਕਾ ਵਰਗੇ ਦੇਸ਼ ਸ਼ਾਮਲ ਹਨ। ਇਸ ਗਠਜੋੜ ਦੇ ਜ਼ਰੀਏ, ਨਵਿਆਉਣ ਯੋਗ ਊਰਜਾ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਕਾਰਬਨ ਦੇ ਨਿਕਾਸ ਨੂੰ ਸ਼ੁੱਧ ਜ਼ੀਰੋ ਤੱਕ ਘਟਾਉਣ ਵਿੱਚ ਬਹੁਤ ਅੱਗੇ ਵਧੇਗਾ।

5. ਹਾਲ ਹੀ ਦੇ ਸਾਲਾਂ ਦੌਰਾਨ, ਦੁਨੀਆਂ ਦੇ ਦੇਸ਼ਾਂ ਵਿਚਾਲੇ ਵਿਸ਼ਵਾਸ ਵਿੱਚ ਗਿਰਾਵਟ ਆਈ ਹੈ। ਦਿੱਲੀ ਵਿੱਚ ਹੋਏ ਜੀ-20 ਸੰਮੇਲਨ ਵਿੱਚ ਇਸ ਭਰੋਸੇ ਨੂੰ ਮੁੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਖ਼ਾਸ ਤੌਰ 'ਤੇ ਯੂਕਰੇਨ ਯੁੱਧ ਤੋਂ ਬਾਅਦ ਤਣਾਅ ਨੂੰ ਘੱਟ ਕਰਨ ਦੇ ਯਤਨ ਕੀਤੇ ਗਏ ਸਨ।

***

## ਭਾਰਤ ਨੇ ਖ਼ਰਚੇ 4100

ਜੇਕਰ ਸਾਡੇ ਆਪਣੇ ਦੇਸ਼ ਵਿੱਚ 'ਵਸੁਧੈਵ ਕੁਟੁੰਬਕਮ' ਦੇ ਸਿਧਾਂਤ ਨੂੰ ਲਾਗੂ ਕਰਨ ਦਾ ਕੋਈ ਇਰਾਦਾ ਨਹੀਂ ਹੈ, ਜਿਸ ਦਾ ਵਾਰ-ਵਾਰ ਜ਼ਿਕਰ ਕੀਤਾ ਗਿਆ ਹੈ, ਤਾਂ ਇਹ ਮੰਨਿਆ ਜਾਵੇਗਾ ਕਿ ਇਹ ਬਹੁਤ ਮਹਿੰਗੀ ਕਵਾਇਦ ਸਿਰਫ਼ 'ਬ੍ਰਾਂਡ ਮੋਦੀ' ਨੂੰ ਹੋਰ ਮਜ਼ਬੂਤ ਕਰਨ ਲਈ ਕੀਤੀ ਗਈ ਹੈ ਤਾਂ ਜੋ ਇਸ ਦੀ ਵਰਤੋਂ ਮੋਦੀ ਦੁਆਰਾ ਕੀਤੀ ਜਾ ਸਕੇ। ਇਸ ਦੀ ਵਰਤੋਂ ਕੇਂਦਰ ਸਰਕਾਰ ਆਉਣ ਵਾਲੀਆਂ ਚੋਣਾਂ ਵਿੱਚ ਕਰ ਸਕਦੀ ਹੈ।

***

## ਕੀ ਸੰਮੇਲਨ ਦੀਆਂ ਚੰਗੀਆਂ

ਮਾਤਾ' ਕਿਹਾ ਹੈ। ਅਜਿਹਾ ਨਹੀਂ ਹੈ ਕਿ ਭਾਰਤ ਵਿੱਚ ਇਸ ਤੋਂ ਪਹਿਲਾਂ ਕੋਈ ਵੱਡਾ ਅੰਤਰਰਾਸ਼ਟਰੀ ਸਮਾਗਮ ਨਹੀਂ ਹੋਇਆ ਹੈ। ਪ੍ਰਧਾਨ ਮੰਤਰੀ ਵਜੋਂ ਇੰਦਰਾ ਗਾਂਧੀ ਦੇ ਕਾਰਜਕਾਲ ਦੌਰਾਨ ਹੋਈ ਗੈਰ-ਗਠਬੰਧਨ ਦੇਸ਼ਾਂ ਦੀ ਕਾਨਫ਼ਰੰਸ ਵਿੱਚ ਭਾਰਤ ਦਾ ਕੂਟਨੀਤਕ ਦਬਦਬਾ ਸਿਖਰ 'ਤੇ ਸੀ। ਇੱਥੋਂ ਤੱਕ ਕਿ ਇੱਕ ਦੂਜੇ ਨਾਲ ਟਕਰਾਅ ਰਹੇ ਦੋ ਦੇਸ਼ ਵੀ ਉਸ ਦੀ ਬਰਾਬਰ ਕਦਰ ਕਰਦੇ ਸਨ। ਆਪਣੀਆਂ ਅੰਦਰੂਨੀ ਕਮਜ਼ੋਰੀਆਂ ਦੇ ਬਾਵਜੂਦ, ਭਾਰਤ ਦੀਆਂ ਸ਼ਕਤੀਆਂ ਨੂੰ ਅੰਤਰਰਾਸ਼ਟਰੀ ਮੰਚਾਂ ਵਿੱਚ ਵਿਆਪਕ ਤੌਰ 'ਤੇ ਮਾਨਤਾ ਦਿੱਤੀ ਗਈ ਸੀ। ਮੌਜੂਦਾ ਵਿਦੇਸ਼ ਨੀਤੀ ਸਿਰਫ਼ ਵੱਡੇ ਮੁਲਕਾਂ ਤੋਂ ਹਥਿਆਰ ਅਤੇ ਸਕਰੈਪ ਤਕਨੀਕ ਖ਼ਰੀਦਣ, ਮਹਿਮਾਨਾਂ ਨੂੰ ਜੱਫੀ ਪਾਉਣ ਅਤੇ ਸੋਨੇ-ਚਾਂਦੀ ਦੇ ਭਾਂਡਿਆਂ ਵਿੱਚ ਖੁਆਉਣ ਤੱਕ ਹੀ ਸੀਮਤ ਹੈ। ਦੁਨੀਆਂ ਨੂੰ ਭਾਰਤ ਦੀ ਗੱਲ ਨਿਮਰਤਾ ਨਾਲ ਸੁਣਨ ਲਈ ਜ਼ਰੂਰੀ ਹੈ ਕਿ ਉਹ ਵੱਡੇ ਦੇਸ਼ਾਂ ਦਾ ਪੈਰੋਕਾਰ ਨਾ ਬਣੇ। ਜੇਕਰ ਇਹ ਇਨ੍ਹਾਂ ਮਹਾਸ਼ਕਤੀਆਂ ਦੇ ਬਰਾਬਰ ਬੈਠਣਾ ਚਾਹੁੰਦਾ ਹੈ, ਤਾਂ ਇਸ ਨੂੰ ਗੁੱਟ ਨਿਰਲੇਪ ਅੰਦੋਲਨ ਦੀ ਮੁੜ ਸਥਾਪਨਾ ਕਰਨੀ ਚਾਹੀਦੀ ਹੈ। ਪਹਿਲਾਂ ਆਪਣੇ ਨਾਗਰਿਕਾਂ ਨੂੰ ਮਜ਼ਬੂਤ ਬਣਾਓ।

ਕੁਝ ਵਿਦਵਾਨ ਕਹਿੰਦੇ ਹਨ ਕਿ ਪਿਛਲੇ ਕੁਝ ਸਮੇਂ ਤੋਂ ਦੇਸ਼ ਨੂੰ 'ਮਦਰ ਆਫ਼ ਡੈਮੋਕਰੇਸੀ' ਸਾਬਤ ਕਰਨ 'ਤੇ ਤੁਲੇ ਹੋਏ ਪ੍ਰਧਾਨ ਮੰਤਰੀ ਸ਼ਾਇਦ ਇਹ ਨਹੀਂ ਜਾਣਦੇ ਕਿ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੌਲੀ-ਹੌਲੀ ਮਰ ਰਿਹਾ ਹੈ। ਸਮਾਨਤਾਵਾਦੀ ਅਤੇ ਨਿਆਂਪੂਰਨ ਸਮਾਜ ਨੂੰ ਤਬਾਹ ਕਰ ਦਿੱਤਾ ਗਿਆ ਹੈ। ਭਾਈਚਾਰਾ ਅਤੇ ਧਰਮ ਨਿਰਪੱਖਤਾ ਅਲੋਪ ਹੋ ਗਈ ਹੈ। ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਤਿੰਨਾਂ ਪੱਧਰਾਂ 'ਤੇ ਅਸਮਾਨਤਾ ਆਪਣੇ ਸਿਖਰ 'ਤੇ ਹੈ ਅਤੇ ਇਸ ਲਈ ਸਰਕਾਰ ਜ਼ਿੰਮੇਵਾਰ ਹੈ। ਇਸ ਦੇ ਪਿੱਛੇ ਦੀ ਵਿਚਾਰਧਾਰਾ ਉਹ ਹੈ ਜਿਸ ਨੂੰ ਰਾਸ਼ਟਰੀ ਸਵੈਮ ਸੇਵਕ ਸੰਘ ਨੇ ਅੱਗੇ ਵਧਾਇਆ ਅਤੇ ਕਾਇਮ ਰੱਖਿਆ। ਅਮੀਰ ਅਤੇ ਗਰੀਬ ਦਾ ਪਾੜਾ ਯੋਜਨਾਬੱਧ ਤਰੀਕੇ ਨਾਲ ਵਧਾਇਆ ਗਿਆ ਹੈ। ਸਮਾਜ ਦਾ ਬੁਰਾ ਹਾਲ ਹੈ ਅਤੇ ਸਮਾਜ ਵੰਡਿਆ ਵੀ ਗਿਆ ਹੈ। ਉਹ ਸਾਰੇ ਹੱਥਕੰਡੇ ਸਿਆਸੀ ਦਬਦਬੇ ਲਈ ਅਪਣਾਏ ਜਾਂਦੇ ਹਨ ਜੋ ਲੋਕਤੰਤਰ ਵਿੱਚ ਸੱਚਮੁੱਚ ਵਿਸ਼ਵਾਸ ਰੱਖਣ ਵਾਲੀ ਕੋਈ ਵੀ ਸਰਕਾਰ ਨਹੀਂ ਅਪਣਾ ਸਕਦੀ।

***

## ਜੀ-20 ਤੋਂ ਭਾਰਤ ਅਤੇ

ਸ਼ੁਰੂਆਤ: ਜੀ-20 ਸੰਮੇਲਨ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਮੋਦੀ ਅਮਰੀਕਾ, ਸਿੰਗਾਪੁਰ, ਬੰਗਲਾਦੇਸ਼, ਇਟਲੀ, ਬ੍ਰਾਜ਼ੀਲ, ਅਰਜਨਟੀਨਾ, ਮਾਰੀਸ਼ਸ ਅਤੇ ਸੰਯੁਕਤ ਅਰਬ ਅਮੀਰਾਤ ਦੇ ਨੇਤਾਵਾਂ ਦੇ ਨਾਲ ਗਲੋਬਲ ਬਾਇਓਫਿਊਲ ਅਲਾਇੰਸ ਦੀ ਸ਼ੁਰੂਆਤ ਕੀਤੀ।

***

## ਜੀ 20 ਭਾਵ ਗਰੁੱਪ ਆਫ਼ 20

ਨਿਯਮਾਵਲੀ, ਆਰਥਿਕ ਰੈਗੂਲੇਟਰੀ ਰਿਫਾਰਮਸ, ਗਰੀਨ ਫਾਇਨੈਂਸ ਅਤੇ ਐਂਟੀ ਟੈਰੀਜ਼ਮ ਆਦਿ। ਸ਼ੇਰਪਾ ਟ੍ਰੈਕ ਦੇ ਵਿੱਚ ਡਿਪਲੋਮੈਂਟ ਫਾਰਨ ਪਾਲਿਸੀ ਵੀ ਡਿਸਕਸ ਕਰਦੇ ਹਨ, ਜਿਵੇਂ ਨੌਕਰੀਪੇਸ਼ਾ, ਵਾਤਾਵਰਣ ਬਦਲਾਓ, ਖੇਤੀਬਾੜੀ ਅਤੇ ਫੂਡ ਸੁਰੱਖਿਆ, ਭ੍ਰਿਸ਼ਟਾਚਾਰ ਵਿਰੋਧੀ ਮਾਪਦੰਡ, ਸਿਹਤ ਸੰਭਾਲ ਦੇ ਬਾਰੇ ਵਿੱਚ ਚਰਚਾ ਕਰਦੇ ਹਨ। ਜਦੋਂ ਵੀ ਕੋਈ ਜੀ 20 ਦਾ ਮੈਂਬਰ ਦੇਸ਼ ਪ੍ਰੈਜੀਡੈਂਟ ਬਣਦਾ ਹੈ, ਤਾਂ ਉਸ ਕੋਲ ਕੁਝ ਸ਼ਕਤੀਆਂ ਹੁੰਦੀਆਂ ਹਨ, ਉਹ ਉਨ੍ਹਾਂ ਦੇਸ਼ਾਂ ਨੂੰ ਵੀ ਸੱਦਾ ਪੱਤਰ ਭੇਜ ਸਕਦਾ ਹੈ, ਜੋ ਕਿ ਜੀ 20 ਦਾ ਹਿੱਸਾ ਨਹੀਂ। ਇਸ ਤਰਾਂ ਦੂਜੇ ਦੇਸ਼ਾਂ ਦੇ ਨਾਲ ਵਧੀਆ ਸਬੰਧ ਬਣਨ ਦੀਆਂ ਸੰਭਾਵਨਾਵਾਂ ਵੱਧ ਜਾਂਦੀਆਂ ਹਨ ਤੇ ਮੋਦੀ ਸਰਕਾਰ ਵੀ ਕੁਝ ਅਜਿਹੇ ਹੀ ਕਦਮ ਚਿੰਨ੍ਹਾਂ 'ਤੇ ਚੱਲੀ। ਉਮੀਦ ਕਰਦੇ ਹਾਂ ਕਿ ਵਨ ਅਰਥ, ਵਨ ਫੈਮਿਲੀ ਅਤੇ ਵਨ ਫਿਊਚਰ ਦਾ ਰੋਡ ਮੈਪ ਸੁਖਦ ਹੋਵੇਗਾ।

***

## ਖ਼ਾਲਿਸਤਾਨ ਲਹਿਰ ਨੂੰ ਲੈ ਕੇ

ਭਾਰਤੀ ਡਿਪਲੋਮੈਟਾਂ ਵਿਰੁੱਧ ਹਿੰਸਾ ਭੜਕਾਉਂਦਾ ਹੈ। ਹਾਲਾਂ ਕਿ, ਜਦੋਂ ਟਰੂਡੋ ਨੂੰ ਇਸ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ, ਜ਼ਾਹਿਰ ਹੈ ਕਿ ਕੈਨੇਡਾ ਹਮੇਸ਼ਾ ਪ੍ਰਗਟਾਵੇ ਦੀ ਆਜ਼ਾਦੀ, ਸ਼ਾਂਤੀਪੂਰਨ ਪ੍ਰਦਰਸ਼ਨਾਂ ਦੀ ਰੱਖਿਆ ਕਰੇਗਾ। ਇਹ ਉਹ ਚੀਜ਼ ਹੈ ਜੋ ਸਾਡੇ ਲਈ ਬਹੁਤ ਮਹੱਤਵਪੂਰਨ ਹੈ। ਇਸ ਦੇ ਨਾਲ ਹੀ, ਅਸੀਂ ਹਿੰਸਾ ਨੂੰ ਰੋਕਣ ਅਤੇ ਨਫ਼ਰਤ ਨੂੰ ਘਟਾਉਣ ਲਈ ਹਮੇਸ਼ਾ ਮੌਜੂਦ ਹਾਂ। ਟਰੂਡੋ ਨੇ ਕਿਹਾ, ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕੁਝ ਲੋਕਾਂ ਦੀਆਂ ਕਾਰਵਾਈਆਂ ਪੂਰੇ ਕੈਨੇਡੀਅਨ ਸਮਾਜ ਦੀ ਨੁਮਾਇੰਦਗੀ ਨਹੀਂ ਕਰਦੀਆਂ।

ਇਸ ਤਰਾਂ ਟਰੂਡੋ ਦੀ ਭਾਰਤ ਫੇਰੀ ਦੀ ਚਰਚਾ ਕੈਨੇ ਡਾ ਦੀਆਂ ਵੱਖ ਵੱਖ ਅਖਬਾਰਾਂ ਵਿੱਚ ਹੋ ਰਹੀ ਹੈ ਪਰ ਕੈਨੇਡਾ ਦਾ ਜ਼ਿਆਦਾਤਰ ਮੀਡੀਆ ਟਰੂਡੋ ਦੀ ਭਾਰਤ ਫੇਰੀ ਨੂੰ ਅਸਫ਼ਲ ਦਸ ਰਿਹਾ ਹੈ, ਜਿਸ ਕਾਰਨ ਕੈਨੇਡਾ ਵਿੱਚ ਟਰੂਡੋ ਦੀ ਕਾਫ਼ੀ ਆਲੋਚਨਾ ਹੋ ਰਹੀ ਹੈ, ਜਿਸ ਦਾ ਅਸਰ ਟਰੂਡੋ ਦੀ ਸਰਕਾਰ 'ਤੇ ਵੀ ਹੋ ਰਿਹਾ ਹੈ।

ਕੈਨੇਡਾ ਇੱਕ ਅਜਿਹਾ ਦੇਸ਼ ਹੈ ਜਿਸ ਨੂੰ ਪੰਜਾਬੀ ਖਾਸ ਕਰਕੇ ਸਿੱਖ ਬਹੁਤ ਪਸੰਦ ਕਰਦੇ ਹਨ ਅਤੇ ਇਥੋਂ ਦੇ ਸਿੱਖ ਚਾਹੁੰਦੇ ਹਨ ਕਿ ਕੈਨੇਡਾ ਸਰਕਾਰ ਹਰ ਮੌਕੇ 'ਤੇ ਸਿੱਖਾਂ ਦੀ ਅਹਿਮੀਅਤ ਨੂੰ ਸਮਝੇ। ਕੈਨੇਡਾ ਦੇ ਪਿਛਲੇ ਇਤਿਹਾਸ ਅਨੁਸਾਰ ਕੈਨੇਡਾ ਦੀ ਸਰਕਾਰ ਨ ਅਨੇਕਾਂ ਵਾਰ ਸਿੱਖਾਂ ਦੇ ਪੱਖੀ ਫੈਸਲੇ ਕੀਤੇ ਹਨ ਅਤੇ ਮੌਜੂਦਾ ਟਰੂਡੋ ਸਰਕਾਰ ਵਿੱਚ ਵੀ ਟਰੂਡੋ ਨੂੰ ਸਿੱਖਾਂ ਦੀ ਹਮਾਇਤ ਹਾਸਲ ਦਸੀ ਜਾਂਦੀ ਹੈ। ਇੱਕ ਵਾਰ ਤਾਂ ਟਰੂਡੋ ਨੇ ਇਹ ਵੀ ਕਿਹਾ ਸੀ ਕਿ ਉਹਨਾਂ ਦੀ ਸਰਕਾਰ ਵਿੱਚ ਜਿੰਨੇ ਸਿੱਖ ਮੰਤਰੀ ਹਨ, ਉਨੇ ਤਾਂ ਭਾਰਤ ਦੀ ਮੋਦੀ ਸਰਕਾਰ ਵਿੱਚ ਵੀ ਨਹੀਂ। ਇਸ ਤਰਾਂ ਕੈਨੇਡਾ ਵਿੱਚ ਸਿੱਖਾਂ ਦੀ ਅਹਿਮੀਅਤ ਦਾ ਪਤਾ ਚਲ ਜਾਂਦਾ ਹੈ ਪਰ ਮੌਜੂਦਾ ਸਮੇਂ ਟਰੂਡੋ ਦੀ ਭਾਰਤ ਫੇਰੀ ਕਾਰਨ ਟਰੂਡੋ ਦੀ ਪੂਰੇ ਕੈਨੇਡਾ ਵਿੱਚ ਹੀ ਮੀਡੀਆ ਵੱਲੋਂ ਨਿਖੇਧੀ ਕੀਤੀ ਜਾ ਰਹੀ ਹੈ, ਜਿਸਦਾ ਕੈਨੇਡਾ ਦੀ ਸਿਆਸਤ ਉੱਪਰ ਵੀ ਜ਼ਰੂਰ ਅਸਰ ਪਵੇਗਾ।

## ਜਸਟਿਨ ਟਰੂਡੋ ਦੀ ਭਾਰਤ

ਚਿੰਤਾ ਪ੍ਰਗਟਾਈ ਜਾ ਰਹੀ ਹੈ। ਕੈਨੇਡਾ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਸਿੱਖ ਵਸੋਂ ਵੀ ਰਹਿੰਦੀ ਹੈ। ਕੈਨੇਡਾ ਦੀ ਘਰੇਲੂ ਸਿਆਸਤ 'ਤੇ ਸਿੱਖ ਆਬਾਦੀ ਦਾ ਠੀਕ-ਠਾਕ ਪ੍ਰਭਾਵ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਟਰੂਡੋ ਘਰੇਲੂ ਸਿਆਸਤ ਕਾਰਨ 'ਭਾਰਤ ਤੋਂ ਦੂਰ' ਹੋ ਰਹੇ ਹਨ।

ਇਸ ਤਰੀਕੇ ਨਾਲ ਭਾਰਤ ਅਤੇ ਕੈਨੇਡਾ ਵਿਚਾਲੇ ਨਵੀਂ ਤਰਾਂ ਦੇ ਸਬੰਧ ਪਾਏ ਜਾ ਰਹੇ ਹਨ ਅਤੇ ਇਹਨਾਂ ਸਬੰਧਾਂ ਦੀ ਚਰਚਾ ਪੂਰੀ ਦੁਨੀਆਂ ਵਿੱਚ ਹੋ ਰਹੀ ਹੈ।

'ਦਿ ਟੋਰਾਂਟੋ ਸਨ' ਨੇ ਆਪਣੀ ਇੱਕ ਰਿਪੋਰਟ ਵਿੱਚ ਕਿਹਾ, "ਭਾਵੇਂ ਅਸੀਂ ਭਾਰਤ-ਪ੍ਰਸ਼ਾਂਤ ਖੇਤਰ ਲਈ ਇੱਕ ਨਵੀਂ ਰਣਨੀਤੀ ਦਾ ਐਲਾਨ ਕੀਤਾ ਹੈ ਪਰ ਅਸੀਂ ਇਸ ਖੇਤਰ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਭਾਰਤ ਅਤੇ ਚੀਨ ਤੋਂ ਪੂਰੀ ਤਰ੍ਹਾਂ ਅਲੱਗ-ਥਲੱਗ ਰਹਿੰਦੇ ਹਾਂ।"

'ਦਿ ਟੋਰਾਂਟੋ ਸਨ' ਨੇ ਆਪਣੇ ਲੇਖ ਵਿੱਚ ਕਿਹਾ ਹੈ ਕਿ ਭਾਰਤ ਦੀ ਆਰਥਿਕਤਾ ਸਾਡੇ ਨਾਲੋਂ ਦੁੱਗਣੀ ਵੱਡੀ ਹੈ। ਉਨ੍ਹਾਂ ਦੀ 140 ਕਰੋੜ ਦੀ ਆਬਾਦੀ ਸਾਡੇ ਨਾਲੋਂ ਕਿਤੇ ਵੱਧ ਹੈ। ਜੇਕਰ ਦੇਖਿਆ ਜਾਵੇ ਤਾਂ ਕੈਨੇਡਾ ਨੂੰ ਭਾਰਤ ਦੀ ਜ਼ਿਆਦਾ ਲੋੜ ਹੈ। ਦੋਵਾਂ ਦੇਸ਼ਾਂ ਦੀ ਆਰਥਿਕ ਤਰੱਕੀ ਵਿੱਚ ਵੀ ਵੱਡਾ ਅੰਤਰ ਹੈ। ਕੈਨੇਡਾ ਦੀ ਆਰਥਿਕਤਾ 1.5 ਫ਼ੀਸਦੀ ਦੀ ਦਰ ਨਾਲ ਵਧ ਰਹੀ ਹੈ ਅਤੇ ਇਸ ਦੇ 1.4 ਫ਼ੀਸਦੀ ਤੱਕ ਡਿੱਗਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਭਾਰਤ ਦੀ ਆਰਥਿਕ ਵਿਕਾਸ ਦਰ 5.9 ਫ਼ੀਸਦੀ ਹੈ ਅਤੇ ਇਸ ਦੇ ਹੋਰ ਵਧਣ ਦੀ ਉਮੀਦ ਵੀ ਪ੍ਰਗਟਾਈ ਗਈ ਹੈ।

ਕੈਨੇਡਾ ਦੇ ਇੱਕ ਹੋ ਰ ਅਖਬਾਰ ਨੇ ਲਿਖਿਆ ਹੈ ਕਿ ਦਿੱਲੀ 'ਚ ਟਰੂਡੋ ਦੀ ਤਕਨੀਕੀ ਕਾਰਨਾਂ ਕਰਕੇ ਮੌਜੂਦਗੀ ਉਨ੍ਹਾਂ ਲਈ ਕਿੰਨੀ ਅਸਹਿਜ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਸੋਮਵਾਰ ਨੂੰ ਦਿੱਲੀ ਦੇ ਲਲਿਤ ਹੋਟਲ 'ਚ ਆਪਣੇ ਕਮਰੇ 'ਚੋਂ ਬਾਹਰ ਨਹੀਂ ਨਿਕਲੇ। ਭਾਰਤ ਨੇ ਦਿੱਲੀ ਵਿੱਚ ਮੌਜੂਦ ਜਸਟਿਨ ਟਰੂਡੋ ਪ੍ਰਤੀ ਜੋ ਠੰਢਾ ਰਵੱਈਆ ਦਿਖਾਇਆ ਹੈ, ਉਹ ਵੀ ਸ਼ਾਇਦ ਬਿਨਾਂ ਕਾਰਨ ਨਹੀਂ ਹੈ।

ਟਰੂਡੋ ਦੇ ਸ਼ਾਸਨ ਦੌਰਾਨ ਕੈਨੇਡਾ ਨੇ ਭਾਰਤ ਨਾਲ ਬਿਨਾਂ ਕਿਸੇ ਵਪਾਰਕ ਸਮਝੌਤੇ 'ਤੇ ਗੱਲਬਾਤ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਰੋਕ ਦਿੱਤੀ ਹੈ।

ਅਜਿਹੇ 'ਚ ਸਵਾਲ ਇਹ ਉੱਠਦਾ ਹੈ ਕਿ ਟਰੂਡੋ ਇਹ ਕਦਮ ਕਿਉਂ ਚੁੱਕ ਰਹੇ ਹਨ। ਕੈਨੇਡੀਅਨ ਮੀਡੀਆ ਰਿਪੋਰਟਾਂ ਮੁਤਾਬਕ ਟਰੂਡੋ ਵਿਚਾਰਕ ਤੌਰ 'ਤੇ ਨਰਿੰਦਰ ਮੋਦੀ ਦੇ ਵਿਰੋਧੀ ਹਨ।

'ਦਿ ਟੋਰਾਂਟੋ ਸਨ' ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ, "ਬਦਕਿਸਮਤੀ ਨਾਲ, ਟਰੂਡੋ ਨੂੰ ਲੱਗਦਾ ਹੈ ਕਿ ਮੋਦੀ ਦੀਆਂ ਘਰੇਲੂ ਨੀਤੀਆਂ ਦਾ ਅਸਰ ਉਨ੍ਹਾਂ ਦੇ ਆਪਣੇ ਸਿਆਸੀ ਭਵਿੱਖ 'ਤੇ ਵੀ ਪਵੇਗਾ। ਉਹ ਨਾ ਸਿਰਫ਼ ਮੋਦੀ ਤੋਂ ਦੂਰੀ ਬਣਾ ਕੇ ਰੱਖਣਾ ਚਾਹੁੰਦੇ ਹਨ, ਸਗੋਂ ਉਨ੍ਹਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੀ ਦੇਖਣਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਟਰੂਡੋ ਵੀ ਭਾਰਤ ਨਾਲ ਵਪਾਰਕ ਸਮਝੌਤੇ @ਤੇ ਦਸਤਖ਼ਤ ਨਾ ਕਰਨ ਲਈ ਆਪਣੇ ਹੀ ਦੇਸ਼ 'ਚ ਘਿਰ ਗਏ ਹਨ।

ਕੈਨੇਡਾ ਦੇ ਸਾਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਏ ਨੇ ਟਰੂਡੋ 'ਤੇ ਭਾਰਤ ਨਾਲ ਸਬੰਧ ਵਿਗਾੜਨ ਦਾ ਇਲਜ਼ਾਮ ਲਾਉਂਦਿਆਂ ਕਿਹਾ ਹੈ ਕਿ ਟਰੂਡੋ ਨੇ ਭਾਰਤ ਨਾਲ ਹੋਏ ਸਮਝੌਤੇ ਨੂੰ ਲੈ ਕੇ ਸੂਬਿਆਂ ਨੂੰ ਹਨੇਰੇ 'ਚ ਰੱਖਿਆ ਹੈ। ਸੋਮਵਾਰ ਨੂੰ ਜਾਰੀ ਇੱਕ ਪੱਤਰ ਵਿੱਚ ਸਕੌਟ ਮੋਏ ਨੇ ਕਿਹਾ ਹੈ ਕਿ ਟਰੂਡੋ ਘਰੇਲੂ ਸਿਆਸੀ ਕਾਰਨਾਂ ਕਰਕੇ ਭਾਰਤ ਨਾਲ ਤਣਾਅ ਵਧਾ ਰਹੇ ਹਨ। ਸਾਸਕੈਚਵਨ ਪ੍ਰਾਂਤ ਆਪਣੀ ਨਿਰਯਾਤ ਦਾ ਚਾਲੀ ਫ਼ੀਸਦੀ ਹਿੱਸਾ ਭਾਰਤ ਨੂੰ ਕਰਦਾ ਹੈ ਅਤੇ ਦੋਵੇਂ ਦੇਸ਼ਾਂ ਵਿਚਾਲੇ ਵਧਦੇ ਤਣਾਅ ਦਾ ਇੱਥੋਂ ਦੀ ਆਰਥਿਕਤਾ 'ਤੇ ਅਸਰ ਹੋ ਰਿਹਾ ਹੈ।

***

## ਜਸਟਿਨ ਟਰੂਡੋ ਦੀ ਭਾਰਤ

ਚਿੰਤਾ ਪ੍ਰਗਟਾਈ ਜਾ ਰਹੀ ਹੈ। ਕੈਨੇਡਾ ਵਿੱਚ ਵੱਡੀ ਗਿਣਤੀ ਵਿੱਚ ਭਾਰਤੀ ਸਿੱਖ ਵਸੋਂ ਵੀ ਰਹਿੰਦੀ ਹੈ। ਕੈਨੇਡਾ ਦੀ ਘਰੇਲੂ ਸਿਆਸਤ 'ਤੇ ਸਿੱਖ ਆਬਾਦੀ ਦਾ ਠੀਕ-ਠਾਕ ਪ੍ਰਭਾਵ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਟਰੂਡੋ ਘਰੇਲੂ ਸਿਆਸਤ ਕਾਰਨ 'ਭਾਰਤ ਤੋਂ ਦੂਰ' ਹੋ ਰਹੇ ਹਨ।

ਇਸ ਤਰੀਕੇ ਨਾਲ ਭਾਰਤ ਅਤੇ ਕੈਨੇਡਾ ਵਿਚਾਲੇ ਨਵੀਂ ਤਰਾਂ ਦੇ ਸਬੰਧ ਪਾਏ ਜਾ ਰਹੇ ਹਨ ਅਤੇ ਇਹਨਾਂ ਸਬੰਧਾਂ ਦੀ ਚਰਚਾ ਪੂਰੀ ਦੁਨੀਆਂ ਵਿੱਚ ਹੋ ਰਹੀ ਹੈ।

'ਦਿ ਟੋਰਾਂਟੋ ਸਨ' ਨੇ ਆਪਣੀ ਇੱਕ ਰਿਪੋਰਟ ਵਿੱਚ ਕਿਹਾ, "ਭਾਵੇਂ ਅਸੀਂ ਭਾਰਤ-ਪ੍ਰਸ਼ਾਂਤ ਖੇਤਰ ਲਈ ਇੱਕ ਨਵੀਂ ਰਣਨੀਤੀ ਦਾ ਐਲਾਨ ਕੀਤਾ ਹੈ ਪਰ ਅਸੀਂ ਇਸ ਖੇਤਰ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਭਾਰਤ ਅਤੇ ਚੀਨ ਤੋਂ ਪੂਰੀ ਤਰ੍ਹਾਂ ਅਲੱਗ-ਥਲੱਗ ਰਹਿੰਦੇ ਹਾਂ।"

'ਦਿ ਟੋਰਾਂਟੋ ਸਨ' ਨੇ ਆਪਣੇ ਲੇਖ ਵਿੱਚ ਕਿਹਾ ਹੈ ਕਿ ਭਾਰਤ ਦੀ ਆਰਥਿਕਤਾ ਸਾਡੇ ਨਾਲੋਂ ਦੁੱਗਣੀ ਵੱਡੀ ਹੈ। ਉਨ੍ਹਾਂ ਦੀ 140 ਕਰੋੜ ਦੀ ਆਬਾਦੀ ਸਾਡੇ ਨਾਲੋਂ ਕਿਤੇ ਵੱਧ ਹੈ। ਜੇਕਰ ਦੇਖਿਆ ਜਾਵੇ ਤਾਂ ਕੈਨੇਡਾ ਨੂੰ ਭਾਰਤ ਦੀ ਜ਼ਿਆਦਾ ਲੋੜ ਹੈ। ਦੋਵਾਂ ਦੇਸ਼ਾਂ ਦੀ ਆਰਥਿਕ ਤਰੱਕੀ ਵਿੱਚ ਵੀ ਵੱਡਾ ਅੰਤਰ ਹੈ। ਕੈਨੇਡਾ ਦੀ ਆਰਥਿਕਤਾ 1.5 ਫ਼ੀਸਦੀ ਦੀ ਦਰ ਨਾਲ ਵਧ ਰਹੀ ਹੈ ਅਤੇ ਇਸ ਦੇ 1.4 ਫ਼ੀਸਦੀ ਤੱਕ ਡਿੱਗਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਭਾਰਤ ਦੀ ਆਰਥਿਕ ਵਿਕਾਸ ਦਰ 5.9 ਫ਼ੀਸਦੀ ਹੈ ਅਤੇ ਇਸ ਦੇ ਹੋਰ ਵਧਣ ਦੀ ਉਮੀਦ ਵੀ ਪ੍ਰਗਟਾਈ ਗਈ ਹੈ।

ਕੈਨੇਡਾ ਦੇ ਇੱਕ ਹੋ ਰ ਅਖਬਾਰ ਨੇ ਲਿਖਿਆ ਹੈ ਕਿ ਦਿੱਲੀ 'ਚ ਟਰੂਡੋ ਦੀ ਤਕਨੀਕੀ ਕਾਰਨਾਂ ਕਰਕੇ ਮੌਜੂਦਗੀ ਉਨ੍ਹਾਂ ਲਈ ਕਿੰਨੀ ਅਸਹਿਜ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਹ ਸੋਮਵਾਰ ਨੂੰ ਦਿੱਲੀ ਦੇ ਲਲਿਤ ਹੋਟਲ 'ਚ ਆਪਣੇ ਕਮਰੇ 'ਚੋਂ ਬਾਹਰ ਨਹੀਂ ਨਿਕਲੇ। ਭਾਰਤ ਨੇ ਦਿੱਲੀ ਵਿੱਚ ਮੌਜੂਦ ਜਸਟਿਨ ਟਰੂਡੋ ਪ੍ਰਤੀ ਜੋ ਠੰਢਾ ਰਵੱਈਆ ਦਿਖਾਇਆ ਹੈ, ਉਹ ਵੀ ਸ਼ਾਇਦ ਬਿਨਾਂ ਕਾਰਨ ਨਹੀਂ ਹੈ।

ਟਰੂਡੋ ਦੇ ਸ਼ਾਸਨ ਦੌਰਾਨ ਕੈਨੇਡਾ ਨੇ ਭਾਰਤ ਨਾਲ ਬਿਨਾਂ ਕਿਸੇ ਵਪਾਰਕ ਸਮਝੌਤੇ 'ਤੇ ਗੱਲਬਾਤ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਰੋਕ ਦਿੱਤੀ ਹੈ।

ਅਜਿਹੇ 'ਚ ਸਵਾਲ ਇਹ ਉੱਠਦਾ ਹੈ ਕਿ ਟਰੂਡੋ ਇਹ ਕਦਮ ਕਿਉਂ ਚੁੱਕ ਰਹੇ ਹਨ। ਕੈਨੇਡੀਅਨ ਮੀਡੀਆ ਰਿਪੋਰਟਾਂ ਮੁਤਾਬਕ ਟਰੂਡੋ ਵਿਚਾਰਕ ਤੌਰ 'ਤੇ ਨਰਿੰਦਰ ਮੋਦੀ ਦੇ ਵਿਰੋਧੀ ਹਨ।

'ਦਿ ਟੋਰਾਂਟੋ ਸਨ' ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ, "ਬਦਕਿਸਮਤੀ ਨਾਲ, ਟਰੂਡੋ ਨੂੰ ਲੱਗਦਾ ਹੈ ਕਿ ਮੋਦੀ ਦੀਆਂ ਘਰੇਲੂ ਨੀਤੀਆਂ ਦਾ ਅਸਰ ਉਨ੍ਹਾਂ ਦੇ ਆਪਣੇ ਸਿਆਸੀ ਭਵਿੱਖ 'ਤੇ ਵੀ ਪਵੇਗਾ। ਉਹ ਨਾ ਸਿਰਫ਼ ਮੋਦੀ ਤੋਂ ਦੂਰੀ ਬਣਾ ਕੇ ਰੱਖਣਾ ਚਾਹੁੰਦੇ ਹਨ, ਸਗੋਂ ਉਨ੍ਹਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਵੀ ਦੇਖਣਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਟਰੂਡੋ ਵੀ ਭਾਰਤ ਨਾਲ ਵਪਾਰਕ ਸਮਝੌਤੇ @ਤੇ ਦਸਤਖ਼ਤ ਨਾ ਕਰਨ ਲਈ ਆਪਣੇ ਹੀ ਦੇਸ਼ 'ਚ ਘਿਰ ਗਏ ਹਨ।

ਕੈਨੇਡਾ ਦੇ ਸਾਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਏ ਨੇ ਟਰੂਡੋ 'ਤੇ ਭਾਰਤ ਨਾਲ ਸਬੰਧ ਵਿਗਾੜਨ ਦਾ ਇਲਜ਼ਾਮ ਲਾਉਂਦਿਆਂ ਕਿਹਾ ਹੈ ਕਿ ਟਰੂਡੋ ਨੇ ਭਾਰਤ ਨਾਲ ਹੋਏ ਸਮਝੌਤੇ ਨੂੰ ਲੈ ਕੇ ਸੂਬਿਆਂ ਨੂੰ ਹਨੇਰੇ 'ਚ ਰੱਖਿਆ ਹੈ। ਸੋਮਵਾਰ ਨੂੰ ਜਾਰੀ ਇੱਕ ਪੱਤਰ ਵਿੱਚ ਸਕੌਟ ਮੋਏ ਨੇ ਕਿਹਾ ਹੈ ਕਿ ਟਰੂਡੋ ਘਰੇਲੂ ਸਿਆਸੀ ਕਾਰਨਾਂ ਕਰਕੇ ਭਾਰਤ ਨਾਲ ਤਣਾਅ ਵਧਾ ਰਹੇ ਹਨ। ਸਾਸਕੈਚਵਨ ਪ੍ਰਾਂਤ ਆਪਣੀ ਨਿਰਯਾਤ ਦਾ ਚਾਲੀ ਫ਼ੀਸਦੀ ਹਿੱਸਾ ਭਾਰਤ ਨੂੰ ਕਰਦਾ ਹੈ ਅਤੇ ਦੋਵੇਂ ਦੇਸ਼ਾਂ ਵਿਚਾਲੇ ਵਧਦੇ ਤਣਾਅ ਦਾ ਇੱਥੋਂ ਦੀ ਆਰਥਿਕਤਾ 'ਤੇ ਅਸਰ ਹੋ ਰਿਹਾ ਹੈ।

***

## ਕੀ ਹੈ ਸਬ ਇੰਸਪੈਕਟਰਾਂ ਦੀ

ਅਤੇ ਕੁਝ ਲੋਕਾਂ ਨੇ ਇਹ ਕਹਿ ਕੇ ਵਾਇਰਲ ਕਰ ਦਿੱਤਾ ਹੈ ਕਿ ਇਹ ਸਾਰੀ ਭਰਤੀ ਹੈ, ਜਦੋਂਕਿ ਸੱਚਾਈ ਕੁਝ ਹੋਰ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਭਰਤੀ ਪ੍ਰਕਿਰਿਆ ਪੂਰੇ ਦੇਸ਼ ਦੇ ਨੌਜਵਾਨਾਂ ਲਈ ਇੱਕੋ ਜਿਹੀ ਹੈ ਅਤੇ ਮੈਟ੍ਰਿਕ ਵਿੱਚ ਪੰਜਾਬੀ ਵਿਸ਼ੇ ਵਜੋਂ ਪੜ੍ਹਨ ਵਾਲੇ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਸ਼ਾਮਲ ਹੋ ਸਕਦੇ ਹਨ, ਇਸ ਲਈ ਇਹ ਸਾਰੀ ਭਰਤੀ ਪਹਿਲਾਂ ਨਿਰਧਾਰਤ ਮਾਪਦੰਡਾਂ ਦੇ ਆਧਾਰ 'ਤੇ ਕੀਤੀ ਗਈ ਹੈ।

***

## ਸ੍ਰੀ ਦਰਬਾਰ ਸਾਹਿਬ ਦੀ

ਇਹ ਸਭ ਦੇਖ ਕੇ ਉੱਥੇ ਹੰਗਾਮਾ ਹੋ ਗਿਆ ਅਤੇ ਹੋਰ ਸੇਵਾਦਾਰਾਂ ਨੇ ਉੱਥੇ ਪਹੁੰਚ ਕੇ ਪੱਤਰਕਾਰ ਨੂੰ ਕਾਬੂ ਕਰ ਲਿਆ। ਕਿਸੇ ਤਰ੍ਹਾਂ ਪੱਤਰਕਾਰ ਸ਼ਰਧਾਲੂ ਨੂੰ ਕਾਬੂ ਕਰ ਕੇ ਥਾਣੇ ਲਿਆਂਦਾ ਗਿਆ। ਦੁਪਹਿਰ ਬਾਅਦ ਦੋਵਾਂ ਧਿਰਾਂ ਵਿਚਾਲੇ ਸਮਝੌਤਾ ਹੋ ਗਿਆ।

## ਜੱਗੀ ਜੌਹਲ ਦੀ ਰਿਹਾਈ

ਕੀਤਾ। ਇਸ ਵਿੱਚ ਇਹ ਤੈਅ ਕੀਤਾ ਗਿਆ ਸੀ ਕਿ ਬਰਤਾਨੀਆ ਖ਼ਾਲਿਸਤਾਨ ਨੂੰ ਕਾਬੂ ਕਰਨ ਲਈ ਇੱਕ ਕਰੋੜ ਰੁਪਏ ਖ਼ਰਚ ਕਰੇਗਾ। ਦੱਸ ਦੇਈਏ ਕਿ ਪਿਛਲੇ ਹਫ਼ਤੇ ਬਰਤਾਨੀਆ ਦੇ 70 ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੇ ਭਾਰਤੀ ਹਮਰੁਤਬਾ ਨਾਲ

**ਮੁਲਾਕਾਤ ਕਰਕੇ ਜੌਹਲ ਦੀ ਤੁਰੰਤ ਰਿਹਾਈ ਯਕੀਨੀ ਬਣਾਉਣ।**

ਰਿਪੋਰਟ ਸਾਹਮਣੇ ਆਉਣ ਮਗਰੋਂ ਬਰਤਾਨੀਆ ਦੀ ਸਿੱਖ ਲੇਬਰ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਸੂਨਕ ਨੇ ਭਾਰਤ ਫੇਰੀ ਦੌਰਾਨ ਜੌਹਲ ਦੀ ਰਿਹਾਈ ਦਾ ਮੁੱਦਾ ਨਹੀਂ ਉਠਾਇਆ। ਉਨ੍ਹਾਂ ਐਕਸ 'ਤੇ ਲਿਖਿਆ, 'ਜੱਗੀ ਇੱਕ ਬਰਤਾਨਵੀ ਨਾਗਰਿਕ ਹੈ ਅਤੇ ਉਸ ਨੂੰ ਗਲਤ ਢੰਗ ਨਾਲ ਗ੍ਰਿਫ਼ਤਾਰ ਕੀਤਾ ਗਿਆ ਹੈ। ਸਿੱਖ ਭਾਈਚਾਰਾ ਇਸ ਨੂੰ ਲੈ ਕੇ ਫਿਕਰਮੰਦ ਹੈ।'

***

## ਸੂਰਬੀਰਤਾ ਦੀ ਲਾਮਿਸਾਲ

ਦੁਸ਼ਮਣ ਅੱਗੇ ਗੋਡੇ ਟੇਕਣ ਦੀ ਬਜਾਏ ਮੌਤ ਨੂੰ ਤਰਜੀਹ ਦਿੱਤੀ। ਮੁੱਖ ਮੰਤਰੀ ਮਾਨ ਨੇ ਕਿਹਾ ਕਿ 36 ਸਿੱਖ ਦੇ ਸੈਨਿਕਾਂ ਦੀ ਮਿਸਾਲੀ ਗਾਥਾ ਸਮਾਣਾ ਰਿੱਜ (ਹੁਣ ਪਾਕਿਸਤਾਨ) ਵਿਖੇ ਵਾਪਰੀ ਹੈ, ਜਿਨ੍ਹਾਂ ਨੇ 12 ਸਤੰਬਰ, 1897 ਨੂੰ 10,000 ਅਫ਼ਗਾਨੀਆਂ ਦੇ ਹਮਲੇ ਖ਼ਿਲਾਫ਼ ਗਹਿਗੱਚ ਲੜਾਈ ਲੜਦਿਆਂ ਕੁਰਬਾਨੀ ਦੇ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸਾਰਾਗੜ੍ਹੀ ਦੀ ਜੰਗ ਭਾਰਤੀ ਫ਼ੌਜ ਦੇ ਇਤਿਹਾਸ 'ਚ ਮਿਸਾਲ ਬਣੀ ਰਹੇਗੀ ਅਤੇ ਇਹ ਵੀ ਯਾਦ ਕਰਵਾਉਂਦੀ ਰਹੇਗੀ ਕਿ ਜਦੋਂ ਵੀ ਪੰਜਾਬੀਆਂ ਨੂੰ ਪਿਛਾਂਹ ਧੱਕਣ ਦੀ ਕੋਸ਼ਿਸ਼ ਹੋਈ ਤਾਂ ਉਸ ਵੇਲੇ ਉਹ ਆਪਣੀ ਸਮਰੱਥਾ ਤੋਂ ਵੱਧ ਤਾਕਤਵਰ ਹੋ ਕੇ ਖੜ੍ਹੇ ਹੋ ਸਕਦੇ ਹਨ। ਜੰਗ ਦੌਰਾਨ ਦਿਖਾਏ ਜੁਝਾਰੂ ਪੁਣੇ ਦੇ ਪਾਸਾਰ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਫ਼ੌਜ ਦੇ ਇਤਿਹਾਸ ਵਿੱਚ ਆਖ਼ਰੀ ਸਾਹ ਤੱਕ ਮਰ ਮਿਟਣ ਦੇ ਮਹਾਨ ਵਿਰਸੇ ਨੂੰ ਨੌਜਵਾਨਾਂ ਵਿੱਚ ਪ੍ਰੇਰਨਾ ਦੇ ਪ੍ਰਤੀਕ ਵਜੋਂ ਉਭਾਰਨ ਲਈ ਵਚਨਬੱਧ ਹੈ।

***

## ਗੁਰਦੁਆਰੇ ਤੇ ਮੰਦਿਰਾਂ 'ਚ ਰਹਿਣ ਨੂੰ

ਅਨੁਕੂਲ ਹੈ ਇਸ ਲਈ ਉਹ ਇੱਥੇ ਰਹਿਣਾ ਪਸੰਦ ਕਰਦੇ ਹਨ ਪਰ ਇੱਥੇ ਰਹਿਣਾ ਅਤੇ ਖਾਣਾ ਮਹਿੰਗਾ ਹੈ।

ਰੈਗੂਲੇਟਿਡ ਕੈਨੇਡੀਅਨ ਇਮੀਗ੍ਰੇਸ਼ਨ ਕੰਸਲਟੈਂਟਸ ਯਾਨਿ ਆਰਸੀਆਈਸੀ ਦੇ ਮੈਂਬਰ ਅਤੇ ਪੈਸੀਫਿਕ ਗਲੋਬਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਉਪਿੰਦਰ ਬੇਦੀ ਨੇ ਦੱਸਿਆ ਕਿ ਕੈਨੇਡਾ ਵਿੱਚ ਉਸਾਰੀ ਦੇ ਕਾਰੋਬਾਰ ਵਿੱਚ ਮੰਦੀ ਕਾਰਨ ਰਿਹਾਇਸ਼ੀ ਸੰਕਟ ਪੈਦਾ ਹੋ ਗਿਆ ਹੈ।

ਉਪਿੰਦਰ ਬੇਦੀ ਕੈਨੇਡਾ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਨ ਦਾ ਕੰਮ ਕਰਦੇ ਹਨ ਜੋ ਇੱਥੇ ਸੈਟਲ ਹੋਣਾ ਚਾਹੁੰਦੇ ਹਨ ਜਾਂ ਵਰਕ ਸਟੂਡੈਂਟ ਵੀਜ਼ੇ 'ਤੇ ਆਉਣਾ ਚਾਹੁੰਦੇ ਹਨ।

ਉਪਿੰਦਰ ਬੇਦੀ ਦਾ ਕਹਿਣਾ ਹੈ ਕਿ ਰਿਹਾਇਸ਼ ਇੱਕ ਸਾਲ ਪਹਿਲਾਂ 500-600 ਡਾਲਰ ਵਿੱਚ ਮਿਲ ਜਾਂਦਾ ਸੀ ਪਰ ਅੱਜ ਉਸੇ ਰਿਹਾਇਸ਼ ਦਾ ਕਿਰਾਇਆ 800 ਡਾਲਰ ਹੋ ਗਿਆ ਹੈ। ਵਿਦਿਆਰਥੀਆਂ ਦਾ ਇਹ ਵੀ ਮੰਨਣਾ ਹੈ ਕਿ ਜੇਕਰ ਉਹ ਇੱਥੇ ਪੜ੍ਹਨ ਲਈ, ਦਾਖ਼ਲਾ ਲੈਣ ਲਈ 15-20 ਲੱਖ ਰੁਪਏ ਅਦਾ ਕਰਦੇ ਹਨ ਅਤੇ ਫਿਰ ਇੰਨੇ ਰੁਪਏ ਖ਼ਰਚਣ ਦੇ ਬਾਵਜੂਦ ਅਜਿਹੀ ਸਮੱਸਿਆ ਦਾ ਸਾਹਮਣਾ ਕਰਦੇ ਹਨ ਤਾਂ ਇਹ ਸਹੀ ਨਹੀਂ ਹੈ। ਹੇਮੰਤ ਸ਼ਾਹ ਦਾ ਕਹਿਣਾ ਹੈ, ਜੇਕਰ ਯੂਨੀਵਰਸਿਟੀਆਂ ਅਤੇ ਕਾਲਜ ਮੋਟੀਆਂ ਫੀਸਾਂ ਵਸੂਲ ਰਹੇ ਹਨ, ਤਾਂ ਉਨ੍ਹਾਂ ਨੂੰ ਸੇਵਾਵਾਂ ਵੀ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਕਿਫਾਇਤੀ ਰਿਹਾਇਸ਼ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਕੁਝ ਵਿਦਿਆਰਥੀਆਂ ਦਾ ਇਹ ਵੀ ਕਹਿਣਾ ਹੈ ਕਿ ਪ੍ਰਾਈਵੇਟ ਕਮਰੇ ਮਹਿੰਗੇ ਹਨ ਪਰ ਸ਼ੇਅਰਿੰਗ ਰੂਮ ਵੀ ਸਸਤੇ ਨਹੀਂ ਹਨ। ਵਿਦਿਆਰਥੀਆਂ ਨੂੰ ਸਥਾਨਕ ਨਿਯਮਾਂ ਕਾਰਨ ਸਸਤੀ ਰਿਹਾਇਸ਼ ਨਹੀਂ ਮਿਲਦੀ ਹੈ ਕਿ ਰਿਹਾਇਸ਼ ਜ਼ਿਆਦਾ ਭੀੜ-ਭਾੜ ਵੀ ਨਹੀਂ ਹੋਣੀ ਚਾਹੀਦੀ।

## ਲੋਕਤੰਤਰ ਦੀ ਪਰਿਭਾਸ਼ਾ

ਇਸ 'ਤੇ ਅਮਲ ਕਰਕੇ ਇੱਕ ਦੇਸ਼ ਇੱਕ ਚੋਣ ਪ੍ਰਕਿਰਿਆ ਨੂੰ ਲਾਗੂ ਕਰ ਦਿੱਤਾ ਜਾਂਦਾ ਹੈ ਤਾਂ ਭਾਰਤ ਦੁਨੀਆ ਭਰ ਵਿੱਚ ਚੌਥਾ ਇਹੋ ਜਿਹਾ ਦੇਸ਼ ਬਣ ਜਾਏਗਾ ਜਿਥੇ ਇੱਕ ਦੇਸ਼ ਇੱਕ ਚੋਣ ਕਰਵਾਈ ਜਾਂਦੀ ਹੈ। ਦੂਜੇ ਹੋਰ ਤਿੰਨ ਦੇਸ਼ ਬੈਲਜੀਅਮ ਜਿਸ ਦੀ ਆਬਾਦੀ 2021 'ਚ 1ਕਰੋੜ 16 ਲੱਖ ਸੀ, ਸਵੀਡਨ ਜਿਸ ਦੀ ਆਬਾਦੀ 1 ਕਰੋੜ 4 ਲੱਖ ਸੀ ਅਤੇ ਸਾਊਥ ਅਫ਼ਰੀਕਾ ਜਿਸ ਦੀ ਆਬਾਦੀ 5 ਕਰੋੜ 94 ਲੱਖ ਸੀ, ਸ਼ਾਮਲ ਹਨ ਪਰ ਕੀ 140 ਕਰੋੜ ਤੋਂ ਵੱਧ ਆਬਾਦੀ ਵਾਲੇ ਦੇਸ਼ ਇਸ ਵਿਸ਼ਾਲ ਦੇਸ਼ ਵਿੱਚ ਕੀ ਐਡੀ ਵੱਡੀ ਪ੍ਰਕਿਰਿਆ ਸਫ਼ਲਤਾ ਨਾਲ ਲਾਗੂ ਕੀਤੀ ਜਾ ਸਕੇਗੀ ?ਇਕ ਹੋਰ ਸਵਾਲ ਇਹ ਕਿ ਲੋਕ ਸਭਾ, ਵਿਧਾਨ ਸਭਾਵਾਂ ਜਾਂ ਸਥਾਨਕ ਸਰਕਾਰਾਂ ਦੇ ਇਕੋ ਵੇਲੇ ਸੰਯੁਕਤ ਪ੍ਰਕਿਰਿਆ ਲਾਗੂ ਹੋਣ 'ਤੇ ਕੀ ਜਦੋਂ ਕਦੇ ਲੋਕ ਸਭਾ ਨੂੰ ਅਗਾਊਂ ਭੰਗ ਕਰਨ ਦੀ ਸਥਿਤੀ ਬਣ ਜਾਂਦੀ ਹੈ ਤਾਂ ਕੀ ਦੇਸ਼ ਦੇ ਸੂਬਿਆਂ ਦੀਆਂ ਸਰਕਾਰਾਂ ਵੀ ਭੰਗ ਹੋ ਜਾਣਗੀਆਂ ਤੇ ਮੁੜ ਨਾਲ ਹੀ ਇਹਨਾਂ ਸੰਸਥਾਵਾਂ ਦੀ ਚੋਣ ਹੋਵੇਗੀ ਤਾਂ ਫਿਰ ਦੇਸ਼ ਦੇ ਸੰਘੀ ਢਾਂਚੇ ਦੀ ਸੰਵਿਧਾਨਕ ਤੌਰ 'ਤੇ ਸੰਘੀ ਨਹੀਂ ਘੁੱਟੀ ਜਾਏਗੀ। ਕੀ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਫਿਰ ਆਪਣੀ ਹੋਂਦ ਨਹੀਂ ਗੁਆ ਬੈਠੇਗਾ ?

ਅਸਲ 'ਚ ਭਾਜਪਾ ਦਾ ਨਿਸ਼ਾਨਾ ਤਾਂ ਇਕੋ ਹੈ, ਉਹ ਇਹ ਹੈ ਕਿ ਮੋਦੀ ਫੈਕਟਰ ਵਰਤ ਕੇ, ਲੋਕ ਸਭਾ, ਸੂਬਾ ਸਰਕਾਰਾਂ 'ਚ ਆਪਣੇ ਨੁਮਾਇੰਦਿਆਂ ਰਾਹੀਂ ਸਰਕਾਰਾਂ 'ਤੇ ਕਬਜ਼ਾ ਕਰ ਲਿਆ ਜਾਵੇ ਅਤੇ ਦੇਸ਼ ਦੇ ਸੰਵਿਧਾਨ ਨੂੰ ਬਦਲਣ ਦਾ ਅਮਲ ਆਰੰਭਿਆ ਜਾਏ ਜਿਸ ਦੀ ਚਰਚਾ ਇਹਨੀਂ ਦਿਨੀਂ 'ਚ ਆਮ ਹੈ। ਭਾਜਪਾ ਦੀ ਮਨਸ਼ਾ ਇਹ ਹੈ ਕਿ ਅਤੇ ਦੇਸ਼ 'ਚ ਸੂਬਿਆਂ ਦੀਆਂ ਸਰਕਾਰਾਂ ਨੂੰ ਗੁੱਠੇ ਲਾਕੇ, ਲੋਕਤੰਤਰ ਦੀ ਪਰਿਭਾਸ਼ਾ ਹੀ ਬਦਲ ਦਿੱਤੀ ਜਾਵੇ।

***

## ਬਦਲਦੀ ਜੀਵਨ ਸ਼ੈਲੀ

ਅਤੇ ਉਹ ਕਿਸੇ ਨਾ ਕਿਸੇ ਬਿਮਾਰੀ ਦੇ ਸ਼ਿਕਾਰ ਹੋ ਜਾਂਦੇ ਹਨ।ਅੱਜ ਕਲ ਭਾਵੇਂ ਅਨੇਕਾਂ ਲੋਕ ਜਿਮ ਵਿੱਚ ਵੀ ਜਾਂਦੇ ਹਨ ਪਰ ਜਿਮ ਵਿੱਚ ਜਾਣ ਵਾਲੇ ਲੋਕ ਕੁਝ ਤੰਦਰੁਸਤ ਤਾਂ ਹੋ ਜਾਂਦੇ ਹਨ। ਇਸ ਦੇ ਨਾਲ ਇਹ ਵੀ ਕਿਹਾ ਜਾਂਦਾ ਹੈ ਕਿ ਚੰਗੇ ਟਰੇਨਰ ਦੀ ਅਣਹੋਂਦ ਵਿੱਚ ਕਈ ਲੋਕ ਸਹੀ ਤਰੀਕੇ ਨਾਲ ਕਸਰਤ ਨਹੀਂ ਕਰ ਪਾਉਂਦੇ, ਇਸ ਦਾ ਵੀ ਉਹਨਾਂ ਦੀ ਸਿਹਤ ਉਪਰ ਮਾੜਾ ਅਸਰ ਪੈਂਦਾ ਹੈ।

ਆਮ ਲੋਕ ਇਹ ਸੋਚਦੇ ਹਨ ਕਿ ਪੈਸਾ ਹੀ ਸਭ ਕੁਝ ਹੈ, ਅਤੇ ਉਹ ਆਪਣਾ ਸਾਰਾ ਦਿਨ ਪੈਸਾ ਕਮਾਉਣ ਵਿੱਚ ਲਗਾ ਦਿੰਦੇ ਹਨ ਪਰ ਅਜਿਹੇ ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਿਹਤ ਹੀ ਸਭ ਕੁਝ ਹੁੰਦੀ ਹੈ ਅਤੇ ਜੇ ਵਿਅਕਤੀ ਤੰਦਰੁਸਤ ਹੈ ਤਾਂ ਉਸ ਕੋਲ ਬਹੁਤ ਪੂੰਜੀ ਹੈ। ਇਸ ਲਈ ਸਭ ਤੋਂ ਪਹਿਲਾਂ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ।

***

## ਪੰਜਾਬ 'ਚ ਖ਼ਤਰਨਾਕ

ਧਾਰਮਿਕ ਥਾਂਵਾਂ 'ਤੇ ਮਸਤੀ ਅਤੇ ਨਸ਼ੇ ਦਾ ਪ੍ਰਚਾਰ ਕਰਨ ਵਾਲੇ ਗੀਤ ਨਹੀਂ ਚਲਾਉਣੇ ਚਾਹੀਦੇ। ਸਾਡੇ ਘਰਾਂ ਅੰਦਰ ਹੋਣ ਵਾਲੇ ਸਮਾਗਮਾਂ ਵਿੱਚ ਵੀ ਨਸ਼ਿਆਂ ਨੂੰ ਉਤਸ਼ਾਹਿਤ ਕਰਨ ਵਾਲੇ ਲੱਚਰ ਗਾਣਿਆਂ ਨੂੰ ਬੰਦ ਕਰ ਕੇ ਅਸੀਂ ਇਸ ਮੁਹਿੰਮ ਵਿੱਚ ਯੋਗਦਾਨ ਪਾ ਸਕਦੇ ਹਾਂ। ਨਸ਼ਿਆਂ ਦੇ ਮਾਫ਼ੀਆ ਵਿਰੁੱਧ ਕਾਰਵਾਈ ਵਿੱਚ ਮੁੱਖ ਭੂਮਿਕਾ ਸਰਕਾਰੀ ਏਜੰਸੀਆਂ ਦੀ ਹੀ ਬਣਦੀ ਹੈ। ਉਹ ਨਸ਼ਾ ਬਣਾਉਣ ਅਤੇ ਵੇਚਣ ਵਿਰੁੱਧ ਬੇਕਿਰਕ ਸਖ਼ਤ ਕਾਰਵਾਈਆਂ ਕਰਦੇ ਹੋਏ ਨੌਜਵਾਨਾਂ ਦੇ ਵਿਅਕਤੀਤਵ ਵਿਕਾਸ ਵਾਲੀ ਅਤੇ ਕਿੱਤਾ ਮੁਖੀ ਵਿੱਦਿਆ ਦਾ ਪ੍ਰਬੰਧ ਕਰਨ ਦੇ ਨਾਲ ਰੁਜ਼ਗਾਰ ਪੈਦਾ ਕਰਨ ਵਾਸਤੇ ਨੀਤੀਆਂ ਬਣਾ ਸਕਦੇ ਹਨ।

ਇਹ ਗੱਲ ਸਮਝਣੀ ਅਤਿ ਜ਼ਰੂਰੀ ਹੈ ਕਿ ਨਸ਼ਿਆਂ ਦੇ ਕਾਰੋਬਾਰ ਰਾਹੀਂ ਕੀਤੀ ਜਾਣ ਵਾਲੀ ਲੁੱਟ ਬਾਕੀ ਤਰ੍ਹਾਂ ਦੀਆਂ ਲੁੱਟਾਂ ਦੇ ਮੁਕਾਬਲਤਨ ਸਭ ਤੋਂ ਬੁਰੀ ਹੈ।ਕਿਸੇ ਡਾਕੂ ਜਾਂ ਚੋਰ ਦੁਆਰਾ ਲੁੱਟਿਆ ਗਿਆ ਵਿਅਕਤੀ ਮੁੜ ਪੈਰਾਂ 'ਤੇ ਖੜ੍ਹਾ ਹੋ ਸਕਦਾ ਹੈ ਪਰ ਸਿੰਥੈਟਿਕ ਨਸ਼ੇ ਉਸ ਦਲਦਲ ਵਾਂਗ ਹਨ, ਜੋ ਇਸ ਵਿੱਚ ਇੱਕ ਵਾਰ ਫਸ ਗਿਆ ਉਸ ਦੀ ਆਰਥਿਕਤਾ, ਅਣਖ ਤੇ ਜੀਵਨ ਬਸ ਖ਼ਤਮ ਹੀ ਹੋ ਜਾਂਦਾ ਹੈ। ਇਸ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਦੇਸ਼ ਅਤੇ ਸਮਾਜ ਦੀ ਉੱਨਤੀ ਤੇ ਖ਼ੁਸ਼ਹਾਲੀ, ਸਮਰੱਥਾਵਾਨ ਸ਼ਾਨਦਾਰ ਨੌਜਵਾਨਾਂ ਨਾਲ ਹੈ। ਨੌਜਵਾਨਾਂ ਨੂੰ ਨਸ਼ੇ ਦੀ ਗੁਲਾਮੀ ਵਾਲੀ ਦਲਦਲ ਤੋਂ ਬਚਾਉਣ ਲਈ ਸਰਕਾਰੀ ਏਜੰਸੀਆਂ, ਰਾਜਨੀਤਕ ਪਾਰਟੀਆਂ, ਧਾਰਮਿਕ ਸੰਗਠਨਾਂ, ਵਿੱਦਿਅਕ ਅਦਾਰਿਆਂ, ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਅਤੇ ਨੌਜਵਾਨਾਂ ਦਾ ਵਿਆਪਕ ਸਮਾਜਿਕ ਮੋਰਚਾ ਬਣਾਉਣਾ ਅਤੇ ਸਾਂਝਾ ਉਪਰਾਲਾ ਕਰਨਾ ਅੱਜ ਬੇਹੱਦ ਜ਼ਰੂਰੀ ਹੈ।

***

## ਕੈਲੀਫੋਰਨੀਆ 'ਚ ਭਾਰਤੀ ਮੂਲ

ਤੋਂ ਬਾਅਦ, ਉਸ ਦੇ ਕਾਤਲ, ਪਾਉਲੋ ਵਰਜਨ ਮੇਡੇਜ਼ਾ, ਨੂੰ ਕੇਰਨ ਕਾਉਂਟੀ ਵਿੱਚ ਇੱਕ ਰਿਸ਼ਤੇਦਾਰ ਦੇ ਘਰ ਫੜ ਲਿਆ ਗਿਆ ਸੀ। ਉਸ ਨੂੰ ਨਵੰਬਰ 2020 ਵਿੱਚ ਸਿੰਘ ਦੇ ਕਤਲ ਲਈ ਦੋਸ਼ੀ ਮੰਨਿਆ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਸਮਾਗਮ ਵਿੱਚ ਸ੍ਰੀ ਸਿੰਘ ਦੀ ਪਤਨੀ ਅਨਾਮਿਕਾ, ਉਨ੍ਹਾਂ ਦਾ ਬੇਟਾ ਅਰਨਵ ਅਤੇ ਹੋਰ ਪਰਿਵਾਰਕ ਮੈਂਬਰ ਇਸ ਮੌਜੂਦ ਸਨ। ਉਸ ਦੇ ਨਾਲ ਉਸ ਦੇ ਨਿਊਮੈਨ ਪੁਲਿਸ ਵਿਭਾਗ ਦੇ ਸਹਿਯੋਗੀ ਅਤੇ ਕਾਉਂਟੀ ਸੁਪਰਵਾਈਜ਼ਰ ਚਾਂਸ ਕੰਡਿਟ, ਸਟੇਟ ਸੈਨੇਟਰ ਮੈਰੀ ਅਲਵਾਰਡੋ-ਗਿਲ, ਯੂਐਸ ਦੇ ਪ੍ਰਤੀਨਿਧੀ ਜੋਹਨ ਡੁਆਰਟੇ ਅਤੇ ਅਸੈਂਬਲੀਮੈਨ ਜੁਆਨ ਅਲਾਨਿਸ ਸਮੇਤ ਅਧਿਕਾਰੀ ਸ਼ਾਮਲ ਹੋਏ।

***

## ਅਮਰੀਕਾ ਦੀ ਇੱਕ ਸੰਘੀ

ਬਾਕੀ ਸ਼ੱਕੀ ਦੋਸ਼ੀਆਂ ਦੇ ਨਾਂ ਦੋਸ਼ ਸੂਚੀ ਵਿੱਚ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਜਾਂਚਕਾਰਾਂ ਨੇ ਦੋਸ਼ ਸੂਚੀ ਵਿੱਚ ਸ਼ਾਮਿਲ ਸ਼ੱਕੀ ਦੋਸ਼ੀਆਂ ਵੱਲੋਂ ਕੁੱਤਿਆਂ ਦੀ ਲੜਾਈ ਦੇ ਮੁਕਾਬਲੇ ਕਰਵਾਉਣ ਦਾ ਪਰਦਾਫਾਸ਼ ਵੀ ਕੀਤਾ ਹੈ ਤੇ ਤਕਰੀਬਨ 90 ਕੁੱਤੇ ਬਰਾਮਦ ਕੀਤੇ ਹਨ। ਮਾਇਰਜ਼ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਵਿਰੁੱਧ ਲੱਗੇ ਦੋਸ਼ ਬਹੁਤ ਪ੍ਰੇਸ਼ਾਨ ਕਰਨ ਵਾਲੇ ਹਨ। ਇਹ ਵਿਅਕਤੀਗਤ ਲੋਕਾਂ ਦੀ ਖ਼ੁਸ਼ੀ ਤੇ ਜੂਏਬਾਜ਼ੀ ਲਈ ਕੁੱਤਿਆਂ ਦੀਆਂ ਬਹੁਤ ਹੀ ਖਤਰਨਾਕ ਲੜਾਈਆਂ ਕਰਵਾਉਂਦੇ ਸਨ। ਇਨ੍ਹਾਂ ਲੜਾਈਆਂ ਦਾ ਮਕਸਦ ਆਮ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣਾ ਸੀ। ਇਹ ਕੁੱਤਿਆਂ ਦੀਆਂ ਲੜਾਈਆਂ ਵਾਰ ਵਾਰ ਕਰਵਾਉਂਦੇ ਸਨ ਤਾਂ ਜੋ ਲੋਕਾਂ ਦਾ ਧਿਆਨ ਇਨ੍ਹਾਂ ਦੁਆਰਾ ਕੀਤੇ ਜਾਂਦੇ ਗਲਤ ਕੰਮਾਂ ਵੱਲ ਨਾ ਜਾਵੇ।

***

## ਜਾਤੀ ਵਿਤਕਰੇ 'ਤੇ ਪਾਬੰਦੀ

ਨਾਲ ਨਹੀਂ ਖੜ੍ਹ ਸਕਦਾ। ਉਹਨਾਂ ਕਿਹਾ ਕਿ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕ ਅਮਰੀਕਨ ਸਿੱਖ ਜਥੇਬੰਦੀਆਂ ਬਿੱਲ ਦੀ ਹਮਾਇਤ ਵਿੱਚ ਹਨ। ਖ਼ਾਲਸਾ ਨੇ ਅਮਰੀਕਨ ਹਿੰਦੂ ਜਥੇਬੰਦੀਆਂ ਤੇ ਹਿੰਦੂ ਫਾਊਂਡੇਸ਼ਨ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਦਾ ਵਿਰੋਧ ਨਾ ਕਰਨ ਤੇ ਸਿੱਖ ਪੰਥ ਦੀ ਹਮਾਇਤ ਕਰਨ ਤਾਂ ਜੋ ਏਕਤਾ ਬਣੀ ਰਹੇ ਤੇ ਗੁਰੂ ਸਾਹਿਬਾਨ ਦਾ ਸਾਂਝੀਵਾਲਤਾ ਦਾ ਸਿਧਾਂਤ ਤੇ ਭਾਈਚਾਰਾ ਉਜਾਗਰ ਹੋਵੇ। ਉਹਨਾਂ ਪੰਜਾਬ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਖੰਡੇ ਦੇ ਨਿਸ਼ਾਨ ਸਾਹਿਬ ਤੇ ਗੁਰੂ ਗਰੰਥ ਸਾਹਿਬ ਨੂੰ ਮੰਨਣ ਵਾਲੇ ਪਿੰਡਾਂ ਵਿੱਚ ਗੁਰਦੁਆਰੇ ਇੱਕ ਕਰਨ। ਇਸ ਨਾਲ ਸਿੱਖ ਪੰਥ ਦੀ ਏਕਤਾ ਮਜ਼ਬੂਤ ਹੋਵੇਗੀ। ਉਹਨਾਂ ਕਿਹਾ ਕਿ ਅਸੀਂ ਸੰਸਾਰ ਨੂੰ ਸੁਨੇਹਾ ਦੇਣਾ ਹੈ ਕਿ ਸਿੱਖ ਪੰਥ ਜਾਤੀਵਾਦ ਤੇ ਨਸਲਵਾਦ ਵਿਰੋਧੀ ਪੰਥ ਹੈ।

ਖ਼ਾਲਸਾ ਨੇ ਕਿਹਾ ਕਿ ਸਿੱਖਾਂ ਨੂੰ ਪੰਜਾਬ ਵਿੱਚ ਪੰਜਾਬ ਦੇ ਹੱਕਾਂ ,ਪੰਥਕ ਨੁਮਾਇੰਦਗੀ ਲਈ ਮਜ਼ਬੂਤ ਰਾਜਸੀ ਸਿੱਖ ਜਥੇਬੰਦੀ ਦੀ ਲੋੜ ਹੈ ਤਾਂ ਜੋ ਪੰਜਾਬ ਤੇ ਸਿੱਖ ਕੇਂਦਰੀ ਪਾਰਟੀਆਂ ਦੀ ਲੁਟ ਤੋਂ ਬਚ ਸਕਣ। ਉਹਨਾਂ ਕਿਹਾ ਕਿ ਬਾਦਲ ਦਲ ਨਾ ਪੰਥ ਦੀ ਨੁਮਾਇੰਦਗੀ ਕਰਦਾ ਹੈ ਨਾ ਪੰਜਾਬ ਦਾ ਪ੍ਰਤੀਨਿਧ ਹੈ। ਇਸ ਨੇ ਵੰਨ ਨੇਸ਼ਨ ਵੰਨ ਇਲੈਕਸ਼ਨ ਦੀ ਹਮਾਇਤ ਕਰਕੇ ਸਿੱਖਾਂ ਨਾਲ ਧੋਖਾ ਕੀਤਾ ਹੈ। ਪੰਜਾਬ ਦੀ ਖ਼ੁਦਮੁਖ਼ਤਿਆਰੀ, ਜੋ ਅਨੰਦਪੁਰ ਮਤੇ ਵਿੱਚ ਦਰਜ ਸੀ, ਉਸ ਤੋਂ ਵੀ ਇਹ ਭਟਕ ਕੇ ਹਿੰਦੂ ਰਾਸ਼ਟਰਵਾਦ ਦੀ ਸੰਘੀ ਗੁਰੂ ਗੋਲਵਰਕਰ ,ਸਰਵਰਕਰ ਦੀ ਸੋਚ ਅਪਣਾ ਬੈਠਾ ਹੈ, ਜਿਸ ਅਨੁਸਾਰ ਸਿੱਖ ਵੀ ਹਿੰਦੂ ਹਨ। ਸਮੂਹ ਪੰਥ ਨੂੰ ਬਾਦਲ ਦਲ ਦਾ ਬਾਈਕਾਟ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮਨੀਪੁਰ ਦੀ ਹਿੰਸਾ ਲਈ ਸਰਕਾਰ ਜ਼ਿੰਮੇਵਾਰ ਹੈ।

ਮਨੀਪੁਰ ਹਿੰਸਾ ਦੀ ਨਿਖੇਧੀ ਕਰਦਿਆਂ ਉਹਨਾਂ ਕਿਹਾ ਕਿ ਉਥੇ ਦੋ ਫਿਰਕਿਆਂ ਵਿੱਚ ਜਾਰੀ ਹਿੰਸਾ ਨੂੰ ਤਿੰਨ ਮਹੀਨਿਆਂ ਤੋਂ ਵੱਧ ਸਮਾਂ ਹੋ ਗਿਆ ਹੈ। ਪੂਰਾ ਵਿਸ਼ਵ ਜਾਣਦਾ ਹੈ ਕਿ ਇਸ ਹਿੰਸਾ ਪਿੱਛੇ ਭਾਜਪਾ ਦੀ ਬੀਰੇਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਦਾ ਹੱਥ ਸੀ। ਇਸ ਸੱਚ ਨੂੰ ਜੋ ਵੀ ਉਜਾਗਰ ਕਰਦਾ ਹੈ, ਮਨੀਪੁਰ ਦਾ ਪ੍ਰਸ਼ਾਸਨ ਉਸ ਦੇ ਪਿੱਛੇ ਹੱਥ ਧੋ ਕੇ ਪੈ ਜਾਂਦਾ ਹੈ। ਇਸ ਬਾਰੇ ਵੱਖ ਵੱਖ ਦੇਸ਼ ਇਸ ਹਿੰਸਾ ਦੀ ਨਿੰਦਾ ਕਰ ਰਹੇ ਹਨ। ਮਨੀਪੁਰ ਸਰਕਾਰ ਨੇ ਇਸ ਬਾਰੇ ਸਹੀ ਰਿਪੋਰਟ ਜਾਰੀ ਕਰਨ ਵਾਲੇ ਚਾਰ ਨਾਮੀ ਪੱਤਰਕਾਰਾਂ ਐਡੀਟਰਜ਼ ਗਿਲਡ ਆਫ਼ ਇੰਡੀਆ ਦੀ ਪ੍ਰਧਾਨ ਸੀਮਾ ਮੁਸਤਫ਼ਾ, ਸੀਮਾ ਗੁਹਾ, ਭਾਰਤ ਭੂਸ਼ਣ ਤੇ ਸੰਜੇ ਕਪੂਰ ਵਿਰੁੱਧ ਕੇਸ ਦਰਜ ਕਰਕੇ ਮਨੁੱਖੀ ਅਧਿਕਾਰਾਂ ਤੇ ਜਮਹੂਰੀਅਤ ਦਾ ਅਪਮਾਨ ਕੀਤਾ ਹੈ।

ਉਹਨਾਂ ਕਿਹਾ ਕਿ ਸੱਚ ਨੂੰ ਛੁਪਾਉਣ ਲਈ ਮਨੀਪੁਰ ਦੀ ਰਾਜ ਸਰਕਾਰ ਦੀ ਇਹ ਕਾਰਵਾਈ ਮੀਡੀਆ ਨੂੰ ਡਰਾਉਣ-ਧਮਕਾਉਣ ਦੀ ਯੋਜਨਾ ਦਾ ਹਿੱਸਾ ਹੈ। ਉਹਨਾਂ ਕਿਹਾ ਕਿ ਅਜਿਹੇ ਸਮੇਂ ਜਦੋਂ ਹਿੰਸਾ ਨਾਲ ਸੜ ਰਹੇ ਮਨੀਪੁਰ ਵੱਲ ਮੋਦੀ ਸਰਕਾਰ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ, ਰਾਜ ਸਰਕਾਰ ਦੇ ਅਜਿਹੇ ਕਦਮ ਮਾਮਲੇ ਨੂੰ ਹੋਰ ਵਿਗਾੜਨਗੇ।

***

## ਮੁਸਲਮਾਨਾਂ ਤੇ ਸਿੱਖਾਂ ਤੋਂ

ਰਿਪੋਰਟ ਵਿੱਚ ਕਿਹਾ ਹੈ ਕਿ ਕਈ ਘਟਨਾਵਾਂ ਵਿੱਚ ਪੁਲਿਸ ਰਿਪੋਰਟ ਹੀ ਦਰਜ ਨਹੀਂ ਕਰਦੀ ਕ੍ਰਿਸ਼ਚੀਅਨ ਫੋਰਮ ਦੇ ਕੌਮੀ ਕਨਵੀਨਰ ਏ ਸੀ ਮਾਈਕਲ ਨੇ ਕਿਹਾ ਕਿ ਬਹੁਤ ਵਾਰੀ ਪੁਲਿਸ ਪੀੜਤਾਂ ਉੱਤੇ ਹੀ ਕੇਸ ਦਰਜ ਕਰ ਲੈਂਦੀ ਹੈ ਤੇ ਦੋਸ਼ੀਆਂ ਨੂੰ ਖੁੱਲ੍ਹਾ ਛੱਡ ਦਿੱਤਾ ਜਾਂਦਾ ਹੈ। ਭਾਜਪਾ ਸ਼ਾਸਿਤ ਰਾਜਾਂ ਵਿੱਚ ਧਰਮ ਤਬਦੀਲੀ ਵਿਰੁੱਧ ਪਾਸ ਕੀਤੇ ਕਾਨੂੰਨਾਂ ਕਾਰਨ ਇੰਜ ਹੁੰਦਾ ਹੈ। ਮਾਈਕਲ ਨੇ ਕਿਹਾ ਕਿ ਇਸ ਸਾਲ 520 ਈਸਾਈ ਪਾਦਰੀਆਂ ਤੇ ਹੋਰਨਾਂ ਨੂੰ ਝੂਠੇ ਕੇਸਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦੋਂ ਕਿ ਕੋਈ ਵੀ ਸ਼ਿਕਾਇਤ ਕਰਤਾ ਇਹ ਨਹੀਂ ਕਹਿ ਰਿਹਾ ਕਿ ਮੇਰਾ ਜਬਰਨ ਧਰਮ ਤਬਦੀਲ ਕੀਤਾ ਗਿਆ ਹੈ। ਅਸਲ ਵਿੱਚ ਹਿੰਦੂਤਵੀ ਤਾਕਤਾਂ ਈਸਾਈਆਂ ਨੂੰ ਵੀ ਮੁਸਲਮਾਨਾਂ ਵਾਂਗ ਹੀ ਦਰਿਸ਼ਤਜ਼ਦਾ ਕਰਕੇ ਮੁੱਖ ਧਾਰਾ ਤੋਂ ਵੱਖ ਕਰ ਦੇਣਾ ਚਾਹੁੰਦੀਆਂ ਹਨ।

***

## ਜ਼ਿਮਨੀ ਚੋਣਾਂ ਦੇ ਨਤੀਜੇ

ਸੀ.ਪੀ.ਐੱਮ. ਵਿਚਕਾਰ ਸੀ। ਇਨ੍ਹਾਂ ਮੁਕਾਬਲਿਆਂ ਵਿਚੋਂ ਸਭ ਤੋਂ ਅਹਿਮ ਮੁਕਾਬਲਾ ਉੱਤਰ ਪ੍ਰਦੇਸ਼ ਦੇ ਘੋਸੀ ਹਲਕੇ ਵਿੱਚ ਸੀ। ਇਹ ਸੀਟ 2012 ਵਿੱਚ ਸਮਾਜਵਾਦੀ ਪਾਰਟੀ ਨੇ ਜਿੱਤੀ ਸੀ ਅਤੇ 2017 ਤੇ 2019 (ਜ਼ਿਮਨੀ ਚੋਣਾਂ) ਵਿੱਚ ਭਾਜਪਾ ਨੇ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਹ ਸੀਟ ਸਮਾਜਵਾਦੀ ਪਾਰਟੀ ਦੇ ਦਾਰਾ ਸਿੰਘ ਨੇ ਜਿੱਤੀ ਪਰ ਜੁਲਾਈ 2023 ਵਿਚ ਉਹ ਸਮਾਜਵਾਦੀ ਪਾਰਟੀ ਤੋਂ ਅਸਤੀਫ਼ਾ ਦੇ ਭਾਜਪਾ ਵਿੱਚ ਸ਼ਾਮਲ ਹੋ ਗਿਆ। ਉਹ ਪਹਿਲਾਂ ਵੀ ਪਾਰਟੀਆਂ ਬਦਲਦਾ ਰਿਹਾ ਹੈ। ਇਨ੍ਹਾਂ ਚੋਣਾਂ ਵਿੱਚ ਸਮਾਜਵਾਦੀ ਪਾਰਟੀ ਦੇ ਸੁਧਾਕਰ ਸਿੰਘ ਨੇ ਦਾਰਾ ਸਿੰਘ ਜੋ ਭਾਜਪਾ ਦੇ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਸੀ, ਨੂੰ ਵੱਡੇ ਅੰਤਰ ਨਾਲ ਹਰਾਇਆ। ਦਾਰਾ ਸਿੰਘ 2017 ਤੋਂ 2022 ਤਕ ਭਾਜਪਾ ਵਿਧਾਇਕ ਵਜੋਂ ਆਦਿੱਤਿਆਨਾਥ ਯੋਗੀ ਦੇ ਮੰਤਰੀ ਮੰਡਲ ਵਿੱਚ ਵੀ ਸ਼ਾਮਲ ਸੀ। ਇਸ ਜਿੱਤ ਨੂੰ 'ਇੰਡੀਆ' ਗੱਠਜੋੜ ਦੀ ਫੈਸਲਾਕੁਨ ਜਿੱਤ ਕਿਹਾ ਜਾ ਰਿਹਾ ਹੈ। ਇਹ ਚੋਣ ਨਤੀਜੇ ਸੰਕੇਤ ਦਿੰਦੇ ਹਨ ਕਿ ਜੇ ਵਿਰੋਧੀ ਪਾਰਟੀਆਂ ਗੱਠ ਬੰਧਨ ਵਜੋਂ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ (ਐਨਡੀਏ) ਦੇ ਉਮੀਦਵਾਰਾਂ ਵਿਰੁੱਧ ਮੈਦਾਨ ਵਿੱਚ ਨਿੱਤਰਦੀਆਂ ਹਨ ਤਾਂ ਉਨ੍ਹਾਂ ਵਿੱਚ ਐਨਡੀਏ ਦਾ ਮੁਕਾਬਲਾ ਕਰਨ ਦੀ ਸਮਰੱਥਾ ਹੈ। ਵਿਧਾਨ ਸਭਾ ਦੀਆਂ ਚੋਣਾਂ ਆਮ ਕਰ ਕੇ ਵੱਖਰੇ ਧਰਾਤਲ 'ਤੇ ਹੁੰਦੀਆਂ ਹਨ ਅਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਵਿਧਾਨ ਸਭਾ ਚੋਣਾਂ ਵਿਚੋਂ ਮਿਲਦੇ ਵੋਟਾਂ ਦੇ ਰੁਝਾਨ ਦੇ ਸੰਕੇਤ ਅਤੇ ਮਾਪਦੰਡ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਵੀ ਲਾਗੂ ਹੋਣਗੇ। ਇਹ ਨਤੀਜੇ 'ਇੰਡੀਆ' ਗੱਠਜੋੜ ਦੀਆਂ ਪਾਰਟੀਆਂ ਨੂੰ ਉਤਸ਼ਾਹਿਤ ਕਰਨ ਵਾਲੇ ਹਨ।

ਭਾਜਪਾ ਨੂੰ ਹਾਲੇ ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾ ਚੋਣਾਂ ਦੇ ਕਰੜੇ ਇਮਤਿਹਾਨ 'ਚੋਂ ਗੁਜ਼ਰਨਾ ਪੈਣਾ ਹੈ। ਇਹ ਜ਼ਿਮਨੀ ਚੋਣਾਂ 'ਇੰਡੀਆ' ਗੱਠਜੋੜ ਦੀਆਂ ਪਾਰਟੀਆਂ ਲਈ ਖ਼ੁਸ਼-ਖ਼ਬਰ ਹਨ ਕਿ ਵਿਧਾਨ ਸਭਾਵਾਂ ਦੀਆਂ ਚੋਣਾਂ ਵਿੱਚ ਉਹ ਉੱਤਰ ਪ੍ਰਦੇਸ਼ ਜਿਹੇ ਸੂਬਿਆਂ ਵਿੱਚ ਗੱਠਜੋੜ ਵਜੋਂ ਚੋਣਾਂ ਲੜ ਸਕਦੀਆਂ ਹਨ ਅਤੇ ਕੇਰਲ ਜਿਹੇ ਸੂਬਿਆਂ ਵਿੱਚ ਆਪਸ ਵਿਚ ਮੁਕਾਬਲਾ ਕਰਦੀਆਂ ਹੋਈਆਂ ਲੋਕ ਸਭਾ ਚੋਣਾਂ ਲਈ ਕੌਮੀ ਪੱਧਰ 'ਤੇ ਆਪਣਾ ਗੱਠਜੋੜ ਵੀ ਕਾਇਮ ਰੱਖ ਸਕਦੀਆਂ ਹਨ।

***

## ਸੱਥ ਦੀ ਜਿੱਤ ਸਿੱਖ ਸਟੂਡੈਂਟਸ

ਵਜੋਂ ਭਾਈ ਜਸਵੰਤ ਸਿੰਘ ਖਾਲੜਾ ਦਾ ਸਤਿਕਾਰ ਕਰਦੇ ਹਨ। ਸੱਥ ਜਥੇਬੰਦੀ ਮੱਤੇਵਾੜਾ ਜੰਗਲ ਦੇ ਨੇੜੇ ਬਣਾਈ ਜਾ ਰਹੀ ਟੈਕਸਟਾਈਲ ਪਾਰਕ ਦੇ ਵਿਰੋਧ ਵਿੱਚ ਚੱਲੀ ਮੁਹਿੰਮ ਵਿੱਚ ਵੀ ਸ਼ਾਮਲ ਸੀ।

ਜਿੱਤ ਤੋਂ ਬਾਅਦ ਸੱਥ ਜਥੇਬੰਦੀ ਨੇ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਅਮਰ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਤਸਵੀਰ ਵਾਲਾ ਬੈਨਰ ਪੀਯੂ ਸਟੂਡੈਂਟ ਸੈਂਟਰ ਉੱਤੇ ਲਹਿਰਾਇਆ ਦੂਜੀ ਵਾਰ ਚੋਣਾਂ ਵਿੱਚ ਹਿੱਸਾ ਲੈ ਰਹੀ ਇਸ ਜਥੇਬੰਦੀ ਨੇ ਆਪਣੀ ਜਿੱਤ ਮਨੁੱਖੀ ਹੱਕਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਨੂੰ ਸਮਰਪਿਤ ਕੀਤੀ ਹੈ।

***

## ਤਨਮਨਜੀਤ ਸਿੰਘ ਢੇਸੀ ਦਾ

ਖ਼ਜ਼ਾਨਾ ਮੰਤਰੀ ਬਣ ਸਕਦੇ ਹਨ। ਅਜਿਹੀ ਸੰਭਾਵਨਾ ਵਾਲਾ ਨੇਤਾ ਜਦੋਂ ਭਾਰਤ ਵਿੱਚ ਆਉਂਦਾ ਹੈ ਤਾਂ ਚਾਹੀਦਾ ਤਾਂ ਇਹ ਹੈ ਕਿ ਭਾਰਤ ਸਰਕਾਰ ਉਸ ਦੀ ਚੰਗੀ ਆਓ-ਭਗਤ ਕਰੇ ਤੇ ਜਦੋਂ ਉਹ ਸੱਤਾ ਵਿੱਚ ਆਵੇ ਤਾਂ ਵਿਸ਼ਵ ਰਾਜਨੀਤੀ ਵਿੱਚ ਭਾਰਤ ਨੂੰ ਫਾਇਦਾ ਹੋ ਸਕੇ ਪਰ ਪਤਾ ਨਹੀਂ ਕਿਉਂ ਮੋਦੀ ਸਰਕਾਰ ਇਨ੍ਹਾਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੀ। ਪਹਿਲਾਂ ਪੰਜਾਬੀਆਂ ਤੇ ਸਿੱਖਾਂ ਦੇ ਹਮਦਰਦ ਸਮਝੇ ਜਾਂਦੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਵੀ ਕਾਫੀ ਅਣਗੌਲਿਆ ਗਿਆ ਸੀ, ਜਿਸ ਕਾਰਨ ਭਾਰਤ ਕੈਨੇਡੀਅਨ ਮੰਤਰੀ ਮੰਡਲ ਵਿੱਚ ਕਈ ਭਾਰਤੀ ਮੰਤਰੀ ਹੋਣ ਦਾ ਭਾਰਤ-ਕੈਨੇਡਾ ਸੰਬੰਧਾਂ ਵਿੱਚ ਭਾਰਤ ਕੋਈ ਲਾਭ ਨਹੀਂ ਲੈ ਸਕਿਆ। ਅਜੇ ਤੱਕ ਭਾਰਤ ਦੀ ਕੈਨੇਡਾ ਨਾਲ ਤਾਣੀ ਉਲਝੀ ਹੋਈ ਹੈ। ਇਹ ਕਿਵੇਂ ਹੋ ਸਕਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਅਨੁਸਾਰ ਵਿਸ਼ਵ ਦੀ ਸਿਆਸਤ ਚਲੇ।

***

## ਇਸਰੋ

1971 ਵਿੱਚ, ਸ਼੍ਰੀਹਰੀਕੋਟਾ ਵਿੱਚ ਇੱਕ ਪੁਲਾੜ ਕੇਂਦਰ ਬਣਾਇਆ ਗਿਆ ਸੀ, ਜਿਸ ਨੂੰ ਅੱਜ ਸਤੀਸ਼ ਧਵਨ ਸਪੇਸ ਸੈਂਟਰ ਵਜੋਂ ਜਾਣਿਆ ਜਾਂਦਾ ਹੈ। ਹੁਣ ਸਾਰੇ ਉਪਗ੍ਰਹਿ ਇੱਥੋਂ ਲਾਂਚ ਕੀਤੇ ਗਏ ਹਨ। 19 ਅਪ੍ਰੈਲ 1975 ਨੂੰ, ਇਸਰੋ ਨੇ ਆਪਣਾ ਪਹਿਲਾ ਉਪਗ੍ਰਹਿ, ਆਰੀਆ ਭੱਟ ਲਾਂਚ ਕੀਤਾ। 1977 ਵਿੱਚ, ਸੈਟੇਲਾਈਟ ਦੂਰ ਸੰਚਾਰ ਪ੍ਰਯੋਗ ਪ੍ਰੋਜੈਕਟ ਸ਼ੁਰੂ ਹੋਇਆ, ਜੋ ਹਰ ਪਿੰਡ ਵਿੱਚ ਟੀ.ਵੀ. ਇਨ੍ਹਾਂ ਮੁਸ਼ਕਲਾਂ ਵਿੱਚ ਹੀ ਸਾਡੇ ਵਿਗਿਆਨੀਆਂ ਨੇ ਪਹਿਲਾ ਸਵਦੇਸ਼ੀ ਉਪਗ੍ਰਹਿ ਲਾਂਚ ਕੀਤਾ। ਇਸ ਨੂੰ 18 ਜੁਲਾਈ 1980 ਨੂੰ ਲਾਂਚ ਕੀਤਾ ਗਿਆ ਸੀ। ਦਿਲਚਸਪ ਗੱਲ ਇਹ ਹੈ ਕਿ ਇਸ ਪ੍ਰੋਜੈਕਟ ਦੇ ਡਾਇਰੈਕਟਰ ਸਾਬਕਾ ਰਾਸ਼ਟਰਪਤੀ ਡਾ.ਅਬਦੁਲ ਕਲਾਮ ਸਨ। ਇਸ ਲਾਂਚਰ ਰਾਹੀਂ ਰੋਹਿਣੀ ਸੈਟੇਲਾਈਟ ਨੂੰ ਆਰਬਿਟ ਵਿੱਚ ਰੱਖਿਆ ਗਿਆ ਸੀ। ਇਸਰੋ ਦਾ ਪਹਿਲਾ ਸੰਚਾਰ ਉਪਗ੍ਰਹਿ 1981 ਵਿੱਚ ਲਾਂਚ ਕੀਤਾ ਗਿਆ ਸੀ। ਜਦੋਂ ਕਾਰਗਿਲ ਯੁੱਧ ਵਿੱਚ ਦੁਸ਼ਮਣ ਦੀ ਸਥਿਤੀ ਦਾ ਪਤਾ ਲਗਾਉਣ ਲਈ ਅਮਰੀਕਾ ਦੇ ਜੀਪੀਐਸ ਦੀ ਲੋੜ ਪਈ ਤਾਂ ਅਮਰੀਕਾ ਨੇ ਮਦਦ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਫਿਰ ਭਾਰਤ ਨੇ ਫੈਸਲਾ ਕੀਤਾ ਕਿ ਉਹ ਹੁਣ ਆਪਣਾ ਜੀਪੀਐਸ ਬਣਾਏਗਾ। ਅੱਜ ਭਾਰਤ ਉਨ੍ਹਾਂ ਕੁਝ ਦੇਸ਼ਾਂ ਵਿੱਚੋਂ ਇੱਕ ਹੈ ਜਿਨ੍ਹਾਂ ਦੀ ਆਪਣੀ ਨੇਵੀਗੇਸ਼ਨ ਪ੍ਰਣਾਲੀ ਹੈ। ਇਸੇ ਤਰ੍ਹਾਂ ਇੱਕ ਸਮਾਂ ਸੀ ਜਦੋਂ ਅਮਰੀਕਾ ਦੇ ਦਬਾਅ ਹੇਠ ਰੂਸ ਨੇ ਭਾਰਤ ਨੂੰ ਕ੍ਰਾਇਓਜੇਨਿਕ ਰਾਕੇਟ ਤਕਨੀਕ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਪਰ ਭਾਰਤੀ ਵਿਗਿਆਨੀਆਂ ਨੇ ਨਾ ਸਿਰਫ਼ ਸਵਦੇਸ਼ੀ ਤਕਨੀਕ ਵਿਕਸਿਤ ਕੀਤੀ, ਸਗੋਂ ਅੱਜ ਇਸ ਦੀ ਮਦਦ ਨਾਲ ਦਰਜਨਾਂ ਉਪਗ੍ਰਹਿ ਇੱਕੋ ਸਮੇਂ ਪੁਲਾੜ ਵਿੱਚ ਭੇਜੇ ਜਾ ਰਹੇ ਹਨ। ਇਸ ਲਾਂਚ ਦੇ ਨਾਲ, ਭਾਰਤ ਵਿਸ਼ਵ ਵਪਾਰਕ ਬਾਜ਼ਾਰ ਵਿੱਚ ਇੱਕ ਮਜ਼ਬੂਤ ? ?ਖਿਡਾਰੀ ਦੇ ਰੂਪ ਵਿੱਚ ਉਭਰਿਆ ਹੈ। ਚੰਦਰਯਾਨ-3 ਦੀ ਪ੍ਰਾਪਤੀ ਯਕੀਨੀ ਤੌਰ 'ਤੇ ਦੇਸ਼ ਵਿੱਚ ਪੁਲਾੜ ਲਈ ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰੇਗੀ। ਭਾਰਤ ਅਮਰੀਕਾ ਸਮੇਤ ਹੋਰ ਦੇਸ਼ਾਂ ਦੇ ਮੁਕਾਬਲੇ ਬਹੁਤ ਘੱਟ ਕੀਮਤ 'ਤੇ ਸੈਟੇਲਾਈਟ ਲਾਂਚ ਕਰਨ ਦਾ ਬੇਦਾਗ ਰਾਜਾ ਬਣ ਗਿਆ ਹੈ।

***

## ਦੇਸ਼ ਵਿੱਚ ਪੰਜਾਬ ਦੀ ਧਰਤੀ

ਹਰ ਸੰਕਟ ਦੀ ਘੜੀ 'ਚ ਉਹ ਸਹਾਇਤਾ ਕਰਨ ਲਈ ਤਿਆਰ ਰਹਿੰਦੇ ਹਨ। ਮੁੱਖ ਮੰਤਰੀ ਨੇ ਅੰਮ੍ਰਿਤਸਰ ਵਿੱਚ 50 ਤੋਂ 100 ਏਕੜ ਜ਼ਮੀਨ ਵਿੱਚ 'ਸੈਲੀਬ੍ਰੇਸ਼ਨ ਡੈਸਟੀਨੇਸ਼ਨ' ਦੀ ਸਥਾਪਨਾ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਖ਼ੁਸ਼ੀ ਦੇ ਮੌਕੇ ਜਸ਼ਨ ਮਨਾਉਣ ਲਈ ਇਸ ਸੈਲੀਬ੍ਰੇਸ਼ਨ ਪੁਆਇੰਟ 'ਤੇ ਬੈਂਕੁਇਟ ਹਾਲਾਂ ਦਾ ਨਿਰਮਾਣ ਕੀਤਾ ਜਾਵੇਗਾ। ਸੂਬੇ ਵਿੱਚ ਈਕੋ-ਟੂਰਿਜ਼ਮ ਨੂੰ ਵੀ ਪ੍ਰਫੁੱਲਤ ਕੀਤਾ ਜਾ ਰਿਹਾ ਹੈ ਕਿਉਂ ਜੋ ਸੂਬੇ ਨੂੰ ਕੁਦਰਤੀ ਸੌਗਾਤਾਂ ਦੀ ਬਖਸ਼ਿਸ਼ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਚਮਰੋੜ ਪੱਤਣ ਵਰਗੀਆਂ ਥਾਂਵਾਂ ਨੂੰ ਵੀ ਵਿਕਸਤ ਕਰਨ ਸਮੇਤ ਫ਼ਿਲਮਾਂ ਦੀ ਸ਼ੂਟਿੰਗ, ਪੋਸਟ-ਪ੍ਰੋਡਕਸ਼ਨ ਅਤੇ ਫ਼ਿਲਮਾਂ ਰਿਲੀਜ਼ ਕਰਨ ਲਈ ਪੰਜਾਬ ਵਿੱਚ ਫ਼ਿਲਮ ਸਿਟੀ ਵਿਕਸਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਨੂੰ ਦੇਸ਼ ਵਿੱਚ ਮੈਡੀਕਲ ਸਿੱਖਿਆ ਦੇ ਧੁਰੇ ਵਜੋਂ ਉਭਾਰਿਆ ਜਾਵੇਗਾ।

ਐਮਿਟੀ ਯੂਨੀਵਰਸਿਟੀ 'ਚ ਤਿੰਨ ਰੋਜ਼ਾ ਸੈਰ-ਸਪਾਟਾ ਸੰਮੇਲਨ ਦੌਰਾਨ ਸਤਿੰਦਰ ਸੱਤੀ ਨੇ ਮੰਚ ਸੰਚਾਲਨ ਕੀਤਾ ਜਦੋਂਕਿ ਟੀਵੀ ਕਲਾਕਾਰ ਕਪਿਲ ਸ਼ਰਮਾ, ਕੈਬਨਿਟ ਮੰਤਰੀ ਹਰਪਾਲ ਚੀਮਾ, ਅਮਨ ਅਰੋੜਾ, ਚੇਤਨ ਸਿੰਘ ਜੌੜੇਮਾਜਰਾ, ਗੁਰਮੀਤ ਸਿੰਘ ਮੀਤ ਹੇਅਰ ਅਤੇ ਡਾ. ਬਲਬੀਰ ਸਿੰਘ, ਵਿਧਾਇਕ ਕੁਲਵੰਤ ਸਿੰਘ, ਮੁੱਖ ਸਕੱਤਰ ਅਨੁਰਾਗ ਵਰਮਾ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਆਈਜੀ ਗੁਰਪ੍ਰੀਤ ਸਿੰਘ ਭੁੱਲਰ ਤੇ ਹੋਰ ਸ਼ਖ਼ਸੀਅਤਾਂ ਨੇ ਆਪਣੀ ਹਾਜ਼ਰੀ ਲਵਾਈ।

**ਇਤਿਹਾਸਕ ਥਾਂਵਾਂ ਲਈ ਸੋਸ਼ਲ ਮੀਡੀਆ ਦੀ ਹੋਵੇ ਵਰਤੋਂ**

ਸੈਰ ਸਪਾਟਾ ਸੰਮੇਲਨ ਅਤੇ ਟਰੈਵਲ ਮਾਰਟ ਵਿੱਚ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਇਤਿਹਾਸਕ ਥਾਂਵਾਂ ਦੀ ਜਾਗਰੂਕਤਾ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਜਾਵੇ। ਬੁਨਿਆਦੀ ਢਾਂਚਾ ਵਿਕਾਸ ਅਤੇ ਆਰਥਿਕ ਸੁਧਾਰ ਕੌਂਸਲ ਦੇ ਚੇਅਰਮੈਨ ਡਾ. ਅਨਿਰੁਧ ਗੁਪਤਾ ਨੇ ਕਿਹਾ ਕਿ ਪਿਛਲੇ ਸੱਤ ਦਹਾਕਿਆਂ ਦੌਰਾਨ ਸਮਰੱਥਾ ਦੀ ਸੁਚੱਜੀ ਵਰਤੋਂ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਉਦਯੋਗੀਕਰਨ ਅਤੇ ਸੈਰ-ਸਪਾਟਾ ਅਜਿਹੇ ਮੁੱਖ ਕੇਂਦਰ ਹਨ ਜੋ ਵਿਦੇਸ਼ ਜਾ ਰਹੇ ਨੌਜਵਾਨਾਂ ਦੇ ਰੁਝਾਨ ਨੂੰ ਠੱਲ੍ਹ ਪਾ ਸਕਦੇ ਹਨ। ਉਨ੍ਹਾਂ ਕਿਹਾ ਕਿ 'ਹਰੀਕੇ' ਨੂੰ ਸੈਰ-ਸਪਾਟਾ ਸਥਾਨ ਵਜੋਂ ਵਰਤਿਆ ਜਾਵੇ ਕਿਉਂਕਿ ਇੱਥੇ ਅਰਬਾਂ ਡਾਲਰ ਕਮਾਉਣ ਦੀ ਸਮਰੱਥਾ ਹੈ। 'ਅੰਮ੍ਰਿਤਸਰ ਹੈਰੀਟੇਜ ਵਾਕਸ' ਦੇ ਸੰਸਥਾਪਕ ਗੁਰਿੰਦਰ ਸਿੰਘ ਜੌਹਲ ਨੇ ਗੌਰਵਮਈ ਇਤਿਹਾਸ ਬਾਰੇ ਜਾਗਰੂਕਤਾ ਦੀ ਘਾਟ ਨੂੰ ਮੁੱਖ ਸਮੱਸਿਆ ਦੱਸਿਆ। ਕੰਜ਼ਰਵੇਸ਼ਨ ਆਰਕੀਟੈਕਟ ਗੁਰਮੀਤ ਸੰਘਾ ਰਾਏ ਨੇ ਜ਼ੋਰ ਦੇ ਕੇ ਕਿਹਾ ਕਿ ਵਿਰਾਸਤੀ ਸੰਭਾਲ ਨੂੰ ਸ਼ਹਿਰੀ ਲੈਂਡਸਕੇਪ ਦੇ ਹਿੱਸੇ ਵਜੋਂ ਲਿਆ ਜਾਣਾ ਚਾਹੀਦਾ ਹੈ। ਪੀਐਚਡੀ ਚੈਂਬਰ ਪੰਜਾਬ ਚੈਪਟਰ ਦੇ ਚੇਅਰਮੈਨ ਆਰ.ਐਸ. ਸਚਦੇਵਾ ਨੇ ਲੋਕਾਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਕਰ ਕੇ ਪੰਜਾਬ ਦੇ ਅਮੀਰ ਇਤਿਹਾਸਕ ਵਿਰਸੇ ਬਾਰੇ ਜਾਗਰੂਕ ਕਰਨ ਦੇ ਨਾਲ-ਨਾਲ ਇਤਿਹਾਸਕ ਮਹੱਤਤਾ ਵਾਲੀਆਂ ਥਾਂਵਾਂ ਲਈ 'ਐਪ' ਵਿਕਸਤ ਕਰਨ ਅਤੇ ਹਵੇਲੀਆਂ ਤੇ ਵਿਰਾਸਤੀ ਜਾਇਦਾਦਾਂ ਦੀ ਸਾਂਭ ਸੰਭਾਲ ਲਈ ਪ੍ਰੇਰਿਤ ਕੀਤਾ।

## ਪੰਜਾਬ ਟੂਰਿਜ਼ਮ ਸਮਿਟ 'ਚ

ਉਨ੍ਹਾਂ ਦੀ ਦਾਦੀ ਆਟਾ ਚੱਕੀ ਦੀ ਵਰਤੋਂ ਕਰਦੀ ਸੀ। ਇਕ ਹੋਰ ਮਹਿਮਾਨ ਸੁਰਿੰਦਰਪਾਲ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਟੂਰਿਜ਼ਮ ਸਮਿਟ ਨੇ ਲੋਕਾਂ ਨੂੰ ਸੂਬੇ ਦੇ ਅਮੀਰ ਸੱਭਿਆਚਾਰ ਨੂੰ ਉਜਾਗਰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਸਮਾਗਮ ਨਵੀਂ ਪੀੜ੍ਹੀ ਨੂੰ ਪੰਜਾਬ ਦੇ ਵੰਨ-ਸੁਵੰਨੇ ਸੱਭਿਆਚਾਰ ਅਤੇ ਭਾਈਚਾਰੇ ਨੂੰ ਜੋੜਨ ਦੇ ਨਾਲ-ਨਾਲ ਇਸ ਤੋਂ ਹੋਰ ਚੰਗੀ ਤਰ੍ਹਾਂ ਜਾਣੂ ਵੀ ਕਰਵਾਏਗਾ।

ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਮਾਨ ਸਰਕਾਰ ਪੰਜਾਬ ਨੂੰ ਸੈਰ-ਸਪਾਟਾ ਕੇਂਦਰ ਵਜੋਂ ਹੁਲਾਰਾ ਦੇਣ ਅਤੇ ਇਸ ਦੀ ਪੁਰਾਣੀ ਸ਼ਾਨ ਨੂੰ ਬਹਾਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਸੈਰ-ਸਪਾਟਾ ਸੰਮੇਲਨ ਸਰਕਾਰ ਵੱਲੋਂ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਪੰਜਾਬ ਦੇ ਅਮੀਰ ਅਤੇ ਵਿਰਾਸਤੀ ਸੱਭਿਆਚਾਰ ਤੋਂ ਲੋਕਾਂ ਨੂੰ ਜਾਣੂ ਕਰਵਾਉਣ ਲਈ ਇਕ ਅਹਿਮ ਤੇ ਵਿਲੱਖਣ ਉਪਰਾਲਾ ਹੈ।

## ਇੱਕ ਜਿਸਮ ਦੋ ਜਾਮੇ

ਫੇਰ ਅਚਾਨਕ ਹੀ ਉਸ ਦੀ ਨਜ਼ਰ ਆਪਣੇ ਘਰ ਦੀ ਚਾਰਦੀਵਾਰੀ ਵੱਲ ਭੌਂ ਗਈ। ਉਥੇ ਤਾਂ ਕੁਝ ਵੀ ਨਹੀਂ ਸੀ। ਖੋਲ਼ਿਆਂ ਵਿੱਚ ਗੰਨੇ ਦਾ ਪੀੜ ਪਿਆ ਸੀ। ਉਸ ਦਾ ਦਿਲ ਘਟਣ ਲੱਗਿਆ। ਉਸ ਨੇ ਤਾਏ ਪ੍ਰਤਾਪ ਸਿੰਘ ਤੇ ਮਾਸੀ ਬਾਰੇ ਪੁੱਛਣਾ ਚਾਹਿਆ ਪਰ ਵੱਡੀ ਉਮਰ ਦਾ ਕੋਈ ਬੰਦਾ ਨਜ਼ਰ ਨਹੀਂ ਸੀ ਆ ਰਿਹਾ। ਇੱਕ ਆਦਮੀ ਕੋਲੋਂ ਦੀ ਦਾਤਰੀ ਲੈ ਕੇ ਲੰਘਿਆ ਪਰ ਚੰਨ ਕੌਰ ਉਸ ਨੂੰ ਪਛਾਣਦੀ ਨਹੀਂ ਸੀ। ਹੋ ਸਕਦਾ ਹੈ ਪਾਕਿਸਤਾਨ ਤੋਂ ਇਸ ਪਿੰਡ ਆ ਕੇ ਵਸਣ ਵਾਲੇ ਸ਼ਰਨਾਰਥੀਆਂ ਵਿਚੋਂ ਹੋਵੇ। ਅਸਲ ਵਿਚ ਉਹ ਕਿਸੇ ਦੇ ਮੂੰਹ ਤੋਂ ਇਹ ਗੱਲ ਨਹੀਂ ਸੀ ਸੁਣਨਾ ਚਾਹੁੰਦੀ ਕਿ ਪ੍ਰਤਾਪ ਸਿੰਘ ਤੇ ਉਸ ਦੀ ਘਰਵਾਲੀ ਇਸ ਦੁਨੀਆਂ ਵਿਚ ਨਹੀਂ। ਜੇ ਉਹ ਵੀ ਨਹੀਂ ਸਨ ਤਾਂ ਉਸ ਦਾ ਇਸ ਜਗਤ ਵਿਚ ਰਹਿ ਹੀ ਕੌਣ ਗਿਆ ਸੀ। ਉਸ ਦੇ ਆਪਣੇ ਬੱਚੇ ਸਿਰ ਖੁਦ ਹੋ ਚੁੱਕੇ ਸਨ। ਕੰਮ ਕਾਰ ਵੀ ਠੀਕ ਸਨ। ਉਨ੍ਹਾਂ ਪ੍ਰਤੀ ਆਪਣਾ ਰੋਲ ਉਹ ਪੂਰਾ ਕਰ ਚੁੱਕੀ ਸੀ। ਉਹ ਹੁਣ ਆਸਰਾ ਦੇਣ ਵਾਲੀ ਦੀ ਥਾਂ ਆਸਰਾ ਲੈਣ ਵਾਲੀ ਅਵਸਥਾ ਵਿੱਚ ਪਹੁੰਚ ਚੁੱਕੀ ਸੀ। ਇਸ ਮਿੱਟੀ ਤੋਂ ਆਸਰਾ ਹੀ ਤਾਂ ਲੈਣ ਆਈ ਸੀ।

ਰਿਕਸ਼ੇ ਵਾਲੇ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਲੱਭ ਰਹੀ ਸੀ। ਉਹ ਆਪ ਠਰੂੰ ਠਰੂੰ ਕਰ ਰਿਹਾ ਸੀ। ਸੂਰਜ ਢਲਨ ਕਾਰਨ ਠੰਢ ਵਧ ਰਹੀ ਸੀ। ਉਹ ਵਾਪਸ ਬਸੀ ਪਠਾਣਾਂ ਪਹੁੰਚਣਾ ਚਾਹੁੰਦਾ ਸੀ। ਪਰ ਜਿਸ ਸਵਾਰੀ ਨੂੰ ਲੈ ਕੇ ਆਇਆ ਸੀ ਉਸ ਨੂੰ ਇੰਜ ਛੱਡ ਕੇ ਕਿਵੇਂ ਪਰਤ ਸਕਦਾ ਸੀ।

ਰਿਕਸ਼ੇ ਵਾਲੇ ਨੇ ਦੇਖਿਆ ਕਿ ਉਸ ਦੀ ਸਵਾਰੀ ਬਰੋਟੇ ਦੇ ਥੱਲਿਓਂ ਤੁਰ ਕੇ ਪੀੜ ਵਾਲੇ ਖੋਲੇ ਵਿਚਲੀ ਨਿੰਮ ਵੱਲ ਵਧ ਰਹੀ ਸੀ। ਇਹ ਉਹੀਓ ਨਿੰਮ ਸੀ ਜਿਸ ਉੱਤੇ ਚੰਨ ਕੌਰ ਪੀਂਘ ਝੂਟਿਆ ਕਰਦੀ ਸੀ, ਉਦੋਂ ਜਦੋਂ ਉਸ ਦਾ ਨਾਂ ਨੂਰਾਂ ਹੁੰਦਾ ਸੀ। ਨਿੰਮ ਦੇ ਪੱਤੇ ਝੜ ਰਹੇ ਸਨ। ਟਾਹਣੀਆਂ ਵੀ ਓਨੀਆਂ ਤੰਦਰੁਸਤ ਨਹੀਂ ਸਨ। ਉਸ ਦੀ ਉਮਰ ਨਾਲੋਂ ਅੱਧੀ ਸਦੀ ਵੱਧ ਉਮਰ ਵਾਲੀ ਨਿੰਮ ਉਸ ਨੂੰ ਆਪਣੀ ਦਾਦੀ ਵਰਗੀ ਲੱਗ ਰਹੀ ਸੀ। ਜੇ ਨਿੰਮ ਦਾਦੀ ਸੀ ਤਾਂ ਨੂਰਾਂ ਪੋਤਰੀ। ਮਨ ਵਿੱਚ ਪੋਤੀ ਦਾ ਬਿੰਬ ਆਉਂਦੇ ਸਾਰ ਉਸ ਨੂੰ ਆਪਣੇ ਤਨ ਅਤੇ ਮਨ ਤੋਂ ਚੰਨ ਕੌਰ ਦਾ ਨਾਂ ਲੱਥ ਚੁੱਕਾ ਜਾਪਣ ਲੱਗਿਆ। ਉਹ ਮੁੜ ਨਿੱਕੀ ਬਾਲੜੀ ਹੋ ਗਈ। ਨੂਰਾਂ। ਨਿਰੀ ਨੂਰਾਂ। ਉਸ ਨੂੰ ਚੰਨ ਕੌਰ ਦੀ ਕੰਜ ਲਾਹ ਦੇਣੀ ਚਾਹੀਦੀ ਸੀ। ਇਹ ਕੰਮ ਤਾਂ ਉਸ ਨੂੰ ਪੇਕੇ ਪਿੰਡ ਦੀ ਜੂਹ ਦੇ ਬਾਹਰ ਹੀ ਕਰ ਦੇਣਾ ਚਾਹੀਦਾ ਸੀ। ਉਹ ਬਹੁਤ ਪਰੇਸ਼ਾਨੀ ਦੀ ਅਵਸਥਾ ਵਿਚ ਸੀ। ਉਹ ਮੁੜ ਨੂਰਾਂ ਦਾ ਜੀਵਨ ਜਿਊਣਾ ਚਾਹੁੰਦੀ ਸੀ।

ਉਸ ਦਾ ਇਸ ਦੁਨੀਆਂ ਵਿੱਚ ਕੋਈ ਨਹੀਂ ਸੀ। ਇਹ ਧਰਤੀ ਵੀ ਆਪਣੀ ਨਹੀਂ ਸੀ ਰਹੀ। ਉਸ ਦਾ ਦਿਲ ਹੋਰ ਵੀ ਘਟਣ ਲੱਗਿਆ। ਉਹ ਨਿੰਮ ਦੇ ਤਣੇ ਕੋਲ ਸੁੱਕੇ ਪੀੜ ਦੀ ਢੇਰੀ ਉੱਤੇ ਬਹਿ ਗਈ। ਉਸ ਨੇ ਆਪਣੇ ਮਨ ਹੀ ਮਨ ਵਿੱਚ ਚੰਨ ਕੌਰ ਦਾ ਜਾਮਾ ਉਤਾਰ ਦਿੱਤਾ ਤੇ ਨੂਰਾਂ ਵਾਲਾ ਪਹਿਨ ਲਿਆ।

ਨੂਰਾਂ ਦਾ ਜਾਮਾ ਪਹਿਨ ਕੇ ਉਸ ਦੀ ਦੇਹੀ ਵਿੱਚ ਆਤਮਕ ਬਲ ਆ ਗਿਆ। ਉਹ ਪੂਰੀ ਤਰ੍ਹਾਂ ਸੰਤੁਸ਼ਟ ਸੀ। ਉਸ ਨੇ ਪਹਿਲਾਂ ਬਦਲੇ ਜਾਮੇ ਵਾਲਾ ਜੀਵਨ ਵੀ ਰੱਜ ਕੇ ਹੰਢਾਇਆ ਸੀ। ਉਸ ਨੂੰ ਕਿਸੇ ਉੱਤੇ ਕੋਈ ਗਿਲਾ ਨਹੀਂ ਸੀ। ਉਸ ਨੇ ਕਿਸੇ ਧਰਮ ਨੂੰ ਧੋਖਾ ਨਹੀਂ ਸੀ ਦਿੱਤਾ। ਉਸ ਲਈ ਪਹਿਲੀ ਦੂਜੀ ਤੇ ਤੀਜੀ ਹਰ ਮਰਿਆਦਾ ਇੱਕ ਸਮਾਨ ਸੀ। ਜੇ ਉਹ ਚੰਨ ਕੌਰ ਦੇ ਜਾਮੇ ਵਿਚ ਸੰਤੁਸ਼ਟ ਸੀ ਤਾਂ ਨੂਰਾਂ ਦੇ ਜਾਮੇ ਵਿੱਚ ਉਸ ਤੋਂ ਵੀ ਵਧ ਕੇ ਖ਼ੁਸ਼ ਸੀ। ਉਸ ਨੇ ਦੋ ਜਾਮੇ ਹੰਢਾ ਲਏ ਸਨ। ਹੁਣ ਉਹ ਹੋਰ ਬਦਲੀ ਦੇ ਹੱਕ ਵਿੱਚ ਨਹੀਂ ਸੀ। ਹੁਣ ਉਹ ਆਪਣੀ ਧਰਤੀ ਤੇ ਆਪਣੇ ਪਿੰਡ ਵਿੱਚ ਆਪਣੇ ਹੀ ਘਰ ਦੀ ਚਾਰਦੀਵਾਰੀ ਵਿਚਲੀ ਆਪਣੀ ਨਿੰਮ ਦੇ ਤਣੇ ਕੋਲ ਲੱਗੀ ਗੰਨੇ ਦੀ ਪੀੜ ਦੀ ਢੇਰੀ ਉੱਤੇ ਨੂਰਾਂ ਦਾ ਜਾਮਾ ਪਹਿਨ ਕੇ ਬੜੀ ਖ਼ੁਸ਼ੀ ਸੀ।

ਮਨ ਹੀ ਮਨ ਵਿੱਚ ਨੂਰਾਂ ਦਾ ਜਾਮਾ ਪਹਿਨਣ ਤੋਂ ਪਹਿਲਾਂ ਚੰਨ ਕੌਰ ਦਾ ਜਾਮਾ ਉਤਾਰਨ ਲੱਗੀ ਉਹ ਐਨ ਉਸ ਤਰ੍ਹਾਂ ਮਹਿਸੂਸ ਕਰ ਰਹੀ ਸੀ ਜਿਵੇਂ ਸਮਾਂ ਪਾ ਕੇ ਧਰਤੀ ਦਾ ਰਾਜਾ ਤੇ ਨਾਗ ਦੇਵਤਾ ਆਪਣੀ ਪਹਿਲਾਂ ਵਾਲੀ ਕੁੰਜ ਲਾਹ ਕੇ ਅੱਗੇ ਨੂੰ ਤੁਰ ਜਾਂਦਾ ਹੈ।

ਰਿਕਸ਼ੇ ਵਾਲੇ ਨੇ ਵੇਖਿਆ ਕਿ ਨੂਰਾਂ ਦੇ ਚਿਹਰੇ ਉੱਤੇ ਇਕ ਅਜਬ ਤਰ੍ਹਾਂ ਦਾ ਨੂਰ ਸੀ। ਉਸ ਦਾ ਅੱਖਾਂ ਮੀਚ ਕੇ ਨਿੰਮ ਦੇ ਤਣੇ ਨਾਲ ਢੋਅ ਲਾ ਕੇ ਬੈਠ ਚੁੱਕੀ ਨੂਰਾਂ ਨੂੰ ਬੁਲਾਉਣ ਦਾ ਹੌਸਲਾ ਨਹੀਂ ਸੀ ਪੈ ਰਿਹਾ।

****

## ਹਿੰਦੂ ਭਾਈਚਾਰੇ ਦੀ ਖ਼ਾਲਸਾ ਰਾਜ ਨੂੰ ਦੇਣ

ਦੀਵਾਨ ਸਾਵਨ ਮੱਲ ਦੇ ਪੁੱਤਰ ਦੀਵਾਨ ਮੂਲ ਰਾਜ ਨੂੰ ਪੰਜਾਬ ਦੀਆਂ ਫ਼ੌਜਾਂ ਦਾ ਆਖਰੀ ਲੜਾਕੂ ਜਰਨੈਲ ਦੱਸਿਆ ਹੈ ਜਿਸ ਨੇ ਅੰਗਰੇਜ਼ਾਂ ਨੂੰ ਢੁਕਵੀਂ ਲੜਾਈ ਦਿੱਤੀ ਸੀ। ਦੀਵਾਨ ਮੂਲ ਰਾਜ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਮੁੱਢਲਾ ਆਗੂ ਸੀ ਜਿਸ ਨੇ ਦੂਜੀ ਐਂਗਲੋ-ਸਿੱਖ ਜੰਗ ਨੂੰ ਸਭ ਤੋਂ ਮੂਹਰੇ ਹੋ ਕੇ ਲੜਿਆ ਪਰ ਮਹਾਰਾਜਾ ਦੀ ਮੌਤ ਤੋਂ ਬਾਅਦ ਇਹ ਦੋਵੇਂ ਪਿਓ-ਪੁੱਤ ਲਾਹੌਰ ਦਰਬਾਰ ਦੀ ਅੰਦਰਲੀ ਖਾਨਾਜੰਗੀ ਦੇ ਸ਼ਿਕਾਰ ਹੋਏ ਅਤੇ ਧਿਆਨ ਸਿੰਘ ਡੋਗਰਾ ਤੇ ਸੰਧਾਵਾਲੀਏ ਸਰਦਾਰਾਂ ਸਮੇਤ ਕਈਆਂ ਦੀ ਈਰਖਾ ਦਾ ਸ਼ਿਕਾਰ ਹੋਏ। ਦੀਵਾਨ ਸਾਵਨ ਮੱਲ ਦੀ ਮੌਤ ਤੋਂ ਬਾਅਦ ਜਵਾਹਰ ਸਿੰਘ ਤੇ ਲਾਲ ਸਿੰਘ ਤਾਂ ਖਾਸ ਤੌਰ 'ਤੇ ਦੀਵਾਨ ਮੂਲ ਰਾਜ ਤੋਂ ਖ਼ਾਰ ਖਾਂਦੇ ਸਨ ਕਿਉਂਕਿ ਉਹ ਇਕ ਸੰਪੰਨ ਖਿੱਤੇ 'ਤੇ ਕਾਬਜ਼ ਸੀ ਅਤੇ ਉਹ ਇਨ੍ਹਾਂ ਦੋਵਾਂ ਨੂੰ ਕਮਾਈ ਦਾ ਕੋਈ ਅੱਡ ਹਿੱਸਾ ਦੇਣ ਨੂੰ ਤਿਆਰ ਨਹੀਂ ਸੀ।

ਲਾਹੌਰ 'ਤੇ ਇੱਕ ਢੰਗ ਨਾਲ ਅੰਗਰੇਜ਼ਾਂ ਦਾ ਕਬਜ਼ਾ ਹੋਣ ਤੋਂ ਬਾਅਦ 1848 ਵਿੱਚ ਅੰਗਰੇਜ਼ ਅਫ਼ਸਰ ਫੈਡਰਿਕ ਕਿਊਰੀ ਨੇ ਸਾਰੇ ਸੂਬਿਆਂ ਦੇ ਟੈਕਸ ਵਧਾਉਣ ਦਾ ਫ਼ਰਮਾਨ ਦਿੱਤਾ ਜਿਸ ਨੂੰ ਦੀਵਾਨ ਮੂਲਰਾਜ ਨੇ ਇਹ ਕਹਿ ਕੇ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੀ ਵਫ਼ਾਦਾਰੀ ਮਹਾਰਾਜਾ ਰਣਜੀਤ ਸਿੰਘ ਦੇ ਪਰਿਵਾਰ ਨਾਲ ਹੈ ਨਾ ਕਿ ਕਿਸੇ ਕਠਪੁਤਲੀ ਸਰਕਾਰ ਨਾਲ। ਅੰਗਰੇਜ਼ਾਂ ਨੇ ਸਰਦਾਰ ਕਾਹਨ ਸਿੰਘ ਮਾਨ ਤੇ ਅੰਗਰੇਜ਼ ਅਫ਼ਸਰ ਪੈਟਰਿਕ ਵੈਨ ਦੇ ਰਾਹੀਂ ਦੀਵਾਨ ਮੂਲਰਾਜ ਨੂੰ ਸੁਨੇਹਾ ਲਾਇਆ ਕਿ ਮਹਾਰਾਜਾ ਦੇ ਪਰਿਵਾਰ ਤੇ ਵਫ਼ਾਦਾਰਾਂ ਦੀ ਸਹਿਮਤੀ ਉਸ ਫ਼ੈਸਲੇ ਨਾਲ ਹੈ ਪਰ ਦੀਵਾਨ ਮੂਲ ਰਾਜ ਅੰਗਰੇਜ਼ਾਂ ਦੇ ਹੱਥ ਲਾਹੌਰ ਦਰਬਾਰ ਦੀ ਕਮਾਨ ਨੂੰ ਮੰਨਣ ਤੋਂ ਮੁੱਢੋਂ ਇਨਕਾਰੀ ਸੀ। ਦੋ ਮਿਲਣੀਆਂ ਤੋਂ ਬਾਅਦ ਅੰਗਰੇਜ਼ਾਂ ਨੇ ਮੂਲਤਾਨ 'ਤੇ ਚੜ੍ਹਾਈ ਕਰ ਦਿੱਤੀ ਅਤੇ ਦੀਵਾਨ ਮੂਲਰਾਜ ਨੇ ਸ਼ਾਹੀ ਫੌਜਾਂ ਨੂੰ ਵਫ਼ਾਦਾਰੀ ਦੀ ਦੁਹਾਈ ਦੇ ਕੇ ਆਪਣੇ ਨਾਲ ਲੜਨ ਲਈ ਤਿਆਰ ਕੀਤਾ ਪਰ ਬਹੁਤ ਬਹਾਦਰੀ ਨਾਲ ਲੜਨ ਦੇ ਬਾਵਜੂਦ ਉਸ ਦੀ ਹਾਰ ਹੋਈ ਤੇ ਅਖ਼ੀਰ 1849 'ਚ ਅੰਗਰੇਜ਼ਾਂ ਨੇ ਮੁਲਤਾਨ ਜਿੱਤ ਲਿਆ। ਇਸ ਜੰਗ ਵਿੱਚ ਦੀਵਾਨ ਮੂਲ ਰਾਜ ਨੇ ਆਪਣੇ ਦੋ ਛੋਟੇ-ਛੋਟੇ ਬੱਚਿਆਂ ਸਮੇਤ ਪਰਿਵਾਰ ਦੀ ਵੀ ਕੁਰਬਾਨੀ ਦਿੱਤੀ।

ਪੰਡਤ ਮਹਾਂ ਸਿੰਘ ਮੀਰਪੁਰੀ ਵੀ ਪੰਜਾਬ ਰਾਜ ਦਾ ਇਕ ਮਹੱਤਵਪੂਰਨ ਥੰਮ੍ਹ ਸੀ ਜਿਸ ਨੂੰ ਕੁਝ ਇਤਿਹਾਸਕਾਰ ਜਰਨੈਲ ਹਰੀ ਸਿੰਘ ਨਲਵਾ ਦੀ ਪਰਛਾਈਂ ਵੀ ਕਹਿੰਦੇ ਹਨ। ਪੰਡਤ ਮਹਾਂ ਸਿੰਘ ਮੋਹਯਾਲ-ਸਾਰਸਵਤ ਬਾਹਮਣ ਦੇ ਬਾਲੀ ਗੋਤ ਦੇ ਪਰਿਵਾਰ 'ਚ ਪੈਦਾ ਹੋਇਆ ਸੀ। ਉਸ ਦੇ ਜਨਮ ਦੇ ਸਮੇਂ ਉਸ ਦਾ ਪਰਿਵਾਰ ਕਸ਼ਮੀਰ ਦੇ ਮੀਰਪੁਰ ਸ਼ਹਿਰ 'ਚ ਰਹਿੰਦਾ ਸੀ ਤੇ ਉਸ ਦੇ ਪਿਤਾ ਦਾਤਾ ਰਾਮ ਬਾਲੀ ਅਫ਼ਗਾਨ ਸਲਤਨਤ ਦੇ ਸੂਬੇਦਾਰ ਰਾਜਾ ਮੁਕਰਾਬ ਖਾਨ ਦੇ ਸਲਾਹਕਾਰ ਵਜੋਂ ਕੰਮ ਕਰਦੇ ਸਨ। ਮੁਕਰਾਬ ਖਾਨ ਗੱਖੜ ਕਬੀਲੇ ਦਾ ਸੀ ਜਿਸ ਦੀ ਰਿਆਸਤ ਹੇਠ ਗੁਜਰਾਤ, ਝੇਲਮ ਤੇ ਰਾਵਲਪਿੰਡੀ ਵਰਗੇ ਵੱਡੇ ਕਸਬੇ ਆਉਂਦੇ ਸਨ। ਉਸ ਇਲਾਕੇ ਚ ਗੱਖੜ ਤੇ ਗੁੱਜਰਾਂ 'ਚ ਹਮੇਸ਼ਾ ਟਕਰਾਅ ਰਹਿੰਦਾ ਸੀ ਤੇ ਇਸੇ ਟਕਰਾਅ ਕਰਕੇ ਇੱਕ ਵਾਰ ਦਾਤਾ ਰਾਮ ਨੂੰ ਮੁਕਰਾਬ ਖਾਨ ਦੇ ਦਰਬਾਰ ਵਿਚ ਇਕ ਗੁੱਜਰ ਸਰਦਾਰ ਵਲੋਂ ਜ਼ਲੀਲ ਕੀਤਾ ਗਿਆ ਤਾਂ ਮੁਕਰਾਬ ਨੇ ਆਪਣੇ ਬੰਦੇ ਦਾਤਾ ਰਾਮ ਦੀ ਥਾਂ ਗੁੱਜਰ ਸਰਦਾਰ ਦਾ ਪੱਖ ਪੂਰਿਆ ਤਾਂ ਜੋ ਉਸ ਦਾ ਧੜਾ ਨਰਾਜ਼ ਨਾ ਹੋ ਜਾਵੇ। ਇਸ ਤੋਂ ਨਰਾਜ਼ ਹੋ ਕੇ ਦਾਤਾ ਰਾਮ ਲਾਹੌਰ ਦਰਬਾਰ 'ਚ ਆ ਗਿਆ।

ਦਾਤਾ ਰਾਮ ਦਾ ਪੁੱਤਰ ਮਹਾਂ ਸਿੰਘ ਚੰਗਾ ਪਹਿਲਵਾਨ ਤੇ ਉਮਦਾ ਸ਼ਿਕਾਰੀ ਸੀ ਜਿਸ ਦੀ ਤਾਕਤ ਅਤੇ ਨਿਸ਼ਾਨੇਬਾਜ਼ੀ ਤੋਂ ਪ੍ਰਭਾਵਿਤ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਆਪਣੀ ਫ਼ੌਜ ਵਿੱਚ ਰੱਖ ਲਿਆ ਸੀ ਤੇ ਅੱਗੋਂ ਹਰੀ ਸਿੰਘ ਨਲਵਾ ਨੇ ਆਪਣੀ ਟੁਕੜੀ 'ਚ ਸ਼ਾਮਿਲ ਕਰ ਲਿਆ। ਪੰਡਿਤ ਮਹਾਂ ਸਿੰਘ ਨੇ ਹਰੀਪੁਰ, ਨੌਸ਼ਹਿਰਾ ਅਤੇ ਪਿਸ਼ਾਵਰ ਦੇ ਇਲਾਕੇ ਜਿੱਤੇ ਅਤੇ ਜਮਰੌਦ ਵਾਲੀ ਜੰਗ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਜਮਰੌਦ ਤੇ ਅਫ਼ਗਾਨਾਂ ਵੱਲੋਂ ਹੋਏ ਹਮਲੇ ਦੌਰਾਨ ਪੰਡਿਤ ਮਹਾਂ ਸਿੰਘ ਹਰੀ ਸਿੰਘ ਨਲਵਾ ਦੇ ਨਾਲ ਹੀ ਸੀ। ਨਲਵਾ ਦੇ ਮਰਨ ਤੋਂ ਬਾਅਦ ਮਹਾਂ ਸਿੰਘ ਨੇ ਹੀ ਮੋਰਚਾ ਸਾਂਭ ਰੱਖਿਆ ਸੀ ਤੇ ਜਿੰਨੀ ਦੇਰ ਫ਼ੌਜ ਦੀ ਨਵੀਂ ਟੁਕੜੀ ਕਿਲ੍ਹੇ 'ਚ ਨਹੀਂ ਸੀ ਪਹੁੰਚੀ ਉਸ ਨੇ ਜਰਨੈਲ ਬਾਬਾ ਹਰੀ ਸਿੰਘ ਨਲਵਾ ਦੀ ਮੌਤ ਦੀ ਖ਼ਬਰ ਨੂੰ ਬਾਹਰ ਨਹੀਂ ਜਾਣ ਦਿੱਤਾ ਸੀ। ਇਸ ਤੋਂ ਇਲਾਵਾ ਉਸ ਨੇ ਨੌਸ਼ੇਰਾ, ਮਲਕੰਦ, ਮਨਸ਼ੇਰਾ, ਮੁਜੱਫਰਾਬਾਦ ਵਰਗੇ ਇਲਾਕੇ ਜਿੱਥੇ ਮੁਸਲਮਾਨ ਕਬੀਲਿਆਂ ਦੀ ਗਿਣਤੀ ਜ਼ਿਆਦਾ ਸੀ ਤੇ ਅਫ਼ਗਾਨਾਂ ਦਾ ਪ੍ਰਭਾਵ ਵੀ ਬਹੁਤ ਸੀ ਉਸ ਇਲਾਕੇ ਨੂੰ 20-22 ਸਾਲ ਤੱਕ ਲਾਹੌਰ ਦਰਬਾਰ ਦੇ ਅਧੀਨ ਰੱਖਿਆ। ਇਸੇ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਉੱਤਰੀ ਪੰਜਾਬ ਇਲਾਕੇ ਦਾ ਸੂਬੇਦਾਰ ਐਲਾਨ ਦਿੱਤਾ ਸੀ ਤੇ ਨਾਮ ਅੱਗੇ ਰਾਜਾ ਲਗਾਉਣ ਦਾ ਹੱਕ ਦਿੱਤਾ ਸੀ ਜਿਸ ਕਰਕੇ ਕੁਝ ਦਸਤਾਵੇਜ਼ਾਂ ਵਿੱਚ ਪੰਡਿਤ ਮਹਾਂ ਸਿੰਘ ਨੂੰ ਰਾਜਾ ਮਹਾਂ ਸਿੰਘ ਵੀ ਕਿਹਾ ਗਿਆ ਹੈ।

***

## ਪੰਜਾਬੀ ਪਰਵਾਸੀਆਂ ਦੇ ਝੰਡੇ

ਮਗਰੋਂ ਧੀਰ ਜੀ ਨੇ ਇਸ ਘਟਨਾ ਨੂੰ ਲੈ ਕੇ ਕਹਾਣੀ ਵੀ ਲਿਖੀ।

ਇੰਨਾ ਹੀ ਨਹੀਂ, ਓਧਰ ਜੰਮੇ-ਪਲ਼ੇ ਬੱਚੇ ਮਾਪਿਆਂ ਦੇ ਇਧਰੋਂ ਗਏ ਹੋਏ ਜਾਂ ਉੱਧਰ ਵਸੇ ਹੋਏ ਪੰਜਾਬੀ ਰਿਸ਼ਤੇਦਾਰਾਂ ਨੂੰ ਮਿਲ ਕੇ ਵੀ ਕੋਈ ਅਪਣੱਤ ਮਹਿਸੂਸ ਨਹੀਂ ਕਰਦੇ। ਇੱਕ ਵਾਰ ਇੰਗਲੈਂਡ ਵਸੇ ਹੋਏ ਮੇਰੇ ਮਿੱਤਰ ਨੇ, ਜੋ ਪੰਜਾਬੀ ਦਾ ਮਸ਼ਹੂਰ ਲੇਖਕ ਸੀ, ਦੱਸਿਆ ਕਿ ਉਹਦੇ ਉੱਧਰ ਜੰਮੇ-ਪਲ਼ੇ ਦੋਵੇਂ ਪੁੱਤਰ ਉੱਚੀ ਪੜ੍ਹਾਈ ਕਰ ਕੇ ਆਪਣੇ ਕਿੱਤੇ ਵਿੱਚ ਚੰਗੇ ਸਫਲ ਸਨ। ਪੁੱਤਰ ਪਹਿਲੀ ਮੰਜ਼ਿਲ ਉੱਤੇ ਰਹਿੰਦੇ ਸਨ। ਵੱਡੇ ਡਰਾਇੰਗ ਰੂਮ ਦਾ ਜੋ ਦਰਵਾਜ਼ਾ ਉਹ ਵਰਤਦੇ ਸਨ, ਪੌੜੀਆਂ ਉਹਦੇ ਸਾਹਮਣੇ ਸਨ। ਸੋਫ਼ੇ ਦੂਜੇ ਪਾਸੇ ਸਨ। ਉਹਨਾਂ ਦੇ ਕਈ ਰਿਸ਼ਤੇਦਾਰ ਵੀ ਦੂਰ-ਨੇੜੇ ਰਹਿੰਦੇ ਸਨ। ਉਹ ਕਹਿੰਦਾ, ਜਦੋਂ ਕੋਈ ਪੁੱਤਰ ਬਾਹਰੋਂ ਆਉਂਦਾ ਹੈ ਤੇ ਸ਼ੀਸ਼ੇ ਵਿੱਚੋਂ ਕਿਸੇ ਰਿਸ਼ਤੇਦਾਰ ਨੂੰ ਬੈਠਾ ਦੇਖ ਲੈਂਦਾ ਹੈ, ਉਹ ਇੱਧਰ ਦੇਖੇ ਬਿਨਾਂ ਬਿੱਲੀ ਵਾਂਗ ਦੱਬੇ ਪੈਰੀਂ ਪੌੜੀਆਂ ਜਾ ਚੜ੍ਹਦਾ ਹੈ। ਮੈਂ ਉਹਨੂੰ ਦੋ-ਤਿੰਨ ਪੌੜੀਆਂ ਚੜ੍ਹਨ ਦਿੰਦਾ ਹਾਂ ਤੇ ਫੇਰ ਆਖਦਾ ਹਾਂ, ਬੇਟਾ, ਤੇਰੇ ਮਾਮਾ ਜੀ ਆਏ ਹੋਏ ਨੇ। ਉਹ ਹੜ੍ਹਕੇ ਨਾਲ ਧੌਣ ਮੋੜ ਕੇ ਆਖਦਾ ਹੈ, ਓ ਮਾਮਾ ਜੀ! – ਆ ਕੇ ਮਸ਼ੀਨੀ ਢੰਗ ਨਾਲ ਓਕੇ ਓਕੇ ਦਾ ਵਟਾਂਦਰਾ ਕਰਦਾ ਹੈ ਤੇ ਪੌੜੀ ਜਾ ਚੜ੍ਹਦਾ ਹੈ। ਇਸ ਲਈ ਪਰਦੇਸ਼ਾਂ ਵਿੱਚ ਉੱਚੇ ਝੂਲਦੇ ਝੰਡਿਆਂ ਦੀ ਕਲਪਨਾ ਕਰਦਿਆਂ ਪੰਜਾਬੀ ਅਤੇ ਪੰਜਾਬੀਅਤ ਦਾ ਉੱਜਲਾ ਭਵਿੱਖ ਚਿਤਵਣਾ ਮਨ ਨੂੰ ਝੂਠੀ ਤਸੱਲੀ ਦੇਣ ਵਾਲੀ ਗੱਲ ਹੈ। ਕਿਸੇ ਓਪਰੇ ਦੇਸ਼ ਵਿੱਚ ਪੰਜਾਬੀ-ਪੰਜਾਬੀ ਦਾ ਰਾਗ ਓਨਾ ਚਿਰ ਹੀ ਸੁਣੇਗਾ ਜਦੋਂ ਤਕ ਨਵੇਂ ਪੰਜਾਬੀ ਉੱਥੇ ਪਹੁੰਚਦੇ ਰਹਿਣਗੇ। ਕੁਦਰਤੀ ਹੈ ਕਿ ਕਿਸੇ ਵੀ ਦੇਸ਼ ਦਾ ਫਾਟਕ ਆਵਾਸੀਆਂ ਵਾਸਤੇ ਸਦਾ-ਸਦਾ ਲਈ ਖੁੱਲ੍ਹਾ ਨਹੀਂ ਰਹਿ ਸਕਦਾ। ਜਦੋਂ ਉਹਦਾ ਆਵਾਸੀਆਂ ਦੀ ਲੋੜ ਦਾ ਕਟੋਰਾ ਨੱਕੋ-ਨੱਕ ਭਰ ਗਿਆ, ਜੋ ਆਖ਼ਰ ਕਦੀ ਤਾਂ ਜ਼ਰੂਰ ਭਰੇਗਾ ਹੀ, ਉਹ ਫਾਟਕ ਬੰਦ ਕਰ ਕੇ ਅੰਦਰ ਜਿੰਦਾ ਲਾ ਲਵੇਗਾ। ਇਹਦੇ ਨਾਲ ਹੀ ਉਸ ਦੇਸ਼ ਵਿੱਚ ਪੰਜਾਬੀ ਤੇ ਪੰਜਾਬੀਅਤ ਦੇ ਲਗਾਤਾਰ ਪਤਲੇ ਪੈਂਦੇ ਜਾਣ ਦਾ ਕੁਦਰਤੀ ਅਮਲ ਸ਼ੁਰੂ ਹੋ ਜਾਵੇਗਾ। ਪੰਜਾਬੀ ਤੇ ਪੰਜਾਬੀਅਤ ਦੇ ਕੌਮਾਂਤਰੀ ਬਣ ਗਈ ਹੋਣ ਦਾ ਭਰਮ ਪਾਲਦੇ ਅਸੀਂ ਪੰਜਾਬ ਵਿੱਚ ਪੰਜਾਬੀ ਦੀ ਹਾਲਤ ਵੱਲ ਵੀ ਲੋੜੀਂਦੀ ਜਾਗਦੀ ਨਜ਼ਰ ਨਾਲ ਨਹੀਂ ਦੇਖ ਰਹੇ। ਇਹ ਗੱਲ ਅਸੀਂ ਜਿੰਨੀ ਛੇਤੀ ਸਮਝ ਲਵਾਂਗੇ, ਓਨਾ ਹੀ ਚੰਗਾ ਹੋਵੇਗਾ ਕਿ ਪੰਜਾਬੀ ਤੇ ਪੰਜਾਬੀਅਤ ਦਾ ਭਵਿੱਖ ਚਾਨਣਾ ਕਰਨ ਵਾਸਤੇ ਇਹਨਾਂ ਦਾ ਝੰਡਾ ਪੰਜਾਬ ਵਿੱਚ ਹੀ ਉੱਚਾ ਝੁਲਾਉਣਾ ਪਵੇਗਾ। ਸਾਡੀ ਭਾਸ਼ਾਈ-ਸੱਭਿਆਚਾਰਕ ਬਦਕਿਸਮਤੀ ਹੈ ਕਿ ਹੋ ਇਸ ਤੋਂ ਉਲਟ ਰਿਹਾ ਹੈ। ਖਾਸ ਕਰ ਕੇ ਪਿਛਲੇ ਪੱਚੀ-ਤੀਹ ਸਾਲਾਂ ਵਿੱਚ ਪੰਜਾਬ ਦੀਆਂ ਸਰਕਾਰਾਂ ਨੇ ਪੰਜਾਬੀ ਤੇ ਪੰਜਾਬੀਅਤ ਦਾ ਜੋ ਬੇੜਾ ਗ਼ਰਕ ਕੀਤਾ ਹੈ, ਵੱਡੀ ਲੋੜ ਉਹਨੂੰ ਉਸ ਨਿਘਾਰ ਵਿੱਚੋਂ ਕੱਢ ਕੇ ਤਰੱਕੀ ਦੇ ਰਾਹ ਉੱਤੇ ਪਾਉਣ ਦੀ ਹੈ। ਇਹ ਕਾਰਜ ਪੰਜਾਬੀ ਲੇਖਕਾਂ, ਪਾਠਕਾਂ, ਸੂਝਵਾਨ ਲੋਕਾਂ ਅਤੇ ਸਭ ਤੋਂ ਵਧ ਕੇ ਪੰਜਾਬ ਸਰਕਾਰ ਦੇ ਗੰਭੀਰ ਤੇ ਸੱਚੇ ਦਿਲ ਦੇ ਯਤਨ ਲੋੜਦਾ ਹੈ।

***

## ਖੇਡਾਂ ਦੇ ਖੇਤਰ 'ਚ ਭਾਰਤ ਦੀਆਂ

ਟੇਬਲ ਟੈਨਿਸ ਸਟਾਰ ਮਨਿਕਾ ਬੱਤਰਾ ਆਸਟਰੇਲੀਆ ਦੇ ਗੋਲਡ ਕੋਸਟ ਵਿੱਚ ਹੋਈਆਂ ਰਾਸ਼ਟਰਮੰਡਲ ਖੇਡਾਂ 2018 ਵਿੱਚ ਚਾਰ ਤਗਮੇ ਜਿੱਤ ਕੇ ਸਭ ਤੋਂ ਸਫਲ ਭਾਰਤੀ ਬਣ ਗਈ ਹੈ। ਭਾਰਤ ਇਸ ਐਡੀਸ਼ਨ ਵਿੱਚ 66 ਤਗ਼ਮਿਆਂ ਨਾਲ ਤੀਜੇ ਸਥਾਨ 'ਤੇ ਰਿਹਾ। ਭਾਰਤ ਨੇ 2010 ਵਿੱਚ ਦਿੱਲੀ ਵਿੱਚ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ। ਇਹ ਭਾਰਤ ਦੀਆਂ ਹੁਣ ਤੱਕ ਦੀਆਂ ਸਭ ਤੋਂ ਸਫਲ ਰਾਸ਼ਟਰਮੰਡਲ ਖੇਡਾਂ ਸਨ, ਜਿਸ ਵਿੱਚ ਭਾਰਤੀ ਅਥਲੀਟਾਂ ਨੇ 38 ਸੋਨ, 27 ਚਾਂਦੀ ਅਤੇ 36 ਕਾਂਸੀ ਦੇ ਤਗਮੇ ਜਿੱਤੇ ਸਨ। ਭਾਰਤ ਨੇ ਰਾਸ਼ਟਰਮੰਡਲ ਖੇਡਾਂ 2022 ਲਈ ਲਗਭਗ 215 ਐਥਲੀਟਾਂ ਦਾ ਦਲ ਬਰਮਿੰਘਮ ਭੇਜਿਆ ਸੀ। ਇਸ ਵਾਰ ਕੁਝ ਖੇਡਾਂ ਵਿੱਚ ਭਾਰਤ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ, ਜਦਕਿ ਕੁਝ ਖੇਡਾਂ ਵਿੱਚ ਨਿਰਾਸ਼ਾਜਨਕ ਰਿਹਾ ਅਤੇ ਕਈ ਖੇਡਾਂ ਵਿੱਚ ਉਹ ਥੋੜ੍ਹੇ ਫਰਕ ਨਾਲ ਸੋਨ ਤਗਮੇ ਤੋਂ ਖੁੰਝ ਗਿਆ। ਭਾਰਤ ਨੇ ਬਰਮਿੰਘਮ ਰਾਸ਼ਟਰਮੰਡਲ ਖੇਡਾਂ ਵਿੱਚ 22 ਸੋਨੇ, 16 ਚਾਂਦੀ ਅਤੇ 23 ਕਾਂਸੀ ਸਮੇਤ ਕੁੱਲ 61 ਤਗਮੇ ਜਿੱਤੇ ਅਤੇ ਚੌਥੇ ਸਥਾਨ 'ਤੇ ਰਿਹਾ। ਭਾਰਤ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਹੁਣ ਤੱਕ ਕੁੱਲ 203 ਸੋਨ, 190 ਚਾਂਦੀ ਅਤੇ 171 ਕਾਂਸੀ ਦੇ ਤਗਮੇ ਜਿੱਤੇ ਹਨ।

ਭਾਰਤ ਸਰਕਾਰ ਖੇਡਾਂ ਵਿੱਚ ਨੌਜਵਾਨ ਪ੍ਰਤਿਭਾਵਾਂ ਨੂੰ ਉਭਾਰਨ ਦੇ ਨਾਲ-ਨਾਲ ਭਾਰਤ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਹਰ ਸਾਲ 29 ਅਗਸਤ ਨੂੰ ਰਾਸ਼ਟਰਪਤੀ ਭਵਨ ਵਿਖੇ ਰਾਸ਼ਟਰੀ ਖੇਡ ਦਿਵਸ ਦਾ ਆਯੋਜਨ ਕਰਦੀ ਹੈ। ਨਾਲ ਹੀ, ਭਾਰਤ ਦੇ ਰਾਸ਼ਟਰਪਤੀ ਦੇਸ਼ ਦੇ ਉਨ੍ਹਾਂ ਖਿਡਾਰੀਆਂ ਨੂੰ ਰਾਸ਼ਟਰੀ ਖੇਡ ਪੁਰਸਕਾਰ ਦਿੰਦੇ ਹਨ, ਜਿਨ੍ਹਾਂ ਨੇ ਆਪਣੇ ਸ਼ਾਨਦਾਰ ਖੇਡ ਪ੍ਰਦਰਸ਼ਨ ਦੁਆਰਾ ਪੂਰੀ ਦੁਨੀਆਂ ਵਿੱਚ ਤਿਰੰਗੇ ਝੰਡੇ ਦਾ ਨਾਮ ਰੌਸ਼ਨ ਕੀਤਾ ਹੈ। ਰਾਸ਼ਟਰੀ ਖੇਡ ਪੁਰਸਕਾਰਾਂ ਦੇ ਤਹਿਤ ਖਿਡਾਰੀਆਂ ਨੂੰ ਅਰਜੁਨ ਪੁਰਸਕਾਰ, ਰਾਜੀਵ ਗਾਂਧੀ ਖੇਡ ਰਤਨ ਪੁਰਸਕਾਰ ਅਤੇ ਦਰੋਣਾਚਾਰੀਆ ਪੁਰਸਕਾਰ ਵਰਗੇ ਕਈ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।

***

## ਆਧੁਨਿਕ ਯੁੱਗ 'ਚ ਪੁਰਾਤਨ

ਹੋਣ ਵਾਲੀਆਂ ਸਭ ਤੋਂ ਦਿਲਚਸਪ ਪਰੰਪਰਾਗਤ ਭਾਰਤੀ ਖੇਡਾਂ ਵਿੱਚੋਂ ਇੱਕ, ਗੁੱਲੀ ਡੰਡਾ, ਇੱਕ ਸ਼ੁਕੀਨ ਖੇਡ ਹੈ ਜਿਸ ਦੀਆਂ ਜੜ੍ਹਾਂ 2,500 ਸਾਲ ਤੋਂ ਵੱਧ ਪੁਰਾਣੀਆਂ ਹਨ। ਭਾਰਤ ਦੀ ਇਸ ਪਰੰਪਰਾਗਤ ਖੇਡ ਲਈ ਦੋ ਡੰਡੇ ਚਾਹੀਦੇ ਹਨ। ਲੰਬੇ ਲੱਕੜ ਦੇ ਟੁਕੜੇ ਨੂੰ ਡੰਡਾ ਵਜੋਂ ਜਾਣਿਆ ਜਾਂਦਾ ਹੈ, ਜਦੋਂ ਕਿ ਛੋਟੇ, ਅੰਡਾਕਾਰ ਦੇ ਆਕਾਰ ਦੇ ਟੁਕੜੇ ਨੂੰ ਗਿੱਲੀ ਵਜੋਂ ਜਾਣਿਆ ਜਾਂਦਾ ਹੈ।।

### ਕੰਬਾਲਾ

ਕੰਬਾਲਾ ਨੂੰ ਕਈ ਵਾਰ ਮੱਝਾਂ ਦੀ ਦੌੜ ਵਜੋਂ ਵੀ ਜਾਣਿਆ ਜਾਂਦਾ ਹੈ। ਕਰਨਾਟਕ ਦਾ ਤੱਟਵਰਤੀ ਖੇਤਰ ਇਸ ਮੁਕਾਬਲੇ ਦੀ ਮੇਜ਼ਬਾਨੀ ਕਰਦਾ ਹੈ। ਇਸ ਮੁਕਾਬਲੇ ਵਿੱਚ ਮੱਝਾਂ ਦੇ ਦੋ ਜੋੜੇ ਭਿੜ ਰਹੇ ਹਨ। ਹਰੇਕ ਜੋੜੇ 'ਤੇ ਇਕ ਵਿਅਕਤੀ ਸਵਾਰੀ ਕਰਦਾ ਹੈ। ਇਸ ਗਤੀ ਵਿਧੀ ਵਿੱਚ ਸ਼ਾਮਲ ਮੱਝਾਂ ਨੂੰ ਚਿੱਕੜ ਵਾਲੇ ਝੋਨੇ ਦੇ ਖੇਤਾਂ ਵਿੱਚੋਂ ਦੀ ਤੇਜ਼ੀ ਨਾਲ ਦੌੜਨਾ ਪੈਂਦਾ ਹੈ। ਇਸ ਖੇਡ ਨੂੰ ਖੇਡਣ ਲਈ ਇਨਾਮ ਵਜੋਂ ਨਾਰੀਅਲ ਦਿੱਤਾ ਜਾਂਦਾ ਸੀ, ਹੁਣ ਸੋਨੇ ਜਾਂ ਚਾਂਦੀ ਦੇ ਸਿੱਕੇ ਜਾਂ ਸ਼ਾਇਦ ਨਕਦ ਇਨਾਮ ਵੀ ਇਨਾਮ ਵਜੋਂ ਵਰਤੇ ਜਾਂਦੇ ਹਨ।

***

## ਪੰਛੀਆਂ ਦੀ ਹੋਂਦ ਲਈ ਖ਼ਤਰਾ ਬਣੀ

ਇਹ ਸਿਰਫ਼ ਇੱਕ ਉਦਾਹਰਣ ਹੈ। ਇਸੇ ਤਰ੍ਹਾਂ ਚੰਬਲ ਨਦੀ ਦੇ ਪਾਣੀਆਂ ਵਿੱਚ ਚਤੁਰਾਈ ਨਾਲ ਸ਼ਿਕਾਰ ਕਰਨ ਵਾਲੇ ਅੰਡੇਮਾਨ ਦੇ ਗਲੇ ਜਾਂ ਹੰਸ ਜਾਂ ਹਿਮਾਲੀਅਨ ਪੰਛੀ, ਭਾਰਤੀ ਸਕਿਮਰ ਜਾਂ ਨਾਰਕੌਂਡਮ ਦੇ ਧਨੇਸ਼; ਇਹ ਸਾਰੇ ਪੰਛੀ ਸਮਾਜ ਵਿੱਚ ਫੈਲੇ ਭਰਮ-ਭੁਲੇਖਿਆਂ ਅਤੇ ਅੰਧ-ਵਿਸ਼ਵਾਸਾਂ ਕਾਰਨ ਸ਼ਿਕਾਰੀਆਂ ਵੱਲੋਂ ਮਾਰੇ ਜਾ ਰਹੇ ਹਨ। ਪਾਲਘਾਟ ਦੇ ਸੰਘਣੇ ਜੰਗਲਾਂ ਵਿਚ ਹਰ ਸੰਭਵ ਸਤ੍ਹਾ 'ਤੇ ਰਹਿਣ ਲਈ ਮਸ਼ਹੂਰ ਨੀਲਗਿਰੀ ਬਲੂ ਰੌਬਿਨ ਜਾਂ ਸ਼ੋਲਾਕਿਲੀ ਪੰਛੀ ਦੀ ਗਿਣਤੀ ਵਿੱਚ ਤੇਜ਼ੀ ਨਾਲ ਗਿਰਾਵਟ ਇਹ ਸਪੱਸ਼ਟ ਕਰਦੀ ਹੈ ਕਿ ਅਗਲੇ ਦਹਾਕਿਆਂ ਵਿੱਚ ਇਹ ਸਿਰਫ ਕਿਤਾਬਾਂ ਵਿੱਚ ਹੀ ਰਹਿ ਜਾਵੇਗਾ। ਬਦਲਦੇ ਮੌਸਮ ਕਾਰਨ ਜਿੱਥੇ ਇੱਕ ਪਾਸੇ ਠੰਢ ਦੇ ਦਿਨਾਂ ਵਿੱਚ ਆਉਣ ਵਾਲੇ ਪਰਵਾਸੀ ਪੰਛੀਆਂ ਦੀ ਗਿਣਤੀ ਸਾਲ-ਦਰ-ਸਾਲ ਘਟਦੀ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਵਧਦੀ ਗਰਮੀ ਕਾਰਨ ਕਈ ਪੰਛੀ ਨਮੀ ਵਾਲੀਆਂ ਥਾਵਾਂ ਵੱਲ ਪਲਾਇਨ ਕਰ ਰਹੇ ਹਨ। ਇਹ ਸਮਝਣਾ ਪਵੇਗਾ ਕਿ ਜਦੋਂ ਤੱਕ ਪੰਛੀ ਹਨ, ਇਹ ਧਰਤੀ ਮਨੁੱਖ ਦੇ ਰਹਿਣ ਲਈ ਯੋਗ ਹੈ-ਇਹ ਧਰਮ ਵੀ ਹੈ, ਦਰਸ਼ਨ ਵੀ ਹੈ ਅਤੇ ਵਿਗਿਆਨ ਵੀ ਹੈ।

***

## ਹੇਠਲੀਆਂ ਅਦਾਲਤਾਂ 'ਚ

ਸਰਕਾਰੀ ਦਫ਼ਤਰਾਂ ਨਾਲ ਜੁੜੇ ਸਾਰੇ ਰਿਕਾਰਡ ਨੂੰ ਆਨਲਾਈਨ ਕੀਤਾ ਜਾਵੇ। ਲੋਕ ਅਦਾਲਤਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪ੍ਰਚਾਰ ਕੀਤਾ ਜਾ ਰਿਹਾ ਹੈ ਪਰ ਨਿਆਂ ਪ੍ਰਣਾਲੀ ਦੀ ਮੁੱਢਲੀ ਕੜੀ 'ਪੰਚਾਇਤਾਂ' ਨੂੰ ਵੀ ਸਰਗਰਮ ਕਰਨ ਦੀ ਲੋੜ ਹੈ।

ਪਿੰਡਾਂ ਵਿੱਚ ਅਦਾਲਤਾਂ ਲਗਾਉਣਾ ਪੰਚਾਇਤੀ ਰਾਜ ਐਕਟ ਵਿੱਚ ਸ਼ਾਮਲ ਹੈ। ਪੰਚਾਇਤਾਂ ਨੂੰ ਪਿੰਡਾਂ 'ਚ ਅਦਾਲਤਾਂ ਲਗਾਉਣ ਦੀ ਵਿਧੀ ਤੋਂ ਜਾਣੂ ਕਰਵਾਉਣ ਦੀ ਲੋੜ ਹੈ। ਭਾਰਤ ਸਰਕਾਰ ਨੇ 'ਗਰਾਮ ਨਿਆਂਇਲਿਆ' ਸਕੀਮ ਸ਼ੁਰੂ ਕੀਤੀ ਹੈ ਜਿਸ ਦਾ ਬਹੁਤਾ ਪਸਾਰ ਨਹੀਂ ਹੋ ਸਕਿਆ। ਪੰਚਾਇਤਾਂ ਨੂੰ 'ਪੈਰਾ ਲੀਗਲ ਵਲੰਟੀਅਰਾਂ'/ ਸਰਕਾਰੀ ਵਕੀਲਾਂ ਦੀਆਂ ਸੇਵਾਵਾਂ 'ਪੰਚਾਇਤੀ ਅਦਾਲਤਾਂ' ਲਗਾਉਣ ਲਈ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।

ਸ਼ਹਿਰਾਂ ਵਿਚ ਨਗਰ ਨਿਗਮਾਂ, ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਨੂੰ ਇਹ ਕੰਮ ਸੌਂਪਿਆ ਜਾਣਾ ਚਾਹੀਦਾ ਹੈ। ਅਦਾਲਤਾਂ 'ਚ ਦਾਇਰ ਦੀਵਾਨੀ ਮਾਮਲਿਆਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਮੁਕੱਦਮੇ ਪੋਤਰਿਆਂ, ਪੜ-ਪੋਤਰਿਆਂ ਤੱਕ ਚਲੇ ਜਾਂਦੇ ਹਨ ਕਿਉਂਕਿ ਅਦਾਲਤਾਂ 'ਚ ਜਲਦੀ ਨਬੇੜਾ ਨਹੀਂ ਹੁੰਦਾ। ਅਦਾਲਤਾਂ 'ਚ ਕੁਝ ਮੁਕੱਦਮੇ ਅਜਿਹੇ ਆਉਂਦੇ ਹਨ ਜਿਨ੍ਹਾਂ ਦਾ ਨਿਪਟਾਰਾ ਸਬੰਧਿਤ ਵਕੀਲ ਹੀ ਨਹੀਂ ਹੋਣ ਦਿੰਦੇ, ਉਨ੍ਹਾਂ ਨੂੰ ਮੁਕੱਦਮੇ ਦੇ ਨਿਪਟਾਰੇ ਨਾਲੋਂ ਆਪਣੀ ਕਮਾਈ ਦਾ ਵੱਧ ਫ਼ਿਕਰ ਹੁੰਦਾ ਹੈ।

## ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ

ਦੇ ਪ੍ਰਧਾਨ ਅਮੀਰ ਸਿੰਘ ਸਮੇਤ ਨੇਸਪਾਕ (ਨੈਸ਼ਨਲ ਇੰਜੀਨੀਅਰਿੰਗ ਸਰਵਿਸਿਜ਼ ਪਾਕਿਸਤਾਨ), ਐੱਫ. ਡਬਲਿਊ. ਓ. (ਫ਼ਰੰਟੀਅਰ ਵਰਕਰਜ਼ ਐਸੋਸੀਏਸ਼ਨ) ਅਤੇ ਕਈ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੇ ਸ਼ਿਰਕਤ ਕੀਤੀ ਸੀ। ਹਾਲਾਂਕਿ, ਉਕਤ ਮਾਮਲੇ ਬਾਰੀ ਕੋਈ ਵੀ ਸਥਾਈ ਫ਼ੈਸਲਾ ਕਰਨ ਲਈ ਭਾਰਤੀ ਅਧਿਕਾਰੀਆਂ ਨੂੰ ਆਪਣੇ ਵਿਦੇਸ਼ ਮੰਤਰਾਲੇ ਦੀ ਮਨਜ਼ੂਰੀ ਲੈ ਕੇ ਭਾਰਤੀ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਆਪਣੇ ਵਿਸ਼ਵਾਸ ਵਿੱਚ ਲੈਣਾ ਹੋਵੇਗਾ। ਇਸ ਦੇ ਬਾਅਦ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਵੱਲੋਂ ਦਸਤਖ਼ਤ ਕਰਕੇ ਕੋਈ ਵੀ ਅਜਿਹਾ ਨਵਾਂ ਸਮਝੌਤਾ ਲਾਗੂ ਕੀਤਾ ਜਾਵੇਗਾ। ਉਕਤ ਦੇ ਇਲਾਵਾ ਕਰਤਾਰਪੁਰ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਦੁਆਰਾ ਗੁਰਦੁਆਰਾ ਕਰਤਾਰਪੁਰ ਜਾਣ ਵਾਲੇ ਯਾਤਰੀਆਂ ਦੀ ਸਹੂਲਤ ਲਈ ਟੂਰਿਸਟ ਚੈੱਕ ਪੁਆਇੰਟਾਂ ਨੂੰ ਘਟਾਉਣ, ਯਾਤਰਾ ਸੇਵਾ ਖ਼ਰਚ ਲਈ ਵਸੂਲੇ ਜਾ ਰਹੇ 20 ਡਾਲਰ ਬਾਰੇ ਸਥਿਤੀ ਸਪੱਸ਼ਟ ਕਰਨ, ਟੂਰਿਸਟ ਗਾਈਡਾਂ ਦੀ ਨਿਯੁਕਤੀ, ਸ਼ਟਲ ਸੇਵਾ, ਪੀ. ਐੱਮ. ਯੂ. ਦੀ ਕਾਰਗੁਜ਼ਾਰੀ ਸਮੀਖਿਆ ਅਤੇ ਸਟਾਫ਼ ਦੀ ਸਥਾਈ ਮੌਜੂਦਗੀ ਯਕੀਨੀ ਬਣਾਉਣ, ਵਿਧੀ ਅਨੁਸਾਰ ਗੁਰਦੁਆਰਾ ਕੰਪਲੈਕਸ ਦੇ ਡਿਜ਼ਾਈਨ ਵਿੱਚ ਸੋਧ, 36 ਸੀ. ਸੀ. ਟੀ. ਵੀ. ਚਿਹਰੇ ਦੀ ਪਛਾਣ ਕਰਨ ਵਾਲੇ ਕੈਮਰਿਆਂ ਦੀ ਸਥਾਪਨਾ ਆਦਿ ਬਾਰੇ ਵੀ ਵਿਚਾਰ ਕੀਤੀ ਜਾ ਰਹੀ ਹੈ।

***

## ਟਾਈਟਲਰ ਖ਼ਿਲਾਫ਼ ਪੁੱਲ

ਨਾਲ ਕੁਝ ਸ਼ਰਤਾਂ ਵੀ ਸਨ ਕਿ ਟਾਈਟਲਰ ਕੇਸ ਦੇ ਸਬੂਤਾਂ ਨਾਲ ਛੇੜ-ਛਾੜ ਨਹੀਂ ਕਰੇਗਾ ਅਤੇ ਦੇਸ਼ ਤੋਂ ਬਾਹਰ ਨਹੀਂ ਜਾਵੇਗਾ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਬਾਅਦ 1 ਨੰਬਰ 1984 ਨੂੰ ਪੁੱਲ ਬੰਗਸ਼ ਇਲਾਕੇ ਵਿੱਚ ਨਸਲਕੁਸ਼ੀ ਦੇ ਦੌਰਾਨ 3 ਲੋਕਾਂ ਦੀ ਮੌਤ ਹੋ ਗਈ ਸੀ, ਗੁਰਦੁਆਰੇ ਨੂੰ ਅੱਗ ਲੱਗਾ ਦਿੱਤੀ ਗਈ ਸੀ। ਇਸ ਮਾਮਲੇ ਵਿੱਚ ਗਵਾਹਾਂ ਨੇ ਦੱਸਿਆ ਕਿ ਲੋਕਾਂ ਨੂੰ ਭੜਕਾਉਣ ਵਾਲੀ ਭੀੜ ਦੀ ਅਗਵਾਈ ਜਗਦੀਸ਼ ਟਾਈਟਲਰ ਕਰ ਰਿਹਾ ਸੀ।

×××


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com